### ਧੰਨ ਗੁਰੂ ਨਾਨਕ ਸਾਹਿਬ ਜੀ

# ਪੀਉ ਦਾਦੇ ਕਾ ਖੋਲਿ ਡਿਠਾ ਖਜਾਨਾ ॥

### ਧੰਨ ਧੰਨ ਬਾਬਾ ਮਹਾਂਹਰਨਾਮ ਸਿੰਘ ਜੀ ਅਤੇ
### ਬਾਬਾ ਜੀ ਤੋਂ ਵਰੋਸਾਏ ਮਹਾਂਪੁਰਸ਼ਾਂ ਦੇ ਜੀਵਨ ਕਉਤਕ

**(ਭਾਗ ਤੇਰ੍ਹਵਾਂ)**



**ਧੰਨ ਗੁਰੂ ਨਾਨਕ ਸਾਹਿਬ ਜੀ**

"ਗੁਰੂ ਨਾਨਕ ਦਾ ਰੂਪ ਬਣਾਕੇ ਨਾਰਾਇਣ ਜੱਗ ਆਇਆ ਵੇਸ ਵਟਾਇਆ"
"ਮਾਇਆ ਤਿਸ ਦੇ ਨੇੜ ਨ ਆਵੇ ਨਿਰੰਕਾਰ ਦਾ ਸਾਇਆ ਸਚੇ ਭਾਇਆ"

**ਅਸੀਸਾਂ**

**ਬਾਬਾ ਖੇਮ ਸਿੰਘ ਜੀ**

**ਪ੍ਰਕਾਸ਼ਕ**

**ਬਾਬਾ ਸੁਖਦੇਵ ਸਿੰਘ ਜੀ**

*ਮੌਜੂਦਾ ਮਹਾਂਪੁਰਸ਼*

ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾਂ, ਬਠਿੰਡਾ।
ਫੋਨ : 0164-2741811, 09216513139

ਸਭ ਹੱਕ ਲੇਖਕ ਦੇ ਰਾਖਵੇਂ ਹਨ।

---

**ਪਹਿਲੀ ਵਾਰ :** 2011

**ਅਸੀਸਾਂ**
**ਬਾਬਾ ਖੇਮ ਸਿੰਘ ਜੀ**

**ਪ੍ਰਕਾਸ਼ਕ**
**ਬਾਬਾ ਸੁਖਦੇਵ ਸਿੰਘ ਜੀ**
*ਮੌਜੂਦਾ ਮਹਾਂਪੁਰਸ਼*
ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾਂ, ਬਠਿੰਡਾ।
ਫੋਨ : 0164-2741811, 09216513139

*ਛਾਪਕ :*
**ਪ੍ਰਿੰਟਵੈੱਲ**
146, ਇੰਡੀਸਟ੍ਰੀਅਲ ਫੋਕਲ ਪੁਆਇੰਟ,
ਅੰਮ੍ਰਿਤਸਰ

# ਤਤਕਰਾ


| | |
|---|---|
| ਭੂਮਿਕਾ | 5 |
| ਇਕਿ ਸਾਧ ਬਚਨ ਅਟਲਾਧਾ॥ | 9 |
| ਸਚੁ ਸੁਣਾਇਸੀ ਸਚੁ ਕੀ ਬੇਲਾ ॥ | 11 |
| ਹਰਿ ਭਗਤਾ ਦੇਇ ਵਡਿਆਈ ਗਰੀਬ ਅਨਾਥਿਆ ॥ | 16 |
| ਬਾਬਾ ਜੀ ਮਹਾਰਾਜ ਨੂੰ ਰੂੰਮੀ ਵਾਲੇ ਕਿਉਂ ਆਖਦੇ ਸਨ | 19 |
| ਮਹਾ ਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ॥ | 20 |
| ਖਿਲਾਫੇ ਗਏ ਸੁਲਤਾਂ ਗਏ ਜੁਸਤਨ॥ | 22 |
| ਮਨਮੁਖਾਂ ਨੋ ਪਰਤੀਤਿ ਨ ਆਵੀ ਅੰਤਰਿ ਲੋਭ ਸੁਆਉ॥ | 23 |
| ਛੋਡਿ ਸਿਆਨਪ ਬਹੁ ਚਤੁਰਾਈ ਦੁਇ ਕਰ ਜੋੜਿ ਸਾਧ ਮਗਿ ਚਲ॥ | 25 |
| ਹੁਕਮੁ ਨ ਬੂਝੈ ਆਵਣ ਜਾਣੈ॥ | 26 |
| ਹਰਿ ਜੀਉ ਸੋਈ ਕਰਹਿ ਜਿ ਭਗਤ ਤੇਰੇ ਜਾਚਹਿ ਏਹੁ ਤੇਰਾ ਬਿਰ ਦੁ॥ | 29 |
| ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥ | 30 |
| ਹਉ ਬਿਗੜੈ ਰੂਪਿ ਰਹਾ ਬਿਕਰਾਲ | 32 |
| ਹੋਣਹਾਰ ਟਾਲੇ ਸੰਤ ਮੂਏ ਕੋ ਜਿਵਾਲੇ ਸੰਤ॥ | 33 |
| ਮਨ ਕੀ ਮਤਿ ਤਿਆਗਹੁ ਹਰਿ ਜਨ | 35 |
| ਹੁਕਮੁ ਨ ਜਾਣੈ ਬਹੁਤਾ ਰੋਵੈ | 39 |
| ਬਾਹ ਪਕਰਿ ਕਢਿ ਲੀਨੇ ਅਪੁਨੇ | 42 |
| ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥ | 44 |
| ਟਿੱਕਾ ਸਾਹਿਬ ਰਾਜਾ ਬਲ ਹੈ | 46 |
| ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ | 48 |
| ਅਪਵਿੱਤਰ ਰੂਹ ਦੀ ਸੁਪਨੇ ਅੰਦਰ ਝਲਕ | 50 |
| ਹਰਿ ਕੇ ਚਰਨ ਜਪਿ ਜਾਉ ਕੁਰਬਾਨੁ॥ | 51 |
| ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥ | 52 |

| | |
|---|---|
| ਕਰਹੁ ਕ੍ਰਿਪਾ ਭ੍ਰਮ ਚੂਕਈ ਮੈ ਸੁਮਤਿ ਦੇਹੁ ਸਮਝਾਇ ॥ | 55 |
| ਸਾਧੂ ਸੰਗਿ ਸਿਖਾਇਓ ਨਾਮੁ ॥ ਸਰਬ ਮਨੋਰਥ ਪੂਰਨ ਕਾਮ ॥ | 56 |
| ਸੁਭ ਕਰਮਨ ਤੇ ਕਬਹੂੰ ਨ ਟਰੋਂ | 62 |
| ਸਭ ਕਿਛੁ ਜਾਣੈ ਸਿਰਜਣਹਾਰੁ | 74 |
| ਨੈਂ ਲੰਘੀ ਖਵਾਜਾ ਬਿਸਰਿਆ | 75 |
| ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥ | 78 |
| ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ | 83 |
| ਮਨ ਰੇ ਹੁਕਮੁ ਮੰਨਿ ਸੁਖੁ ਹੋਇ ॥ | 85 |
| ਕਰਿ ਸੇਵਾ ਪਾਰਬ੍ਰਹਮ ਗੁਰ, ਭੁਖ ਰਹੈ ਨ ਕਾਈ ॥ | 88 |
| ਮਹਾਂਪੁਰਖਾਂ ਦੀ ਰਸਨਾ ਤੋਂ ਨਿਕਲੇ ਬੋਲ ਪਾਰਸ਼ ਹੁੰਦੇ ਨੇ ਸਰੀਰ ਨਹੀਂ | 92 |


***

# ਭੂਮਿਕਾ

ਮਨੁੱਖ ਦੀ ਦੁਨੀਆਂ ਵਿਚ ਯੁੱਗ ਬਦਲਣ ਦੀ ਪ੍ਰਕ੍ਰਿਆ ਆਦਿ ਤੋਂ ਹੀ ਚਲਦੀ ਆ ਰਹੀ ਹੈ। ਪਸ਼ੂ ਪੰਛੀਆਂ ਦੀ ਦੁਨੀਆਂ ਵਿਚ ਯੁੱਗ ਨਹੀਂ ਬਦਲਦਾ ਸਤਿਯੁਗ, ਤਰੇਤਾ, ਦੁਆਪਰ ਦੇ ਅਵਤਾਰਾਂ ਤੋਂ ਬਾਅਦ ਕਲਯੁਗ ਦੇ ਅਵਤਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁੱਢ ਵਿੱਚ ਜਪੁਜੀ ਸਾਹਿਬ ਦੇ ਸ਼ੁਰੂ ਕਰਨ ਤੋਂ ਪਹਿਲਾਂ ਮੂਲ ਮੰਤਰ ਮੰਗਲ ਚਰਨ ਵਿੱਚ ਸਪੱਸ਼ਟ ਸੰਕੇਤ ਰੋਸਨਾਇਆ ਹੈ। ਕਿ ਪ੍ਰਮੇਸ਼ਰ ਦਾ ਕੋਈ ਰੂਪ ਨਹੀਂ, ਰੰਗ ਨਹੀ, ਅਕਾਰ ਨਹੀਂ, ਉਹ ਆਪਣੇ ਆਪ ਤੋਂ ਉਪਜਿਆ ਹੈ ਤੇ ਕਾਲ ਤੋਂ ਰਹਿਤ, ਜੂਨਾਂ ਵਿਚ ਨਹੀਂ ਆਉਂਦਾ, ਸਭ ਦੀ ਸਾਜਨਾ ਕਰਨ ਵਾਲਾ ਉਹ ਖੁਦ ਸਿਰਜਨਹਾਰ ਆਪਣੀ ਸਿਰਜੀ ਹੋਈ ਖਲਕਤ ਵਿਚ ਆਪ ਬਿਰਾਜਮਾਨ ਹਰ ਮਨੁੱਖ, ਪਸ਼ੂ, ਪੰਛੀ, ਬਨਸਪਤੀ ਜਰਰੇ ਜਰਰੇ ਵਿਚ ਮੌਜੂਦ ਪ੍ਰਗਟ ਹੁੰਦਾ ਹੈ। ਮਨੁੱਖਤਾ ਦੇ ਭਲੇ ਲਈ, ਇਨਸਾਨ ਨੂੰ ਇਨਸਾਨੀਅਤ ਦਾ ਮਾਰਗ ਦਰਸਾਉਣ ਲਈ ਸਭ ਤੋਂ ਸ੍ਰੇਸ਼ਟ ਮਨੁੱਖ ਜੂਨੀ ਵਿਚ ਪ੍ਰਮਾਤਮਾ ਨੇ ਅਵਤਾਰੀ ਰੂਪ ਬਣਾਇਆ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਹਿਰਾਵੇ ਅੰਦਰ ਜਿਨ੍ਹਾਂ ਕੂੜ, ਵਹਿਮਾ ਭਰਮਾਂ, ਪਖੰਡਾ, ਫਿਰਕਾਪ੍ਰਸਤੀ ਦੀ ਦਲਦਲ ਵਿਚ ਸਿਸਕੀਆ ਲੈਂਦੀ ਮਨੁੱਖਤਾ ਨੂੰ ਬਾਹਰ ਕੱਢਣ ਲਈ ਧੁਰ ਕੀ ਬਾਣੀ ਦਾ ਬਾਣ ਮਾਰਿਆ। ਸਰੀਰ ਰੂਪੀ ਚੋਲਾ ਦਸ ਗਰੂਆਂ ਦੇ ਰੂਪ ਵਿਚ ਬਦਲਦੇ ਹੋਏ ਦਸਵੇ ਜਾਮੇ ਵਿੱਚ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਬਖਸ਼ੀ। ਅਚਲ ਵਟਾਲੇ ਅਜਿਤੇ ਰੰਧਾਵੇ ਦੀ ਗੋਸਟ ਦੁਆਰਾ ਸੰਤ ਮਹਾਤਮਾ ਦੇ ਰੂਪ ਵਿਚ ਵਾਰੀ ਵਾਰੀ ਲੋੜ ਪੈਣ ਤੇ ਕਈ ਤਰ੍ਹਾਂ ਦੇ ਭੇਸ ਵਟਾ ਕੇ ਧਰਤੀ ਉਤੇ ਪਵਿੱਤਰ ਚਰਨਾਂ ਦੀ ਛਾਪ ਛੱਡ ਰਹੇ ਹਨ। ਇਸੇ ਤਰ੍ਹਾਂ ਹੀ ਛਾਪ ਛੱਡੀ ਸੰਤ ਬਾਬਾ ਮਹਾਂਹਰਨਾਮ ਸਿੰਘ ਜੀ (ਰੂੰਮੀ ਵਾਲੇ ਭੁਚੋ ਕਲਾਂ) ਵਾਲਿਆਂ ਨੇ ਪ੍ਰਮੇਸ਼ਰ ਮੂਰਤ ਕਾਇਆ ਮਨੁੱਖੀ ਸਰੀਰ ਵਿਚ ਪ੍ਰਵੇਸ਼ ਹੋ ਕੇ। ਜਿਸ ਦੀ ਮਿਸਾਲ ਪ੍ਰਤੱਖ ਕੌਤਕ ਜੋ ਸਮੇਂ ਦੀ ਲੋੜ ਦੇ ਅਨੁਸਾਰ ਬਾਬਾ ਜੀ ਵੱਲੋ ਵਰਤਾਏ ਉਸ ਸਮੇਂ ਦੇ ਮੌਕੇ ਉਤੇ ਮੌਜੂਦ ਲਿਖਾਰੀ ਮੁਨਸ਼ੀ ਹਰਦਿੱਤ ਸਿੰਘ ਜੀ ਜੋ ਉਸ ਸਮੇਂ ਕਾਫੀ ਪੜੇ ਲਿਖੇ ਵਿਅਕਤੀ ਸਨ। ਅਤੇ ਮਹਾਰਾਜਾ ਪਟਿਆਲਾ ਸ: ਭੁਪਿੰਦਰ ਸਿੰਘ ਜੀ ਵੱਲੋਂ ਇਥੇ ਬਾਬਾ ਜੀ

ਮਹਾਰਾਜ ਦੇ ਕੌਤਕ ਦੇਖ ਕੇ ਲਿਖਣ ਲਈ ਬਿਰਾਜਮਾਨ ਕੀਤੇ ਹੋਏ ਸਨ ਅਤੇ ਹੋਰ ਕਈ ਤਰ੍ਹਾਂ ਦੀਆਂ ਲਿਖਤਾਂ ਦੀ ਸੇਵਾ ਨਿਭਾਉਂਦੇ ਸਨ।

ਪਾਠਕ ਇਸ ਤੋਂ ਪਹਿਲਾ ਬਾਰਾਂ ਹਿੱਸੇ ਬਾਬਾ ਮਹਾਂਹਰਨਾਮ ਸਿੰਘ ਜੀ ਦੇ ਜੀਵਨ ਬਾਰੇ ਅਤੇ ਕੌਤਕ ਪੜ ਚੁਕੇ ਹਨ। ਪਹਿਲੇ ਬਾਰਾਂ ਹਿੱਸਿਆ ਵਿਚ ਬਾਬਾ ਜੀ ਮਹਾਰਾਜ ਦੇ ਸਮਕਾਲੀ ਪਿੰਡ ਭੁਚੋ ਕਲਾਂ ਦੇ ਸੇਵਾਦਾਰ ਅਤੇ ਬਾਹਰਲੇ ਸੇਵਾਦਾਰਾਂ ਸੰਗੀਆਂ ਦੀ ਜਬਾਨੀ ਸੁਣਾਏ ਹੋਏ ਕੋਤਕ ਪ੍ਰਕਾਸ਼ਤ ਕੀਤੇ ਗਏ ਸਨ। ਹੁਣ ਜੋ ਬਾਬਾ ਜੀ ਦੇ ਦਰਗਾਹੀ ਖਜਾਨਿਆ ਵਿਚੋਂ 'ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ' ਪੁਰਾਤਨ ਇਤਿਹਾਸ ਨੂੰ ਆਪ ਜੀ ਦੀ ਸੇਵਾ ਵਿਚ ਰੂਬਰੂ ਕੀਤਾ ਜਾ ਰਿਹਾ ਹੈ। ਜਿਸ ਵਿੱਚ ਧੰਨ ਧੰਨ ਬਾਬਾ ਮਹਾਂਹਰਨਾਮ ਸਿੰਘ ਜੀ ਦੇ ਜੀਵਨ ਕੋਤਕ ਅਤੇ ਬਾਬਾ ਜੀ ਦੇ ਗੱਦੀ ਨਸੀਨ ਮਹਾਂਪੁਰਖਾਂ ਦੇ ਕੋਤਕ ਦਰਜ ਹਨ ਅਤੇ ਬਾਬਾ ਜੀ ਤੋਂ ਵਰੋਸਾਏ ਮਹਾਂਪੁਰਸ਼ਾਂ ਦੇ ਕੋਤਕ ਵੀ ਦਰਜ ਹਨ। ਇਸ ਨੂੰ ਉਸ ਸਮੇਂ ਦੇ ਬਾਬਾ ਜੀ ਪਾਸ ਹਰ ਵੇਲੇ ਰਹਿਣ ਵਾਲੇ ਮੁਨਸ਼ੀ ਹਰਦਿੱਤ ਸਿੰਘ ਜੀ ਦੀਆਂ ਨਿਕਲੀਆਂ 100 ਸਾਲ ਪੁਰਾਣੀਆਂ ਲਿਖਤਾ ਦੇ ਅਧਾਰਤ ਪ੍ਰਕਾਸ਼ਤ ਕੀਤਾ ਗਿਆ ਹੈ। ਬਾਬਾ ਜੀ ਸਮੇਂ ਦੀਆਂ ਲਿਖਤਾਂ ਅਤੇ ਗ੍ਰੰਥ ਜੋ ਕਿ ਭੁਚੋਂ ਕਲਾਂ ਡੇਰਾ ਰੂਮੀ ਵਾਲਾ ਦੇ ਇਕ ਚੁਬਾਰੇ ਵਿਚ ਪ੍ਰਕਾਸ਼ਵਾਨ ਸਨ। ਇਨ੍ਹਾਂ ਲਿਖਤਾਂ ਨੂੰ ਬਾਬਾ ਜੀ ਤੋਂ ਬਾਦ ਤਿੰਨ ਮਹਾਂਪੁਰਸ਼ਾਂ ਨੂੰ ਹੇਠਾ ਉਤਾਰ ਕੇ ਖੋਲਣ ਦਾ ਹੁਕਮ ਨਹੀਂ ਹੋਇਆ। ਇਕ ਵਾਰ ਦਾਸ, ਬਾਬਾ ਰਤਨ ਸਿੰਘ ਮਲੂਕਾ ਅਤੇ ਗੁਰਦੇਵ ਸਿੰਘ ਨੇ ਬਾਬਾ ਖੇਮ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਮਹਾਰਾਜ! ਚੁਬਾਰੇ ਉਪਰ ਜੋ ਇਤਿਹਾਸ ਪਿਆ ਹੈ ਉਹ ਹੇਠਾਂ ਲਾਹ ਕੇ ਦੇ ਦਿਓ।

ਬਾਬਾ ਖੇਮ ਸਿੰਘ ਜੀ ਨੇ ਬਚਨ ਕੀਤਾ ਰਤਨ ਸਿੰਘ ਕਈ ਵਾਰ ਤਕੱਦਰ ਕੀਤਾ ਹੈ ਹੁਕਮ ਨਹੀਂ ਹੋਇਆ। ਚੁਬਾਰੇ ਦੀਆਂ ਪੌੜੀਆਂ ਦੇ ਅੱਧ ਵਿਚੋਂ ਮੋੜ ਦਿੰਦੇ ਹਨ।

ਹੁਕਮ ਮਿਲਿਆ ਮੌਜੂਦਾ ਮਹਾਂਪੁਰਸ਼ ਬਾਬਾ ਸੁਖਦੇਵ ਸਿੰਘ ਜੀ ਨੂੰ ਜਿਨ੍ਹਾਂ ਨੇ ਬਹੁਤ ਹੀ ਅਮੋਲਕ ਬਚਨਾਂ, ਭਵਿੱਖ ਬਾਣੀਆਂ, ਕੀਮਤੀ ਦੇਹ ਅਰੋਗਤਾ ਨੁਕਸਿਆ ਦੇ ਗ੍ਰੰਥ, ਮੁਨਸ਼ੀ ਜੀ ਦੀਆਂ ਉਰਦੂ ਪੰਜਾਬੀ, ਹਿੰਦੀ ਇੰਗਲਿਸ਼ ਦੀਆਂ ਲਿਖਤਾਂ, ਮੁਕਤ ਮਾਰਗ, ਹੋਰ ਅਨੇਕ ਪਵਿੱਤਰ ਗ੍ਰੰਥ ਚੁਬਾਰੇ ਵਿਚੋਂ ਉਤਾਰ ਕੇ ਸ਼ਰਧਾਲੂਆ ਦੀ ਸੇਵਾ ਵਿਚ ਬਾਬਾ ਮਹਾਂਹਰਨਾਮ ਸਿੰਘ ਜੀ ਦੇ ਕੌਤਕ, ਪਵਿੱਤਰ ਬਚਨ ਛਪਵਾ ਕੇ ਪੇਸ਼ ਕੀਤੇ ਹਨ।

ਮਹਾਂਪੁਰਖ ਬਾਬਾ ਜੀ ਨੇ ਮੁਨਸ਼ੀ ਜੀ ਨੂੰ ਆਪਦੇ ਪਿਛੋਕੜ ਜਨਮ

ਬਾਰੇ ਸਪਸ਼ਟ ਤੌਰ ਤੇ ਦੱਸਿਆ ਤੇ ਹੁਣ ਇਹ ਕੰਗਲਾ ਜੀਵਨ ਕਿਸੇ ਕਾਰਜ ਕਰਨ ਲਈ ਜੀਉਣ ਆਏ ਹਾਂ, ਕਾਰਜ ਹੋਇਆ ਤਾਂ ਉਂਡਤਰ ਹੋ ਜਾਵਾਂਗੇ। ਇਹ ਪ੍ਰਵਾਨ ਬਾਰੇ ਤੁਸੀਂ ਸਾਖੀਆਂ ਵਿਚ ਪੜ੍ਹੋਗੇ। ਦੂਜਾ ਸੰਗਤਾਂ ਪ੍ਰਤੀ ਬੇਨਤੀ ਹੈ ਕਿ ਇਹਨਾਂ ਸਾਖੀਆਂ ਵਿਚ ਜਿਥੇ ਚਾਚੀ ਜੀ ਲਫਜ ਵਰਤਿਆ ਗਿਆ ਹੈ ਜੋ ਬਾਬਾ ਜੀ ਮਹਾਰਾਜ ਨੇ ਮਹਾਰਾਜ ਭੁਪਿੰਦਰ ਸਿੰਘ ਦੀ ਚਾਚੀ ਨੂੰ ਮੁਖਾਤਬ ਕੀਤਾ ਹੈ। ਜੋ ਟਿੱਕਾ ਸਾਹਿਬ ਲਫ਼ਜ ਵਰਤਿਆ ਹੈ ਉਹ ਬਚਨ ਰਾਜੇ ਦੇ ਪੁੱਤਰ ਪ੍ਰਤੀ ਮੁਖਾਤਬ ਹੈ।

ਇਹ ਸਾਰਾ ਪੁਰਾਤਨ ਇਤਿਹਾਸ, ਪੁਰਾਤਨ ਪਰਬਚਨ ਭਵਿੱਖ ਬਾਣੀਆਂ, ਬਾਬਾ ਸੁਖਦੇਵ ਸਿੰਘ ਜੀ ਮੌਜੂਦਾ ਮਹਾਂਪੁਰਖਾਂ ਦੇ ਉਦਮ ਸਦਕਾ ਸ਼ਰਧਾਲੂਆਂ ਦੀ ਕਚਿਹਰੀ ਵਿਚ ਦਾਖਲ ਕੀਤਾ ਜਾ ਰਿਹਾ ਹੈ। ਮੌਜੂਦਾ ਮਹਾਂਪੁਰਖਾਂ ਨੂੰ ਬਚਪਨ ਵਿਚ ਹੀ ਨਾਮ ਬਾਣੀ ਦੇ ਲਗਨ ਅਤੇ ਮਹਾਂਪੁਰਸ਼ਾਂ ਦੀ ਸੇਵਾ, ਗੁਰ ਅਸਥਾਨਾਂ ਦੀ ਸੇਵਾ ਕਰਾਉਣ ਦੀ ਚੇਤਨਾ ਬਾਬਾ ਕੁੰਦਨ ਸਿੰਘ ਜੀ ਤੋਂ ਬਾਬਾ ਖੇਮ ਸਿੰਘ ਜੀ ਤੋਂ ਮਿਲੀ ਸੀ। ਬਾਬਾ ਖੇਮ ਸਿੰਘ ਜੀ ਨੇ ਆਪ ਜੀ ਦੀ ਬਹੁਤ ਕਰੜੀ ਪ੍ਰੀਖਿਆ ਲਈ, ਪਰ ਆਪ ਹਰ ਕਸਵੱਟੀ ਤੇ ਖਰੇ ਉਤਰਦੇ ਰਹੇ। ਬਾਬਾ ਜੀ ਦਾ ਪੂਰਨ ਵਿਸ਼ਵਾਸ਼ ਜਿੱਤ ਕੇ ਪਾਤਰਤਾ ਦਾ ਭਾਂਡਾ ਅਥਾਹ ਸਮੁੰਦਰ ਦੀ ਨਿਆਈ ਬਣਾ ਕੇ ਅੱਜ ਦਰਗਾਹੀ ਹੁਕਮ ਨਾਲ ਪੰਚਾਇਤਾਂ, ਇਲਾਕੇ ਦੀਆਂ ਸੰਗਤਾਂ ਅਤੇ ਨਿਰਮਲਾ ਪੰਚਾਇਤੀ ਅਖਾੜਾ ਕਨਖਲ ਹਰਦੁਆਰ ਵੱਲੋ ਬਖਸ਼ੀ ਡੇਰਾ ਰੂੰਮੀ ਵਾਲਾ ਭੁਚੋ ਕਲਾਂ ਦੀ ਸੇਵਾ ਬਾਖੂਬੀ ਨਿਭਾਅ ਰਹੇ ਹਨ। ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ ਸ਼ਰਧਾਲੂਆਂ ਦੇ ਸਾਹਮਣੇ ਹੈ। ਪ੍ਰਮਾਤਮਾ ਇਨ੍ਹਾਂ ਨੂੰ ਲੰਮੀ ਆਰਜਾ ਬਖਸ਼ੇ, ਦੇਹ ਅਰੋਗਤਾ ਬਖਸ਼ੇ ਤਾਂ ਇਕ ਇਨ੍ਹਾਂ ਦੀ ਮੇਹਰ ਦ੍ਰਿਸ਼ਟੀ, ਪਵਿੱਤਰ ਰਹਿਮਤ ਦੀ ਛਤਰ ਛਾਇਆ ਸੰਗਤ ਉਪਰ ਕਿਰਪਾਲਤਾ ਕਰਦੀ ਰਹੇ। ਡੇਰਾ ਅਤੇ ਇਸ ਦੇ ਨਾਲ ਸਬੰਧਤ ਅਸਥਾਨ ਅਤੇ ਇਲਾਕਾ ਦਿਨ ਦੁਗਣੀ ਰਾਤ ਚੋਗਣੀ ਤਰੱਕੀ ਕਰੇ। ਇਲਾਕਾ ਇਨ੍ਹਾਂ ਦੀ ਸਰਪ੍ਰਸਤੀ ਹੇਠ ਸੁਖ ਸ਼ਾਂਤੀ, ਨਿਰਮਲਤਾ, ਸ਼ੁਭ ਉਪਦੇਸ਼ਾਂ ਦੀ ਬਰਖਾ ਦਾ ਜਲ ਤਪਦੇ ਹੋਏ ਸੰਸਾਰ ਨੂੰ ਸੀਤਲਤਾ ਬਖਸ਼ਦਾ ਰਹੇ। ਅਖੀਰ ਤੇ ਦਾਸ ਬੇਨਤੀ ਕਰੇਗਾ ਕਿ **ਭੁਲਣ ਅੰਦਰ ਸਭ ਕੋ ਅਭੁਲ ਗੁਰੁ ਕਰਤਾਰੁ** ਬਾਬਾ ਜੀ ਹਰ ਤਰ੍ਹਾਂ ਮੇਹਰ ਕਰਕੇ ਬਖਸ਼ ਲੈਣ ਤੇ ਆਪਣੀ ਸੇਵਾ ਆਪ ਲੈਂਦੇ ਰਹਿਣ। ਕਿਤਾਬ ਵਿਚ ਸਾਖੀਆਂ ਦੁਆਰਾ ਖਜ਼ਾਨਾ ਸੰਗਤਾਂ ਦੀ ਹਾਜ਼ਰੀ ਵਿਚ ਅਰਪਣ ਹੈ । ਭੁੱਲ ਚੁਕ ਦੀ ਖਿਮਾ ਜੀ, ਸਮੂਹ ਸਹਿਯੋਗੀਆਂ ਦਾ ਧੰਨਵਾਦ ਬਾਬਾ ਜੀ ਦਾ ਸੇਵਾਦਾਰ ਲਿਖਾਰੀ ਦਾਸ ਸ੍ਰ: ਚਰਨਜੀਤ ਸਿੰਘ ਭੁਚੋ ਕਲਾਂ।

ਧੰਨ ਧੰਨ ਸੰਤ ਬਾਬਾ ਮਹਾਂਹਰਨਾਮ ਸਿੰਘ ਜੀ

- ਸੰਤ ਬਾਬਾ ਨੰਦ ਸਿੰਘ ਜੀ
  ਸੰਤ ਬਾਬਾ ਈਸ਼ਰ ਸਿੰਘ ਜੀ
  ਸੰਤ ਬਾਬਾ ਕੁੰਦਨ ਸਿੰਘ ਜੀ
  ਸੰਤ ਬਾਬਾ ਭਜਨ ਸਿੰਘ ਜੀ
  ਸੰਤ ਬਾਬਾ ਹਰਭਜਨ ਸਿੰਘ ਜੀ
- ਸੰਤ ਬਾਬਾ ਨਰੈਣ ਸਿੰਘ ਜੀ
  ਸੰਤ ਬਾਬਾ ਈਸ਼ਰ ਸਿੰਘ ਜੀ
  ਸੰਤ ਬਾਬਾ ਖੇਮ ਸਿੰਘ ਜੀ
  ਸੰਤ ਬਾਬਾ ਸੁਖਦੇਵ ਸਿੰਘ ਜੀ
- ਸੰਤ ਸ੍ਰੀ ਰਾਮ ਸਿੰਘ ਜੀ
  ਸੰਤ ਬਾਬਾ ਬਲਵਿੰਦਰ ਸਿੰਘ ਜੀ
- 
  - ਸੰਤ ਬਾਬਾ ਅਚਿੰਤ ਰਾਮ ਸਿੰਘ ਜੀ
  - ਸੰਤ ਬਾਬਾ ਬਹਾਲ ਦਾਸ ਜੀ
    ਜੱਸੀ ਪੌ ਵਾਲੇ
    ਸੰਤ ਬਾਬਾ ਸ੍ਰੀ ਨਰੈਣ ਦਾਸ ਜੀ
    ਸੰਤ ਬਾਬਾ ਸ੍ਰੀ ਹੰਸ ਮੁਨੀ ਜੀ
    ਮੌਜੂਦਾ ਸੰਤ ਬਾਬਾ ਸ੍ਰੀ ਬਿਬੇਕ ਨੰਦ ਜੀ

# ਇਕਿ ਸਾਧ ਬਚਨ ਅਟਲਾਧਾ ॥

## ਮਹਾਰਾਜਾ ਪਟਿਆਲਾ ਦੀ ਸਾਖੀ (1)

ਪ੍ਰਮੇਸ਼ਰ ਦਾ ਅਪਣਾ ਵਿਧਾਂਤ ਹੈ। ਹਰ ਵਸਤੂ ਧਰਤੀ, ਬ੍ਰਹਮੰਡ, ਜਲ ਜੀਵ, ਥਲ ਜੀਵ ਅਨੇਕਾ ਸੂਰਜ, ਅਨੇਕਾ ਧਰਤੀਆਂ, ਚੰਦ, ਤਾਰੇ ਉਸ ਦੇ ਹੁਕਮ ਵਿਚ ਚਲਦੇ ਹਨ। ਜਿਵੇਂ ਸੂਰਜ ਦੇ ਚੜ੍ਹਨ ਅਤੇ ਛਿਪਣ ਦਾ ਸਮਾਂ ਪ੍ਰਮਾਤਮਾ ਵੱਲੋਂ ਸਥਿਰ ਰੱਖਿਆ ਹੋਇਆ ਹੈ। ਇਸੇ ਤਰ੍ਹਾਂ ਧਰਤੀ ਦਾ ਘੁੰਮਣਾ, ਚੰਦ੍ਰਮਾ ਦਾ ਉਦੇ ਹੋਣਾ, ਅਸਤ ਹੋਣਾ ਸਭ ਨਿਸਚਿਤ ਅਤੇ ਉਸ ਦੀ ਮਰਯਾਦਾ ਵਿਚ ਹੈ। ਜੀਵਾਂ ਦਾ ਜਨਮ, ਮਰਨ ਉਨ੍ਹਾਂ ਦੇ ਮਾੜੇ ਚੰਗੇ ਸੰਸਕਾਰਾਂ ਦੇ ਅਧਾਰ ਉਤੇ ਦੁਖ ਸੁਖ ਦਾ ਮਿਲਣਾ ਵੀ ਪ੍ਰਭੂ ਦੇ ਹੁਕਮ ਵਿਚ ਹੁੰਦਾ ਹੈ।

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥**
**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥** (ਜਪੁਜੀ ਸਾਹਿਬ ਅੰਗ ੧)

ਮਹਾਂਪੁਰਸ਼ਾਂ ਦੀ ਕਥਨੀ ਹੈ ਕਿ ਹਰ ਇਕ ਜੀਵ ਆਪਦਾ ਜੀਵਨ ਦਿਨ ਜਾਂ ਸਾਲਾ ਵਿਚ ਨਹੀਂ ਲੈ ਕੇ ਆਉਂਦਾ, ਸਵਾਸਾਂ ਦੀ ਪੂੰਜੀ ਲੈ ਕੇ ਆਉਂਦਾ ਹੈ। ਖੁਦਾ ਦੇ ਵਿਚ ਸਮਾਏ ਹੋਏ ਖੁਦ ਪ੍ਰਮਾਤਮਾ ਦਾ ਰੂਪ ਬਣੇ ਹੋਏ ਮਹਾਂਪੁਰਖ ਆਉਣ ਵਾਲੇ ਸਮੇਂ (ਭਵਿੱਖ) ਵਾਰੇ ਭਲੀ ਭਾਂਤ ਜਾਣੂ ਹੁੰਦੇ ਹਨ।

**ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥** (ਅੰਗ ੨੭੩)

ਉਹ ਪ੍ਰਮਾਤਮਾ ਦੇ ਹੁਕਮ ਵਿਚ ਰਹਿ ਕੇ ਉਸ ਦੀ ਕਰਨੀ ਵਿਚ ਅਰਦਾਸ ਕਰਕੇ ਬਦਲੀ ਕਰਵਾ ਸਕਦੇ ਹਨ ਕਿਉਂਕਿ ਪ੍ਰਮਾਤਮਾ ਨੂੰ ਆਪਣੇ ਭਗਤ ਪਿਆਰੇ ਹੁੰਦੇ ਹਨ। ਭਗਤਾਂ ਦੇ ਪਿਆਰ ਹਿੱਤ ਉਹ ਆਪਣੀ ਮਰਯਾਦਾ ਬਦਲ ਦਿੰਦਾ ਹੈ।

**ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥**
(ਅੰਗ ੧੨੫੩)

ਇਸੇ ਤਰ੍ਹਾਂ ਹੀ ਬਾਬਾ ਜੀ ਦੇ ਸਮੇਂ ਦੇ ਮਹਾਂਰਾਜਿਆਂ ਉਪਰ ਜੋ ਬੀਤਣ ਵਾਲੀ ਸੀ। ਉਸ ਆਉਣ ਵਾਲੀ ਆਫਤ ਬਾਰੇ ਬਾਬਾ ਜੀ

ਭਲੀਭਾਂਤ ਜਾਣੂ ਸਨ ਕਿਉਂਕਿ ਬ੍ਰਹਮਾ, ਬਿਸ਼ਨ, ਮਹੇਸ਼ ਉਨ੍ਹਾਂ ਦੇ ਹੁਕਮ ਵਿਚ ਸਨ। ਪ੍ਰਸੰਨਤਾ ਦੇ ਆਲਮ ਵਿਚ ਸੇਵਕਾ, ਸੰਗੀਆਂ ਸੱਚੇ ਸਰਧਾਲੂਆਂ ਦਾ ਮਾਨਸਿਕ ਤਲ ਤੇ ਸਰੀਰਕ ਤੱਲ ਤੇ ਕੀਤੇ ਹੋਏ ਕੁਕ੍ਰਮਾ ਦਾ ਚਿਤ੍ਰਗੁਪਤ ਵੱਲੋ ਲਿੱਖ ਭੇਜਿਆ ਲੇਖਾ ਧਰਮਰਾਜ ਨੂੰ ਆਪਣੇ ਦਰਬਾਰ ਵਿਚ ਬੁਲਾ ਕੇ ਪਾੜਣ ਲਈ ਹੁਕਮ ਕਰਦੇ ਸਨ। ਲੋਕ ਪ੍ਰਲੋਕ ਦੀਆਂ ਲਿਖੀਆਂ ਤਕਦੀਰਾਂ ਲਿਖਣ ਅਤੇ ਮਿਟਾਣ ਦੇ ਸਮਰੱਥ ਸ਼ਕਤੀਮਾਨ ਹਜ਼ੂਰ ਬਾਬਾ ਜੀ ਪ੍ਰਮੇਸ਼ਰ ਨਾਲ ਅਭੇਦ ਸਨ। ਗੁਰਬਾਣੀ ਫੁਰਮਾਣ ਹੈ:

**ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥**

ਅੰਗ ੬੧੪

ਬਾਬਾ ਮਹਾਂਹਰਨਾਮ ਸਿੰਘ ਜੀ ਕਦੇ ਬਚਨ ਕਰਿਆ ਕਰਦੇ ਸਨ:-

**ਪੰਪਊ ਪੱਟ ਪਟਿਆਲੇ ਉਇ "ਪੰਪਊ ਪੱਟ ਪਟਿਆਲੇ ਉਇ"**
**ਨੰ: ਨਾਭਾ ਧਾਹਾਂ ਮਾਰੇ ਉਇ "ਪੰਪਊ ਪੱਟ ਪਟਿਆਲੇ ਉਇ"**
**ਫੰ: ਫਰੀਦ ਫਾਂਸੀਆਂ ਫਾਰੇ ਉਇ "ਪੰਪਉ ਪੱਟ ਪਟਿਆਲੇ ਉਇ"**
**ਸੰ: ਸੰਗਰੂਰ ਸੂਹਦੋ ਸਾਰੇ ਉਇ "ਪੰਪਉ ਪੱਟ ਪਟਿਆਲੇ ਉਇ"**
(1) **ਸੀਤਾਪੁਰ ਮਨ ਘਰ ਆਊ ਉਇ "ਸੀਤਾਪੁਰ ਮਨ ਘਰ ਆਊ ਉਇ"**
(2) **ਪਾਣੀਪਤ ਪਾਣ ਲੁਹਾਓ ਉਇ** (3) **ਕਾਲੀ ਕਲਕਤਿਓ ਜਾਊ ਉਇ** (4) **"ਗੜਹ ਕੋਟ ਕਾਗੜਾ ਢਾਊ ਉਇ॥ ਸੀਤਾਪੁਰ ਘਰ ਆਊ ਉਇ॥**

ਰੂਮਸਮੀਆਂ ਬਾਦਸ਼ਾਹ ਚੜਹ ਆਇਆ ਦਿੱਲੀ॥ ਧਾਈ ਕਰੀ ਪੰਜਾਬ ਪੈ ਲਈ ਲਹੋਰ ਕੀ ਠਾਉਰ॥ ਲਈ ਲਹੌਰ ਕੀ ਠੌਰ ਕਾਬਲ ਮੌਕੀਓ ਠਾਨਾਂ॥

ਰਾਜੇ ਪਕੜੇ ਹੁਕਮ ਸੇ ਹਾਥ ਮੈਂ ਬਧਿਓ ਸੋ ਗਾਨਾ॥ ਜੈ ਫਤਹਿ ਡੰਕ ਜੈ ਫਤਹਿ ਡੰਕ॥ ਜੈ ਫਤਹਿ ਡੰਕ॥ ਕਹੇ ਮਾਯਾ ਸਵਾਲ ਹਰਿਨਾਮ ਸਿੰਘ ਅਵੱਲ ਹੁਕਮ ਤਮਹਾਰਾ॥

**ਭੈ ਵਿਚਿ ਜੋਧ ਮਹਾਬਲ ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ ॥**
**ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥**

(ਆਸਾ ਦੀ ਵਾਰ, ਅੰਗ ੪੬੪)

## ਸਚੁ ਸੁਣਾਇਸੀ ਸਚੁ ਕੀ ਬੇਲਾ ॥

(ਅੰਗ ੪੦੩)

### ਮਹਾਰਾਜਾ ਪਟਿਆਲਾ ਦੀ ਸਾਖੀ ॥ (2)

ਬਾਬਾ ਮਹਾਂਹਰਨਾਮ ਸਿੰਘ ਜੀ ਨੇ ਪਟਿਆਲਾ, ਨਾਭਾ, ਫਰੀਦਕੋਟ ਰਿਆਸਤਾਂ ਵਿਚ ਆਉਣ ਵਾਲੀ ਆਫਤ ਬਾਰੇ ਮੁਨਸੀ ਹਰਦਿਤ ਸਿੰਘ ਨੂੰ ਇਹ ਬਚਨ ਲਿਖਾਏ ਕਿ ਰਾਜਿਆਂ ਦੇ ਰਾਜ ਖਤਮ ਹੋ ਜਾਣਗੇ ਅਤੇ ਇਥੇ ਖੂਨ ਖਰਾਬਾ ਹੋਵੇਗਾ। ਪਟਿਆਲੇ ਵਿਚ ਰਾਜ ਸਿੰਘਾਸਨ ਲਈ ਪੱਟ ਪਊ ਜਾਨਿ ਕਿ ਝਗੜਾ ਹੋਵੇਗਾ। ਨਾਭਾ ਰਿਆਸਤ ਧਾਂਹਾਂ ਮਾਰੇਗੀ। ਫਰੀਦਕੋਟ ਰਿਆਸਤ ਵਿਚ ਫਾਸੀਆਂ ਫਾਹੇ ਹੋਣਗੇ। ਬਾਬਾ ਜੀ ਨੇ ਆਉਣ ਵਾਲੇ ਸਮੇਂ ਬਾਰੇ ਪਹਿਲਾ ਹੀ ਖੁਲਾਸਾ ਕਰ ਦਿੱਤਾ ਸੀ ਕਿ ਰਿਆਸਤਾਂ ਟੁੱਟ ਜਾਣਗੀਆਂ ਅਤੇ ਪਾਕਿਸਤਾਨ ਹੋਂਦ ਵਿਚ ਆ ਜਾਵੇ ਗਾ। ਹਿੰਦੁਸਤਾਨ ਦਾ ਰਾਜਨੀਤਿਕ ਢਾਚਾ ਬਦਲ ਜਾਏਗਾ। ਰਾਜੇ ਮਹਾਰਾਜਿਆਂ ਦੀ ਹਕੂਮਤ ਖਤਮ ਹੋ ਜਾਵੇਗੀ।

**ਗੂਜਰੀ ਮਹਲਾ ੫ ॥**

**ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ ॥**

**ਖਿਨ ਮਹਿ ਥਾਪਿ ਉਥਾਪਨਹਾਰਾ ਆਪਨ ਹਾਥਿ ਮਤਾਤ ॥੧॥**

**ਸਿਆਨਪ ਕਾਹੂ ਕਾਮਿ ਨ ਆਤ ॥**

**ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ ॥** (ਅੰਗ ੪੯੬)

ਬਾਬਾ ਜੀ ਨੇ ਇਕ ਚਿਠੀ ਮੁਨਸੀ ਹਰਦਿਤ ਸਿੰਘ ਜੀ ਪਾਸੋਂ ਲਿਖਵਾਈ ਸੀ। ਉਸ ਵਿਚ ਰਿਆਸਤ ਪਟਿਆਲਾ ਮਹਾਰਾਜਾ ਭੁਪਿੰਦਰ ਸਿੰਘ ਜੀ ਨੂੰ ਕੁਝ ਸੇਵਾ ਭੁਚੋ ਕਲ੍ਹਾਂ ਆਪਣੀ ਟਿੱਲਾ ਸਾਹਿਬ ਵਾਲੀ ਰਿਹਾਇਸ਼ ਕੋਲ ਲਾਈ ਸੀ। ਕੁਝ ਹੋਰ ਥੋੜੀ ਜਿਹੀ ਸੇਵਾ ਡੇਰੇ ਦੇ ਅਸਥਾਨ ਤੋਂ ਪਾਸੇ ਲਾਈ ਸੀ ਅਤੇ ਬਚਨ ਕੀਤਾ "ਕਿ ਜੇ ਮਹਾਰਾਜਾ ਇਹ ਸੇਵਾ ਨਿਭਾਅ ਦੇਵੇ ਤਾਂ ਉਸਦਾ ਰਾਜਭਾਗ ਨਹੀਂ ਜਾਏਗਾ। ਪੱਟ ਪਓ ਪਟਿਆਲੇ

ਉਇ” ਵਾਲੀ ਆਫਤ ਵਿਸਰ ਜਾਏਗੀ। ਜੋ ਕਸ਼ਟ ਮਹਾਰਾਜੇ ਉਪਰ ਆਉਣਾ ਹੈ ਉਹ ਵੀ ਨਹੀਂ ਆਵੇਗਾ।”

**ਸਲੋਕ ਮਃ ੫ ॥**

**ਕਿਲਵਿਖ ਸਭੇ ਉਤਰਨਿ ਨੀਤ ਨੀਤ ਗੁਣ ਗਾਉ ॥**

**ਕੋਟਿ ਕਲੇਸਾ ਊਪਜਹਿ ਨਾਨਕ ਬਿਸਰੈ ਨਾਉ ॥੧॥** (ਅੰਗ ੫੨੨)

ਇਹ ਛੇ ਤਰ੍ਹਾਂ ਦੀ ਸੇਵਾ ਬਾਬਾ ਜੀ ਨੇ ਮਹਾਰਾਜਾ ਪਟਿਆਲਾ ਨੂੰ ਲਾਈ ਸੀ। ਉਸ ਦਾ ਜ਼ਿਕਰ ਮੁਨਸ਼ੀ ਜੀ ਨੇ ਇਸ ਤਰ੍ਹਾਂ ਕੀਤਾ ਹੈ :

1. ਇਸ ਟਿੱਲਾ ਸਾਹਿਬ ਵਾਲੇ ਅਸਥਾਨ ਤੇ ਹਰਿਮੰਦਰ ਦੀ ਉਸਾਰੀ ਕਰਨੀ ਹੈ।
2. ਤਖਤੇਆਣਾ ਜੋ ਟਿੱਲਾਂ ਸਾਹਿਬ ਦੇ ਪਿੱਛੇ ਪਾਣੀ ਦਾ ਇਕ ਛੱਪੜ ਸੀ। ਉਸ ਜਗ੍ਹਾ ਉਪਰ ਸਰੋਵਰ ਬਨਾਉਣਾ ਹੈ।
3. ਭਾਈ ਦਿਆਲ ਦਾਸ ਦੀ ਸਮਾਧ ਦੀ ਮੁਰੰਮਤ ਕਰਨੀ ਅਤੇ ਉਸ ਦੇ ਅਖੰਡ ਪਾਠ ਦਾ ਪ੍ਰਕਾਸ਼ ਕਰਾਉਣਾ ਅਤੇ ਭੋਗ ਪਾਉਣਾ।
4. ਭਾਈ ਸਾਹਿਬ ਭਾਈ ਦਿਆਲ ਦਾਸ ਦੇ ਚੁੱਲਿਆ ਵਾਲਾ ਅਸਥਾਨ ਪੱਕਾ ਕਰਨਾ ਜੋ ਕਿਲਾ ਸਾਹਿਬ ਭੁੱਚੋਂ ਕਲਾਂ ਅੰਦਰ ਹੈ। ਇਸ ਕਿਲੇ ਵਾਲੀ ਜਗ੍ਹਾਂ ਵਿਚ ਹੁਣ ਗੁਰਦੁਆਰਾ ਕਿਲ੍ਹਾ ਸਾਹਿਬ ਸ਼ਸ਼ੋਭਿਤ ਹੈ।
5. ਬਰਨਾਲਾ ਵਿਖੇ ਚੁੱਲਿਆ ਦੀ ਸੇਵਾ ਕਰਨੀ।
6. ਇਹ ਜਗ੍ਹਾਂ ਨੂੰ (ਭੁੱਚੋਂ ਕਲਾਂ ਵਾਲੀ) ਹੀਰਾ ਮਹਿਲ ਦੀ ਤਰ੍ਹਾਂ ਬਨਾਉਣਾ ਹੈ।

(ਬਿਕ੍ਰਮੀ ਸਾਲ 1974) ਸੰਨ 1917 ਦੇ ਸ਼ੁਰੂ ਵਿਚ ਬਾਬਾ ਜੀ ਨੇ ਬਚਨ ਕੀਤਾ “ਮੁਨਸ਼ੀ ਜੀ ਅਸੀਂ ਤੁਹਾਡੇ ਰਾਹੀਂ ਇਨ੍ਹਾਂ ਰਿਆਸਤਾਂ ਅਤੇ ਮਹਾਰਾਜਿਆਂ ਦਾ ਭਲਾ ਕਰਨਾ ਹੈ। ਤੁਸੀਂ ਅਸਾਡੇ ਕੋਲ ਹੀ ਰਹੋ।”

ਸੰਨ 1922 (ਬਿਕ੍ਰਮੀ 1979) ਨੂੰ ਬਾਬਾ ਜੀ ਮਹਾਰਾਜ ਨੇ ਮੁਨਸ਼ੀ ਨੂੰ ਹੁਕਮ ਫੁਰਮਾਇਆ ਕਿ ਤੁਸੀਂ ਪਟਿਆਲੇ ਜਾ ਕੇ ਇਹ ਛੇ ਬਚਨ ਬਾਦਸ਼ਾਹ ਨੂੰ ਸਾਡੀ ਤਰਫੋਂ ਸੁਨਾਉਣੇ ਹਨ।

ਮੁਨਸ਼ੀ ਜੀ ਇਹ ਬਚਨ ਲਿਖ ਕੇ ਪਟਿਆਲੇ ਲੈ ਕੇ ਗਏ ਤੇ ਇਹ ਚਿੱਠੀ ਮਹਾਰਾਣੀ ਨੂੰ ਦੇ ਕੇ ਵਾਪਿਸ ਆ ਗਏ। ਜਦ ਬਾਬਾ ਜੀ ਨੇ ਪੁੱਛਿਆ “ਕਿ ਬਚਨ ਸੁਣਾ ਆਇਆ।” ਮਹਾਰਾਜਾ ਪਟਿਆਲੇ ਨਹੀਂ ਸਨ ਅੱਗੇ ਸ਼ਿਕਾਰ ਖੇਡ ਗਏ ਸੀ। ਸੇਵਾ ਚਿੱਠੀ ਵਿਚ ਲਿਖ ਕੇ ਕਰਨਲ ਗੁਰਬਖਸ਼ ਸਿੰਘ ਦੇ ਰਾਹੀ ਘੁੱਗੇ

ਮਹਾਰਾਣੀ ਉਭਾਵਾਲ ਵਾਲਿਆਂ ਨੂੰ ਤਾਂ ਮੁਨਸ਼ੀ ਜੀ ਨੇ ਚਿੱਠੀ ਫੜਾ ਕੇ ਆਉਣ ਬਾਰੇ ਦੱਸਿਆ। ਇਹ ਸੁਣ ਕੇ ਮਹਾਰਾਜ ਬਾਬਾ ਜੀ ਮੁਨਸ਼ੀ ਨਾਲ ਬਹੁਤ ਗੁੱਸੇ ਹਏ। ਨਰਾਜ ਹੁੰਦੇ ਹੋਏ ਇਹ ਬਚਨ ਕੀਤਾ "ਕਿ ਤੈ ਸਾਰੇ ਕਾਰਜ ਵਿਗਾੜ ਦਿੱਤੇ। ਬਾਦਸ਼ਾਹ ਦਾ ਤਾਂ ਸਾਰਾ ਹੀ ਬੁਰਾ ਕਰ ਦਿੱਤਾ। ਆਪਣਾ ਵੀ ਸਭ ਕੁਝ ਵਿਗਾੜ ਲਿਤਾ ਹੈ। ਜਦ ਤਕ ਤੂੰ ਸਾਡੇ ਬਚਨ ਬਾਦਸ਼ਾਹ ਨੂੰ ਨਹੀਂ ਸੁਣਾਉਂਦਾ ਅਤੇ ਬਾਦਸ਼ਾਹ ਸੁਣ ਕੇ ਬਚਨਾਂ ਨੂੰ ਮੰਨ ਨਹੀਂ ਲੈਂਦਾ ਤਦ ਤੱਕ ਨਾ ਤਾਂ ਬਾਦਸ਼ਾਹ ਨੂੰ ਸੁਖ ਮਿਲੇਗਾ ਤੇ ਨਾ ਹੀ ਪਟਿਆਲਾ ਗੱਦੀ ਦੀ ਬਰਕਤ ਅਤੇ ਰੋਸ਼ਨੀ ਵਧੇਗੀ।

**ਸੂਹੀ ਮਹਲਾ ੪ ॥**

**ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ ॥**
**ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ ॥੧॥**
**ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ॥**
**ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ ॥**

(ਅੰਗ ੭੩੬)

ਮੁਨਸ਼ੀ ਜੀ ਲਿਖਦੇ ਹਨ ਕਿ ਮੈਂ ਇਸ ਤਰਾਂ ਦੀਆਂ ਢਾਈ ਸੌ ਦਰਖਾਸਤਾ ਲਿਖ ਕੇ ਭੇਜੀਆਂ ਅਤੇ ਬਚਨ ਸੁਨਾਉਣ ਲਈ ਕੋਸ਼ਿਸ਼ਾਂ ਜਾਰੀ ਰੱਖੀਆਂ ਪਰ ਕਾਮਯਾਬੀ ਨਹੀਂ ਮਿਲੀ। ਇਸ ਦੀ ਇਕ ਉਦਾਹਰਣ ਉਨ੍ਹਾਂ ਦਿੱਤੀ ਹੈ ਕਿ ਮਹਾਰਾਜੇ ਦੀ ਜੇਜੀ ਘਰਾਣੇ ਦੀ ਮਹਾਰਾਣੀ ਦੇ ਟਿੱਕਾ ਜੀ ਪੈਦਾ ਹੋਣਗੇ ਜੋਤਿਸ਼ੀ ਨੇ ਆਪਣੀ ਭਵਿੱਖਬਾਣੀ ਵਿਚ ਦੱਸਿਆ ਹੈ। ਬਾਬਾ ਜੀ ਮਹਾਰਾਜ ਨੇ ਫੁਰਮਾਇਆ "ਕਿ ਟਿੱਕਾ ਨਹੀਂ ਬੀਬੀ ਜੀ ਹੋਣਗੇ।" ਬਾਬਾ ਜੀ ਦਾ ਬਚਨ ਅੱਟਲ ਹੋਇਆ। ਬੀਬੀ ਜੀ ਪੈਦਾ ਹੋਏ। ਰਾਣੀ ਕਰਮਗੜ ਵਾਲਿਆਂ ਰਾਹੀ ਮੁਨਸ਼ੀ ਜੀ ਨੇ ਇਹ ਸੰਦੇਸ਼ ਮਹਾਰਾਣੀ ਤੱਕ ਪਹੁੰਚਾਇਆ ਸੀ। ਜਿਸ ਕਰਕੇ ਰਾਣੀਆਂ ਸੇਵਾ ਵਿਚ ਲੱਗ ਗਈਆਂ ਤਾਂ ਕਿ ਆਫਤ ਤੋਂ ਬਚਿਆ ਜਾਵੇ। ਇਸ ਤਰ੍ਹਾਂ ਮੁਨਸ਼ੀ ਜੀ ਦੇ ਵਾਰ ਵਾਰ ਖਤ ਲਿਖਣ ਕਰਕੇ ਮਹਾਰਾਣੀ ਜੀ ਬਾਬਾ ਜੀ ਕੋਲ ਆਏ। ਬੇਨਤੀ ਕੀਤੀ ਕਿ "ਮਹਾਰਾਜ ਰਾਜ ਘਰਾਣੇ ਵਿਚ ਪੈਸੇ ਦੀ ਕਮੀ ਹੈ ਹੀਰਾ ਮਹਿਲ ਉਪਰ ਤਾਂ ਬਹੁਤ ਖਰਚਾ ਹੋਵੇਗਾ। ਹੀਰਾ ਮਹਿਲ ਦੀ ਲਾਗਤ ਚੋਦਾਂ ਲੱਖ ਰੁਪਏ ਆਈ

ਹੈ। ਸਾਡੀ ਇਤਨੀ ਸਮਰਥਾ ਨਹੀਂ ਹੈ। ਅਸੀ ਆਪਦੇ ਵਿਤ ਅਨੁਸਾਰ ਕੋਠੀ ਤਿਆਰ ਕਰਵਾ ਦਿੰਦੇ ਹਾਂ।"

ਬਾਬਾ ਜੀ ਅਡੋਲ ਬੈਠੇ ਰਹੇ ਕੋਈ ਬਚਨ ਨਹੀਂ ਕੀਤਾ। ਫਿਰ ਮਹਾਰਾਣੀ ਜੀ ਨੇ ਕੋਠੀ ਤਿਆਰ ਕਰਵਾਈ ਜੋ ਹੁਣ ਵੀ ਮੌਜੂਦ ਹੈ। ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹੁੰਦੇ ਹਨ। ਬਾਬਾ ਜੀ ਨੇ ਸਿਰਫ ਇੰਨੀ ਹਿਦਾਇਤ ਕੀਤੀ ਸੀ ਕਿ ਇਸ ਵਿਚ ਲੋਹਾ ਨਹੀਂ ਲਾਉਣਾ। ਸੋ ਇਸ ਦੇ ਵਿੱਚ ਲੋਹਾ ਨਹੀਂ ਲੱਗਿਆ, ਕੁੰਡੇ, ਕਬਜੇ ਸਭ ਪਿੱਤਲ ਦੇ ਹਨ। ਬਾਬਾ ਜੀ ਇਸ ਕੋਠੀ ਬਣੀ ਉਪਰ ਖੁਸ਼ ਨਹੀਂ ਸਨ। ਉਨ੍ਹਾਂ ਦੇ ਬਚਨ ਮਹਾਰਾਜੇ ਨੇ ਅੱਖੋਂ ਪਰੋਖੇ ਕਰ ਦਿੱਤੇ ਸਨ।

**ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥**
**ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ ॥** (ਅੰਗ ੧੩੭੯)

ਸਮੇਂ ਨਾਲ ਪਟਿਆਲਾ, ਨਾਭਾ ਅਤੇ ਫਰੀਦਕੋਟ ਰਿਆਸਤਾਂ ਨੂੰ ਇਵਜਾਨਾ ਭੁਗਤਨਾ ਪਿਆ। ਪਰ ਮਹਾਰਾਜਾ ਪਟਿਆਲਾ ਨਾਲ ਪੂਰਬਲੇ ਜਨਮ ਦਾ ਸਨਬੰਧ ਹੋਣ ਕਰਕੇ ਇਸ ਦੇ ਉੱਪਰ ਆਉਣ ਵਾਲੀ ਆਫਤ ਪੱਟ ਪਉ ਪਟਿਆਲੇ ਉਇ" ਨੂੰ ਟਾਲਣ ਲਈ ਬਾਬਾ ਜੀ ਨੇ ਟਿੱਲਾ ਸਾਹਿਬ ਦੇ ਉਪਰ (ਜੋ ਮੱਟੀ ਪਈ ਹੋਈ ਸੀ) ਮੱਟੀ ਨੂੰ ਠੰਡੇ ਪਾਣੀ ਦਾ ਭਰਾ ਲਇਆ ਅਤੇ ਟੋਆ ਪੁਟ ਕੇ ਇਸ ਨੂੰ ਕੰਗਣੀ ਤੱਕ ਦਬਾਉਣ ਦਾ ਹੁਕਮ ਦਿੱਤਾ। ਜਦੋਂ ਸੰਗਤ ਤੇ ਸੇਵਾਦਾਰਾਂ ਨੇ ਬੇਨਤੀ ਕਰਕੇ ਇਸ ਦਾ ਕਾਰਨ ਪੁੱਛਿਆ ਤਾਂ ਬਾਬਾ ਜੀ ਨੇ ਬਚਨ ਕੀਤਾ "ਕਿ ਜੋ ਪੱਟ ਪਉ ਪਟਿਆਲਾ ਓਇ।" ਦੀ ਆਫਤ ਨੂੰ ਟਾਲਣ ਲਈ ਮੱਟੀ ਕੰਗਣੀ ਤੱਕ ਮਿੱਟੀ ਵਿਚ ਦਬਾ ਦਿੱਤੀ ਹੈ। ਇਸ ਨਾਲ ਆਫਤ ਨਹੀਂ ਆਵੇਗੀ ਮਿੱਟੀ ਵਿਚ ਹੀ ਦੱਬ ਦਿੱਤੀ ਏ।" ਮਹਾਰਾਜੇ ਉਪਰ ਆਉਣ ਵਾਲੇ ਕਸ਼ਟ ਨੂੰ ਟਾਲਣ ਲਈ ਸਵਾ ਲੱਖ ਜਪੁਜੀ ਸਾਹਿਬ ਦਾ ਪਾਠ ਕੀਤਾ।

ਮੁਨਸ਼ੀ ਹਰਦਿਤ ਸਿੰਘ ਜੀ ਲਿਖਦੇ ਹਨ ਕਿ ਮਹਾਰਾਣੀਆਂ ਪਟਿਆਲਾ ਦੇ ਵਾਰ ਵਾਰ ਬੇਨਤੀ ਕਰਨ ਤੇ ਇਹ ਆਫਤ ਦੂਰ ਹੋ ਗਈ। ਪਰ ਰਿਆਸਤ ਨਾਭਾ ਦਾ ਮਹਾਰਾਜਾ ਰਿਪੁਦਮਨ ਸਿੰਘ ਧਾਰਾਂ ਮਾਰਦੇ ਹੋਏ ਗੱਦੀ ਤੋਂ ਉਤਰ ਗਿਆ।

ਇਸ ਸਮੇਂ ਦੇ ਅੰਦਰ ਹੀ ਮਹਾਰਾਜਾ ਫਰੀਦਕੋਟ ਬਰਜਿੰਦਰ ਸਿੰਘ ਅਤੇ ਮਹਾਰਾਜਾ ਬਲਵੀਰ ਸਿੰਘ ਛੋਟੀ ਉਮਰ ਵਿਚ ਹੀ ਸਵਰਗਵਾਸ ਹੋ ਗਏ। ਸ੍ਰੀਮਤੀ ਮਾਈ ਬੂੜੀਏ ਵਾਲਿਆ ਦੀ ਤਰਫੋ ਪੰਡਤ ਚਤਰਰਾਮ ਜੀ ਭੇ ਜੇ ਹੋਏ ਬਾਬਾ ਜੀ ਰੂਮੀ ਵਾਲਿਆਂ ਪਾਸ ਆਏ ਅਤੇ ਬੇਨਤੀ ਕਰਨ ਲੱਗੇ ਕਿ "ਬਾਬਾ ਜੀ ਮਹਾਰਾਜ! ਮਾਈ ਸਾਹਿਬ ਬੂੜੀਏ ਵਾਲੇ ਆਪ ਜੀ ਦੇ ਚਰਨਾ ਵਿਚ ਮੱਥਾ ਟੇਕਦੇ ਹੋਏ ਪੁਛਦੇ ਹਨ ਕਿ ਫਰੀਦਕੋਟ ਰਿਆਸਤ ਵਿਚ ਇਹੋ ਜਿਹਾ ਕਿਉ ਹੋ ਰਿਹਾ ਹੈ।"

ਬਾਬਾ ਜੀ ਨੇ ਇਹ ਆਫਤ "ਫਾਂਸੀਆਂ ਦੀ" ਦੂਰ ਕਰਨ ਦਾ ਵਾਇਦਾ ਕਰ ਲਿਆ ਸੀ। ਪਰੋਹਤ ਚਤਰੂਰਾਮ ਜੀ ਆਉਂਦੇ ਰਹੇ ਪਰ ਮਾਈ ਸਾਹਿਬ ਛੇਤੀ ਹੀ ਗੁਜਰ ਗਏ। ਮੁਨਸੀ ਜੀ ਨੇ ਵੀ ਬਹੁਤ ਕੋਸ਼ਿਸ਼ ਕੀਤੀ ਕਿ ਫਰੀਦਕੋਟ ਵਿਚ ਸੁਖਸ਼ਾਂਤੀ ਰਹੇ ਕਿਉਂਕਿ ਇਹ ਆਪਣੇ ਆਪ ਨੂੰ ਫਰੀਦਕੋਟ ਦਾ ਨਮਕ ਖਾਏ ਹੋਏ ਲਿਖਦੇ ਹਨ। ਇਸ ਦੀ ਸਲਾਮਤੀ ਲਈ ਮੁਨਾਸਿਬ ਪੁੰਨ ਦਾਨ, ਉਪਾਏ ਕੀਤੇ ਅਤੇ ਕਰਾਏ। ਪਰ ਕਾਮਯਾਬੀ ਨ ਮਿਲੀ।

ਮੁਨਸ਼ੀ ਜੀ ਦੇ ਪੁਤਰ ਹਰਿਨਾਮ ਸਿੰਘ ਦੀ ਸ਼ਾਦੀ ਸਹਿਜਾਦਪੁਰ ਬੀਬੀ ਜੀ ਪਟਿਆਲੇ ਵਾਲਿਆਂ ਦੀ ਪਾਲਕ ਮਹਿਰਿਆਂ ਦੀ ਲੜਕੀ ਮਹਾਂਕੋਰ ਨਾਲ ਹੋਈ ਸੀ। ਉਸਦੇ ਸਵਰਗਵਾਸ ਹੋਣ ਉਪਰੰਤ ਉਸਦੀ ਛੋਟੀ ਭੈਣ ਬਖਤਾਵਰ ਕੌਰ ਨਾਲ ਹੋਈ ਸੀ। ਉਹ ਵੀ ਰੱਬ ਨੂੰ ਪਿਆਰੀ ਹੋ ਗਈ ਫਿਰ ਫਰੀਦਕੋਟ ਰਿਆਸਤ ਵਿਚ ਮੁਨਸੀ ਰਾਮ ਸਿੰਘ ਦੀ ਬੇਟੀ ਨਾਲ ਹੋਈ। ਮੁਨਸ਼ੀ ਜੀ ਦੇ ਲੜਕੇ ਹਰਿਨਾਮ ਸਿੰਘ ਦੇ ਅਕਾਲ ਚਲਾਨੇ ਤੋਂ ਬਾਅਦ ਉਸ ਦੇ ਬਚਿਆ ਦੀ ਪਰਵਰਿਸ਼ ਰਿਆਸਤ ਫਰੀਦਕੋਟ ਵਿਚ ਹੋਈ। ਇਸੇ ਕਰਕੇ ਮੁਨਸੀ ਹਰਦਿਤ ਸਿੰਘ ਜੀ ਆਪਣੇ ਆਪ ਨੂੰ ਫਰੀਦਕੋਟ ਦਾ ਨਮਕ ਖਾਂਦੇ ਰਹੇ ਹਾਂ ਕਹਿੰਦੇ ਹਨ।

ਮੁਨਸ਼ੀ ਹਰਦਿਤ ਸਿੰਘ ਜੀ ਨੇ ਪਟਿਆਲਾ ਰਿਆਸਤ ਦੀ ਸਲਾਮਤੀ ਲਈ ਮਹਾਰਾਜਾ ਭੁਪਿੰਦਰ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਵੀ ਉਹ ਬਚਨ ਬਾਬਾ ਜੀ ਦੇ ਮੰਨਾਉਣ ਦੀ ਕੋਸ਼ਿਸ਼ ਜਾਰੀ ਰੱਖੀ ਸੀ। ਫਿਰ ਇਨ੍ਹਾਂ ਸਰਦਾਰ ਈਸ਼ਰ ਸਿੰਘ ਜੀ ਰਈਸ ਚੱਠਾ ਨੂੰ ਸਫਾਰਿਸ ਕੀਤੀ ਸੀ ਕਿ ਮਹਾਰਾਜ ਯਾਦਵਿੰਦਰ ਸਿੰਘ ਅਤੇ ਰਾਜਾ ਮਹੇਸ਼ਇੰਦਰ ਸਿੰਘ ਨੂੰ ਇਹ ਬਚਨ ਮੰਨਣ ਲਈ ਕਹਿਣ ਤਾਂ ਕਿ ਪਟਿਆਲਾ ਗੱਦੀ ਦੀ ਬਰਕਤ ਅਤੇ

ਰੋਸ਼ਨੀ ਅਤੇ ਬਾਦਸ਼ਾਹ ਦੀ ਚੜ੍ਹਤ ਬਣੀ ਰਹੇ। ਜੋ ਤਕਲੀਫਾਂ ਮਹਾਰਾਜਾ ਸਵਰਗਵਾਸੀ ਭੁਪਿੰਦਰ ਸਿੰਘ ਉਠਾਉਂਦੇ ਰਹੇ ਹਨ ਉਹ ਮਹਾਰਾਜਾ ਯਾਦਵਿੰਦਰ ਸਿੰਘ ਅਤੇ ਮਹੇਸ਼ ਇੰਦਰ ਸਿੰਘ ਨੂੰ ਜਾ ਝੱਲਣੀਆ ਪੈਣ।

ਪੱਟ ਪਉ ਵਾਲੀ ਆਫਤ ਨੂੰ ਮੱਟੀ ਵਿਚ ਪਾਣੀ ਪਾ ਕੇ ਰੋਕ ਲਿਆ ਸੀ। ਜਿਸ ਕਰਕੇ ਮਹਾਰਾਜਾ ਸਾਹਿਬ ਸੱਤ ਸਾਲ ਹੋਰ ਰਾਜ ਕਰ ਗਏ ਨਹੀਂ ਤਾਂ ਬਿਕ੍ਰਮੀ 1977 ਵਿਚ ਹੀ ਸਵਰਗਵਾਸ ਹੋ ਜਾਣਾ ਸੀ, ਪਰ ਜੇ ਬਚਨ ਮੰਨ ਕੇ ਸੇਵਾ ਕਮਾ ਲੈਂਦੇ ਤਾਂ ਪੂਰੇ 90 ਸਾਲ ਦੀ ਆਯੂ ਭੋਗਦੇ।

## ਹਰਿ ਭਗਤਾ ਦੇਇ ਵਡਿਆਈ ਗਰੀਬ ਅਨਾਥਿਆ

(ਅੰਗ ੯੦)

(3)

### ਹਰਦਿੱਤ ਸਿੰਘ ਨੂੰ ਮੁਨਸ਼ੀ ਦਾ ਖਤਾਬ

ਧੰਨ ਧੰਨ ਬਾਬਾ ਮਹਾਂ ਹਰਨਾਮ ਸਿੰਘ ਜੀ ਮਹਾਰਾਜ ਰੂਮੀ ਵਾਲਿਆਂ ਦੇ ਦਰਬਾਰ ਵਿਚ ਲਿਖਣ ਪੜ੍ਹਨ ਦੀ ਸੇਵਾ ਕਰਨ ਦਾ ਸੁਭਾਗ ਮੁਨਸੀ ਹਰਦਿੱਤ ਸਿੰਘ ਨੂੰ ਮਿਲਿਆ ਸੀ। ਪਟਿਆਲਾ ਰਿਆਸਤ ਦਾ ਮੁਲਾਜਮ ਹੋਣ ਕਰਕੇ ਇਨ੍ਹਾਂ ਨੂੰ ਮੁਨਸੀ ਕਹਿਕੇ ਬੁਲਾਇਆ ਜਾਂਦਾ ਸੀ। ਇਕ ਦਿਨ ਬਾਬਾ ਜੀ ਨੇ ਹੁਕਮ ਫੁਰਮਾਇਆ ਕਿ ਮੁਨਸੀ ਜੀ ਤੁਸੀਂ ਮੇਰੇ ਪਿੰਡ ਮਨਸੂਰਵਾਲ ਜਾ ਕੇ ਸਾਰੇ ਪਿੰਡ ਦੇ ਬੰਦਿਆਂ ਔਰਤਾ, ਲੜਕੇ, ਲੜਕੀਆਂ ਦੇ ਨਾਮ, ਗੌਤ, ਉਮਰਾਂ ਲਿੱਖ ਕੇ ਲਿਆਉ।

ਹੁਕਮ ਮੰਨ ਕੇ ਮੁਨਸੀ ਜੀ ਹਜੂਰ ਮਹਾਰਾਜ ਦੇ ਪਿੰਡ ਪਹੁੰਚੇ ਕੁਝ ਸਮੇਂ ਵਿਚ ਸਾਰਿਆ ਦੇ ਨਾਮ, ਗੋਤ ਉਮਰ ਲਿੱਖਕੇ ਬਾਬਾ ਜੀ ਦੇ ਦਰਬਾਰ ਪਹੁੰਚਕੇ ਨਮਸਕਾਰ ਕੀਤੀ। ਬਾਬਾ ਜੀ ਬਹੁਤ ਖੁਸ਼ ਹੋਕੇ ਫੁਰਮਾਉਣ ਲੱਗੇ ਕਿ "ਮੁਨਸ਼ੀ ਹਰਦਿੱਤ ਸਿੰਘ ਹੁਣ ਤੁਸੀਂ ਪੱਕੇ ਮੁਨਸ਼ੀ ਹੋ ਗਏ ਪਹਿਲਾ ਕੱਚੇ ਮੁਨਸ਼ੀ ਸੀ। ਹੁਣ ਜੋ ਲਿਖਕੇ ਲਿਆਏ ਹੋ ਸਾਨੂੰ ਸੁਣਾਵੋ ਔਰ ਅੱਗੇ ਤੋਂ ਸਾਡਾ ਇਹ ਹੁਕਮ ਹੈ ਕਿ ਅਪਨੇ ਨਾਮ ਤੋਂ ਪਹਿਲਾ ਮੁਨਸ਼ੀ ਲਿਖਾ ਕਰੋ।"

**ਹਰਿ ਜੀਉ ਨਿਮਾਣਿਆ ਤੂ ਮਾਣੁ ॥ ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ**
**ਤੇਰੀ ਕੁਦਰਤਿ ਕਉ ਕੁਰਬਾਣੁ ॥** (ਅੰਗ ੬੨੪)
**ਆਪਣੀ ਆਪਿ ਕਰੇ ਪਰਤੀਤਿ ਆਪੇ ਸੇਵ ਘਾਲੀਅਨੁ ॥** (ਅੰਗ ੯੦)

ਮੁਨਸ਼ੀ ਜੀ ਨੇ ਬੇਨਤੀ ਕੀਤੀ "ਸੱਚੇ ਪਾਤਸ਼ਾਹ! ਰਾਜੇ ਮਹਾਰਾਜੇ ਵੀ ਅਪਨੇ ਨਾਮ ਤੋਂ ਪਹਿਲਾਂ ਰਾਜਾ ਜਾਂ ਮਹਾਰਾਜਾ ਨਹੀਂ ਲਿਖਦੇ। ਮੇਰੀ ਕੀ ਹਸਤੀ ਹੈ ਕਿ ਆਪਨੇ ਆਪ ਨੂੰ ਮੁਨਸ਼ੀ ਲਿਖਾਂ।"

ਹਜ਼ੂਰ ਨੇ ਫੁਰਮਾਇਆ "ਸਾਡੇ ਹੁਕਮ ਅਨੁਸਾਰ ਲਿਖਿਆ ਕਰੋ।" ਉਸ ਤੋਂ ਬਾਅਦ ਹਰਦਿੱਤ ਸਿੰਘ ਜੀ ਅਪਨੇ ਨਾਮ ਤੋਂ ਪਹਿਲਾ ਮੁਨਸ਼ੀ ਲਿੱਖਣ ਲੱਗ ਪਏ। ਮੁਨਸ਼ੀ ਜੀ ਦੀ ਲਿਖਤ ਹੈ ਕਿ 29 ਪੋਹ 1995 (ਬਿਕਰਮੀ) ਬਾਬਾ ਨੰਦ ਸਿੰਘ ਜੀ ਮਹਾਰਾਜ ਨੇ ਦਿੱਲੀ ਵਾਲੇ ਸ੍ਰ: ਸਪੂੰਰਨ ਸਿੰਘ ਠੇਕੇ ਦਾਰ ਨੂੰ ਵਾਰਤਾ ਸੁਣਾਈ ਸੀ। ਕਿ ਜੋ ਗੱਦੀ ਸਾਹਿਬ ਦੇ ਟਿੱਲਾ ਸਾਹਿਬ ਵਾਲੇ ਪਾਸੇ ਦਰਵਾਜੇ ਦੇ ਸਾਹਮਣੇ ਥੜਾ (ਫੱਟਾ) ਹੈ ਉਸ ਉਪਰ ਸਾਰੇ ਸੇਵਕਾ ਅਤੇ ਦਰਸ਼ਨ ਅਭਿਲਾਸੀਆਂ ਨੂੰ ਲੰਮਾ ਲਿਟਾਇਆ ਸੀ। ਬਾਬਾ ਜੀ ਇਸ ਫੱਟੇ ਨੂੰ (ਥੜੇ ਨੂੰ) ਬਾਦਸ਼ਾਹ ਜਰਮਨ ਦਾ ਤਖਤ ਫਰਮਾਇਆ ਕਰਦੇ ਸੀ। ਇਹ ਸੰਗਤ ਨੂੰ ਪਤਾ ਸੀ ਕਿ ਇਹ ਫੱਟਾ ਜਰਮਨ ਦਾ ਤਖਤ ਹੈ ਪਰ ਅੱਜ ਜੋ ਸਾਰਿਆ ਨੂੰ ਇਸ ਉਪਰ ਲੇਟਣ ਲਈ ਫੁਰਮਾਇਆ ਇਸ ਦਾ ਕੀ ਮੱਤਲਬ ਸੀ। ਸੇਵਕਾਂ ਦੇ ਅਰਜ ਕਰਨ ਤੇ ਬਾਬਾ ਜੀ ਹਜ਼ੂਰ ਨੇ ਫੁਰਮਾਇਆ ਸੀ "ਕਿ ਸਾਹਮਣੇ ਨਵੇਂ ਮੰਦਰ (ਰਾਜੇ ਵਾਲਾ ਦਰਬਾਰ ਸਾਹਿਬ) ਦੇ ਬਰਾਮਦੇ ਵਿਚ ਮੰਜੇ ਉਪਰ ਪਿਆ ਬਾਬਾ ਕੇਸ਼ਰ ਸਿੰਘ ਉੱਚੀ ਉੱਚੀ ਨਾਹਰੇ ਮਾਰ ਰਿਹਾ ਹੈ, ਇਹ ਬੱਗਾ ਸ਼ੇਰ ਦਹਾੜ ਰਿਹਾ ਹੈ, ਇਹ "ਜਟਾਊ" ਹੈ। ਜੇਕਰ ਇਸ ਉਪਰ ਨੀਲਾ ਕੱਪੜਾ ਪਾ ਦੇਈਏ ਤਾਂ ਸਾਮਾਂ ਜਟਾਊ ਬਣ ਜਾਂਦਾ ਹੈ।"

ਮੁਨਸੀ ਜੀ ਨੇ ਕਿਹਾ "ਮਹਾਰਾਜ! ਨੀਲਾ ਪਾ ਦੇਈਏ ਜਾਂ ਨ ਪਾਈਏ ਇਨ੍ਹਾਂ ਦਾ ਸਾਰਾ ਚਿਹਰਾ ਜਟਾਊ ਵਰਗਾ ਹੀ ਹੈ ਉਸੇ ਤਰ੍ਹਾਂ ਦੀ ਬੈਠਕ ਹੈ। (ਨੋਟ:- "ਜਟਾਊ" ਇਹ ਇਕ ਪੰਛੀ ਸੀ ਜਿਸ ਨੇ ਮਾਤਾ ਸੀਤਾ ਦੇ ਰਾਵਣ ਵੱਲੋ ਹਰਨ ਕਰਨ ਸਮੇਂ ਮੁਕਾਬਲਾ ਕੀਤਾ ਸੀ ਅਤੇ ਫੱਟੜ ਹੋ ਕੇ ਧਰਤੀ ਉਪਰ ਡਿੱਗ ਪਿਆ ਸੀ ਅਤੇ ਸ੍ਰੀ ਰਾਮ ਜੀ ਨੂੰ ਵਾਰਤਾ ਸੁਣਾ ਕੇ ਪ੍ਰਾਣ ਤਿਆਗ ਦਿੱਤੇ ਸਨ)

ਹਜ਼ੂਰ ਪਾਤਸ਼ਾਹ ਨੇ ਫੁਰਮਾਇਆ "ਕਿ ਜਦ ਅਸੀਂ ਸ੍ਰੀ ਰਾਮ ਚੰਦਰ ਅਤੇ ਸ੍ਰੀ ਕ੍ਰਿਸ਼ਨ ਅਵਤਾਰ ਸੀ ਤੁਸੀਂ ਵੀ ਉਸੇ ਵੇਲੇ ਦੇ ਸਾਰੇ ਸੇਵਕ ਮੇਰੇ

ਨਾਲ ਚਲਦੇ ਆ ਰਹੇ ਹੋ। ਦੁਨੀਆਂ ਤਾਂ ਕਹਿ ਰਹੀ ਸੀ ਕਿ ਜਰਮਨ ਆਇਆ ਜਰਮਨ ਆਇਆ, ਫਿਰ ਕਿਉਂ ਨਹੀਂ ਆਇਆ, ਫਿਰ ਆਪ ਹੀ ਫੁਰਮਾਇਆ "ਆਪਣੇ ਹੱਥੀ ਬੂਟਾ ਲਾਉਣ ਵਾਲਾ ਆਪਣੇ ਸਾਹਮਣੇ ਦੂਜੇ ਨੂੰ ਪੁੱਟਣ ਨਹੀਂ ਦਿੰਦਾ। ਜਦੋਂ ਅੰਗਰੇਜ਼ ਸਾਡੇ ਵਰ ਨਾਲ ਆਏ ਹਨ ਅਤੇ ਅਸੀਂ ਆਪ ਬੈਠੇ ਹਾਂ, ਫਿਰ ਜਰਮਨ ਨੂੰ ਕਿਸ ਤਰ੍ਹਾਂ ਇਨ੍ਹਾਂ ਦੀਆਂ ਜੜ੍ਹਾਂ ਪੁੱਟਣ ਦਿੰਦੇ। ਜਰਮਨ ਦੇ ਬਾਦਸ਼ਾਹ ਦੀ ਸ਼ਕਤੀ ਖਿੱਚ ਕੇ ਇਸ ਜਗ੍ਹਾਂ ਵਿਚ ਦੱਬ ਦਿੱਤੀ ਹੈ। ਇਸ ਜਗ੍ਹਾ ਨੂੰ ਅਪਨੇ ਚਰਨਾ ਨਾਲ ਦਬਾ ਕੇ ਅਤੇ ਸੰਗਤਾਂ ਨੂੰ ਉਪਰ ਲਿਟਾ ਲਿਟਾ ਕੇ ਸ਼ਕਤੀ ਦੱਬ ਦਿੱਤੀ ਹੈ।ਸ਼ਕਤੀ ਦੇ ਦੱਬ ਜਾਣ ਅਤੇ ਘੱਟ ਹੋ ਜਾਣ ਕਰਕੇ ਜਰਮਨ ਨਹੀਂ ਆ ਸਕਿਆ ਅਤੇ ਨਾ ਹੀ ਸਾਡੇ ਹੁੰਦਿਆਂ ਭੂਪਇੰਦ੍ਰੀ ਦਾ ਕੁਝ ਬਿਗੜੇਗਾ, ਇਹ ਵੀ ਸਾਡਾ ਬੂਟਾ ਲਾਇਆ ਹੋਇਆ ਹੈ। ਇਸ ਕਰਕੇ ਇਨ੍ਹਾਂ ਦੇ ਸੁਖ ਲਈ ਮੱਟ ਵਿਚ ਠੰਡਾ ਜਲ ਅਪਨੀ ਨਿਗਾਹ ਨਾਲ ਪੁਆਇਆ ਹੈ ਤਾਂ ਕਿ ਇਹ ਤਕਲੀਫਾਂ ਤੋਂ ਬੱਚ ਸਕਣ।"

**ਸਾਧ ਕੈ ਸੰਗਿ ਕਲੂਖਤ ਹਰੈ ॥ ਸਾਧ ਕੈ ਸੰਗਿ ਨਰਕ ਪਰਹਰੈ ॥**
**ਸਾਧ ਕੈ ਸੰਗਿ ਈਹਾ ਊਹਾ ਸੁਹੇਲਾ ॥ ਸਾਧਸੰਗਿ ਬਿਛੁਰਤ ਹਰਿ ਮੇਲਾ ॥**

(ਅੰਗ ੨੭੨)

ਮੁਨਸ਼ੀ ਜੀ ਨੇ ਅਰਜ਼ ਕੀਤੀ ਸੀ "ਕਿ ਇਹ ਬਚਨ ਲਿਖਣੇ ਹਨ" ਪਾਤਸ਼ਾਹ ਨੇ ਹੁਕਮ ਫੁਰਮਾਇਆ "ਕਿ ਇਹ ਲਿਖਣ ਜਾਂ ਲਿਖਾਉਣ ਵਾਸਤੇ ਨਹੀਂ, ਕਿਸੀ ਮੌਕੇ ਕਹਿਣ ਵਾਲੇ ਹਨ, ਲਿਖਣੇ ਅਤੇ ਦੱਸਣੇ ਨਹੀਂ।" (ਪਰ ਮੁਨਸ਼ੀ ਜੀ ਦੇ ਇਹ ਬਚਨ ਲਿਖੇ ਹੋਏ ਮਿਲੇ ਹਨ)

ਸਾਲ ਬ੍ਰਿਕਮੀ 1992 ਵਿਚ ਮਹਾਰਾਜਾ ਪਟਿਆਲਾ ਜਾਰਜ ਪੰਚਮ ਦੇ ਦਰਬਾਰ ਜਬਲੀ ਮੁਬਾਰਕਪੁਰ ਵਿਲੈਤ ਵਿਚ ਤਸਰੀਫ ਲਿਆਏ ਤਾਂ ਇਹ ਬਾਬਾ ਜੀ ਦੇ ਬਚਨ ਮਹਾਰਾਜਾ ਸਾਹਿਬ ਨੇ ਪੇਸ਼ ਕੀਤੇ। ਜਾਰਜ ਪੰਚਮ ਵੱਲੋਂ ਸਾਰੇ ਇੰਡੀਆਂ ਦੇ ਰਾਜੇ, ਮਹਾਰਾਜਿਆਂ ਤੋਂ ਵੱਧ ਮਾਨ ਸਨਮਾਨ ਅਤੇ ਉਚੀ ਪਦਵੀ ਬਾਦਸ਼ਾਹ ਨੂੰ ਦਿੱਤੀ ਗਈ।

ਮੁਨਸ਼ੀ ਜੀ ਨੇ ਇਹ ਬਚਨ ਬਾਬਾ ਜੀ ਦੇ ਬਾਬਾ ਨੰਦ ਸਿੰਘ ਨੂੰ ਸੁਣਾਉਣ ਤੋਂ ਬਾਅਦ ਅਰਜ ਕੀਤੀ ਸੀ ਕਿ "ਸਵਾਮੀ ਜੀ ਤੁਸੀਂ ਆਪ ਅੰਤਰਜਾਮੀ ਹੋ। ਤੁਸੀਂ ਕੱਤਕ 1984 ਬ੍ਰਿਕਮੀ ਵਿਚ ਪਿੰਡ ਪੱਤੋਕੇ ਆਪ

ਹੀ ਫੁਰਮਾਇਆ ਸੀ "ਕਿ ਬੈਕੁੰਠ ਵਿਚ ਬਾਬਾ ਮਹਾਂਹਰਨਾਮ ਸਿੰਘ ਜੀ ਨਾਲ ਸਾਡੇ ਰੋਜ਼ ਹੀ ਬਚਨ ਹੁੰਦੇ ਹਨ।"

**ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ ॥** (ਅੰਗ ੨੭੩)

**ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ ॥**

**ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ ॥** (ਅੰਗ ੪੨੯)

## (4)
## ਬਾਬਾ ਜੀ ਮਹਾਰਾਜ ਨੂੰ ਰੂੰਮੀ ਵਾਲੇ ਕਿਉਂ ਆਖਦੇ ਸਨ

ਧੰਨ ਬਾਬਾ ਮਹਾਂ ਹਰਨਾਮ ਸਿੰਘ ਬਾਬਾ ਜੀ ਜਿਨ੍ਹਾਂ ਨੂੰ ਆਮ ਕਰਕੇ ਲੋਕ ਬਾਬਾ ਜੀ ਰੂੰਮੀ ਵਾਲੇ ਜਾਂ ਸੰਤ ਰੂੰਮੀ ਵਾਲੇ ਕਹਿੰਦੇ ਸਨ। ਇਸ ਬਾਰੇ ਮੁਨਸ਼ੀ ਹਰਦਿੱਤ ਸਿੰਘ ਜੀ ਲਿੱਖਦੇ ਹਨ।

ਧੰਨ ਬਾਬਾ ਮਹਾਂ ਹਰਨਾਮ ਸਿੰਘ ਮਹਾਰਾਜ ਜੀ ਨੇ ਪਿੰਡ ਮਨਸੂਰਵਾਲ ਰਿਆਸਤ ਕਪੂਰਥਲਾ ਵਿਚ ਅਵਤਾਰ ਧਾਰਿਆ। ਉਸ ਜਗ੍ਹਾਂ ਤੋਂ ਚਲਦੇ ਰਸਤੇ ਵਿਚ ਕਈ ਪ੍ਰੇਮੀਆਂ ਨੂੰ ਕਿਰਤਾਰਥ ਕਰਦੇ ਹੋਏ, ਬਿਕਰਮੀ 1926 ਨੂੰ ਢਾਬ ਰੂੰਮੀ ਜੋ ਭੁਚੋ ਕਲਾਂ ਤੋਂ ਦੋ ਮੀਲ ਅਤੇ ਸੇਮਾ ਪਿੰਡ ਤੋਂ ਇਕ ਮੀਲ ਦੇ ਫਾਸਲੇ ਉਤੇ ਹੈ ਬਿਰਾਜਮਾਨ ਹੋਏ। ਤਕਰੀਬਨ 12 ਸਾਲ ਢਾਬ ਰੂੰਮੀ ਰਹਿਣ ਉਪਰੰਤ 1938 ਬ੍ਰਿਕਮੀ ਨੂੰ ਲੋਹੜੀ ਵਾਲੇ ਦਿਨ ਨੂੰ ਭੁਚੋ ਕਲਾਂ ਟਿੱਲਾ ਸਾਹਿਬ ਤਖਤੇ ਆਨਾ ਢਾਬ ਦੇ ਕਿਨਾਰੇ ਬਿਰਾਜਮਾਨ ਹੋ ਗਏ ਸਨ। ਰੂੰਮੀ ਨਗਰ ਵਿਚ ਰਹਿਣ ਕਰਕੇ ਬਾਬਾ ਜੀ ਲੋਕਾਂ ਦੀ ਪਛਾਣ ਵਿਚ ਆ ਗਏ। ਆਮ ਕਰਕੇ ਲੋਕ ਬਾਬਾ ਜੀ ਨੂੰ "ਰੂੰਮੀ ਵਾਲੇ ਸੰਤ ਕਹਿੰਦੇ ਸਨ। ਇਹ ਰੂੰਮੀ ਪੂਜਨੀਕ ਭਜਨ ਬੰਦਗੀ ਕਰਨ ਵਾਲੀ ਮਾਤਾ ਦਾ ਨਾਮ ਸੀ ਇਸ ਦਾ ਵੇਰਵਾ ਅੱਗੇ ਆਏਗਾ। ਮਹਾਰਾਜ ਬਾਬਾ ਜੀ ਨੇ ਇਨ੍ਹਾਂ ਨੂੰ ਜਗਤ ਜਨਨੀ ਫੁਰਮਾਇਆ ਹੈ।

ਮੁਨਸ਼ੀ ਜੀ ਪਹਿਲੀ ਵਾਰ 5 ਪੋਹ ਬਿਕ੍ਰਮੀ 1972 ਨੂੰ ਹਜੂਰ ਮਹਾਰਾਜ ਦੇ ਦਰਸ਼ਨ ਕਰਨ ਆਏ ਸਨ। ਫਿਰ ਕਈ ਵਾਰ ਆਏ ਅਤੇ ਪਹਿਰੇ ਕੱਟਣ ਵੀ ਆਉਂਦੇ ਰਹਿੰਦੇ। ਬਾਬਾ ਜੀ ਮਹਾਰਾਜ ਕਈ ਵਾਰ ਅਨੰਦ ਵਿਚ ਆ ਕੇ ਫੁਰਮਾਉਂਦੇ ਸਨ ਕਿ "ਅਸੀਂ ਉਹ ਹੀ ਹਾਂ ਜਿਨ੍ਹਾਂ ਨੇ ਸੱਤਵੇ ਜਾਮੇ ਵਿਚ

ਫੂਲ ਬੰਸ ਨੂੰ, ਨਾਭਾ ਪਟਿਆਲਾ, ਜੀਂਦ ਦੀਆਂ ਗੱਦੀਆਂ ਅਤੇ ਬਾਈਏ ਨੂੰ ਬਖਸ਼ਸ਼ਾ ਬਖਸ਼ੀਆਂ ਸੀ। ਕੰਗਲੇ ਜੇ, ਹੋ ਕੇ ਕਾਰਜ ਕਰਨ ਆਏ ਹਾਂ, ਕਾਰਜ ਕੀਤਾ ਤੇ ਉਂਡਤਰ ਹੋਵਾਂਗੇ।" (ਭਾਵ ਕਾਰਜ ਸਭ ਦੇ ਕਰਾਂਗੇ ਪਰ ਆਪਣਾ ਆਪ ਛਪਾ ਕੇ ਹੀ ਏਥੇ ਪਿਆਰੇ ਬਾਬਾ ਜੀ ਦੇ ਗਰੀਬੀ ਨਿਮਰਤਾ ਭਰਪੂਰ ਬਚਨਾਂ ਦੀ ਝਲਕ ਪੈ ਰਹੀ ਹੈ।)

ਹਜ਼ੂਰ ਬਾਬਾ ਜੀ ਨੇ ਢਾਬ ਰੂੰਮੀ ਅਤੇ ਤਖਤੇਆਣਾ ਦੀ ਬਰਕਤ ਅਤੇ ਅਜਮਤ ਬਾਰੇ ਸਾਫ ਫੁਰਮਾਇਆ ਹੈ।

**"ਤ੍ਰਿਭੰਗੀ ਛੰਦ"**

**ਜੈ ਤਖਤੇਆਣਾ ਤਖੇਤਾਣਾ ਕਹੈ ਨਿਬਾਣਾ ਨਾਨਕ ਹੂੰ॥**
**ਤੱਟ ਉਧਾਰੇ ਨੀਰ ਸੁਚਿਆਰੇ ਪੀਵਤ ਪਿਆਰੇ ਬਦਤਾ ਹੂੰ॥**
**ਜੈ ਰੂੰਮੀ ਮਾਤਾ ਤ੍ਰਿਲੋ ਗਿਆਤਾ ਜਗਤ ਬਖਜਾਤਾ ਜੱਗ ਜਨਨੀ॥**
**ਜੇਹਿਛਾਜੇ ਰੇਰੂ ਵਾਂਗ ਸਮੇਰੂ ਰਾਹਿ ਕਿਰਤੇਰੂ (ਕੁਲਿੰ) ਕਰਨੀ॥**

(5)

# ਮਹਾ ਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ ॥
# ਓਇ ਅੰਮ੍ਰਿਤ ਭਰੇ ਭਰਪੂਰ ਹਹਿ ਓਨਾ ਤਿਲੁ ਨ ਤਮਾਇ ॥

(ਅੰਗ ੭੫੫)

## ਰਿਆਸਤ ਪਟਿਆਲਾ ਨੂੰ ਕਾਇਮ ਰੱਖਣ ਲਈ ਬਾਬਾ ਜੀ ਦੇ ਮੁਖਾਰਬਿੰਦ ਤੋਂ ਹੁਕਮ ਤੇ ਉਪਾਉ

1 ਸ਼ਿਕਾਰ ਬਚਕੇ ਖੇਡਣਾ ਹੈ ਤਕਲੀਫ ਪਹੁੰਚਣ ਦਾ ਡਰ ਹੈ।

2 ਰਾਤ ਨੂੰ ਜੋ ਪੁੰਨ ਰਾਜੇ ਦੇ ਸਿਰਹਾਣੇ ਰੱਖਿਆ ਜਾਂਦਾ ਹੈ। ਉਹ ਉਨ੍ਹਾਂ ਅਪਾਹਜਾਂ ਨੂੰ ਨਹੀਂ ਮਿਲਦਾ ਜਿੰਨ੍ਹਾਂ ਨੂੰ ਮਿਲਣਾ ਚਾਹੀਦਾ ਹੈ। ਬਾਦਸ਼ਾਹ ਉਧਰ ਧਿਆਨ ਦੇਣ।

3 ਬਰਨਾਲੇ ਜੋ ਬਾਦਸ਼ਾਹ ਆਲਾ ਸਿੰਘ ਬੈਕੁੰਠ ਵਾਸੀ ਦੇ ਚੁੱਲੇ ਹਨ। ਉਨ੍ਹਾਂ ਦੀ ਰੋਸ਼ਨੀ ਅਤੇ ਬਰੱਕਤ ਨਾਲ ਹੀ ਪਟਿਆਲੇ ਦੀ ਗੱਦੀ ਦੀ ਰੋਸ਼ਨੀ ਅਤੇ ਬਰਕੱਤ ਹੈ, ਉਨ੍ਹਾਂ ਦਾ ਪੁੰਨ ਵਧਾਉ। ਉਨ੍ਹਾਂ ਪਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਾਉ। ਜਿਸ ਕਰਕੇ ਪਟਿਆਲੇ ਗੱਦੀ ਦੀ ਰੋਸ਼ਨੀ ਅਤੇ ਬਰਕਤ ਵਧਦੀ ਰਹੇ।

4 ਭੁਚੋ ਕਲ੍ਹਾਂ ਵਿਚ ਜੋ ਭਾਈ ਦਿਆਲ ਦਾਸ ਸਾਹਿਬ ਦੀ ਸਮਾਧ ਹੈ ਉਸ ਦੀ ਮੁਰੰਮਤ ਕਰਾਉ ਅਤੇ ਮੰਨਤਾ ਕਰੋ। ਕਿਉਂਕਿ ਭਾਈ ਦਿਆਲ ਦਾਸ ਜੀ ਬਾਦਸ਼ਾਹ ਆਲਾ ਸਿੰਘ ਜੀ ਦੇ ਗੁਰਦੇਵ ਸੀ। ਜਿਸ ਨੇ ਬਾਦਸ਼ਾਹ ਆਲਾ ਸਿੰਘ ਨੂੰ ਤਿੰਨ ਦਿਨ ਤੋਂ ਮਰਿਆ ਹੋਇਆਂ ਨੂੰ ਆਪਣੀ ਉਮਰ ਦੇ ਬਾਰਾਂ ਸਾਲ ਦੇ ਕੇ ਜਿਉਂਦੇ ਕਰਕੇ, ਹੁਕਮ ਕੀਤਾ ਸੀ "ਕਿ ਜਾਉ ਆਪਣੇ ਰਾਜ ਦੀ ਹੱਦ ਪੂਰੀ ਕਰੋ।"

ਨੋਟ:- (ਪੁਰਾਣੇ ਬਜੁਰਗਾਂ ਤੋਂ ਸੁਨਣ ਵਿਚ ਆਇਆ ਹੈ ਕਿ ਬਾਦਸ਼ਾਹ ਆਲਾ ਸਿੰਘ ਅਤੇ ਭਾਈ ਦਿਆਲ ਦਾਸ ਜੀ ਆਪਸ ਵਿਚ ਰਿਸ਼ਤੇ ਤੋਂ ਸਾਂਢੂ ਲੱਗਦੇ ਸਨ। ਭਾਈ ਸਾਹਿਬ ਨੂੰ ਉਨ੍ਹਾਂ ਦੀ ਰਿਸ਼ਤੇ ਤੋਂ ਸਾਲੀ ਲਗਦੀ ਮਹਾਰਾਣੀ ਨੇ ਮੇਹਣਾ ਮਾਰਿਆ ਸੀ "ਕਿ ਭਾਈ ਕਾ ਕਹਾਉਂਦਾ ਹੈਂ, ਗੁਰੂਵੰਸ਼ ਵਿਚੋਂ ਹੈਂ, ਸ਼ਕਤੀਆਂ ਦਾ ਮਾਲਕ ਹੈਂ ਤਾਂ ਆਪਣੇ ਸਾਂਢੂ ਨੂੰ ਜੀਉਂਦਾ ਕਰ ਦੇ।"

ਇਸ ਤਾਹਨੇ ਨੂੰ ਨਾ ਸਹਾਰਦੇ ਹੋਏ ਭਾਈ ਦਿਆਲ ਦਾਸ ਜੀ ਨੇ ਆਪਣੀ ਉਮਰ ਵਿਚੋਂ ਬਾਰਾਂ ਸਾਲ ਦਿੱਤੇ ਸਨ। ਭਾਈ ਦਿਆਲ ਦਾਸ ਜੀ ਬਾਰੇ ਆਪ ਪਿਛਲੇ ਭਾਗ ਵਿਚ ਪੜ ਚੁੱਕੇ ਹੋ।)

5 ਆਪਣੇ ਚਾਚੀ ਜੀ ਨੂੰ ਬੜੀ ਧੂਮਧਾਮ ਨਾਲ ਉਸ ਦੀ ਕੋਠੀ ਵਿਚ ਖੁਦ ਆਪ ਬੱਗੀ ਵਿਚ ਬਿਠਾ ਕੇ ਛੱਡ ਕੇ ਆਉਣਾ ਹੈ, ਅਤੇ ਸੁਖ ਦੇ ਸਾਰੇ ਸਮਾਨ ਦੇਣੇ ਹਨ।

6 ਚਾਚੀ ਜੀ ਦੀ ਬੇਟੀ ਦੀ ਸ਼ਾਦੀ ਛਛਰੋਲੀ ਕਰ ਦਿਉ।

ਇਹ ਹੁਕਮ ਮਾਘ 1979 ਬਿਕ੍ਰਮੀ ਨੂੰ ਭੇਜੇ ਗਏ ਸੀ। ਗ੍ਰੰਥੀਆਂ ਨੂੰ ਨੌਕਰੀ ਦੇਣੀ ਹੈ। ਇਕ ਸੇਵਕ ਨੂੰ ਕੈਦ ਵਿਚੋਂ ਛੁਡਾਉਣਾ ਹੈ। ਲਾਲਾ ਦਿਲਸੁਖ ਰਾਇ ਜੀ ਨੂੰ ਡੇਰੇ ਦੇ ਇੰਤਜਾਮ ਲਈ ਭੇਜੋ। ਬਾਬਾ ਜੀ ਹਜੂਰ ਮਹਾਰਾਜ ਨੇ ਜੋਤੀ ਜੋਤ ਸਮਾਉਣ ਤੋਂ ਬਾਰਾਂ ਘੰਟੇ ਪਹਿਲਾ 2 ਪੋਹ ਬਿਕ੍ਰਮੀ 1984 ਨੂੰ ਫੁਰਮਾਇਆ ਸੀ ਕਿ ਚੋਧਰੀ ਮਹਾਂ ਸਿੰਘ ਨੂੰ ਮਹਾਰਾਜਾ ਵੱਲੋ ਰੋਜ ਇਕ ਰੁਪਿਆ ਦਿੱਤਾ ਜਾਵੇ।

(ਮੁਨਸ਼ੀ ਹਰਦਿਤ ਸਿੰਘ ਜੀ ਨੇ ਨੀਲਾ ਸਿੰਘ ਤੋਂ ਸੁਣ ਕੇ ਲਿਖਿਆ ਹੈ ਕਿ 3 ਅੱਸੂ ਬਿਕ੍ਰਮੀ 1984 ਨੂੰ ਹਜੂਰ ਬਾਬਾ ਜੀ ਨੂੰ ਟਿੱਲਾ ਸਾਹਿਬ ਤੋਂ

ਹੇਠਲੇ ਮੰਦਰ ਵਿਚ ਆਇਆ ਤੇਰਾਂ ਸਾਲ ਹੋ ਗਏ ਹਨ। ਇਸ ਤੋਂ ਭਾਵ ਕਿ ਹਜੂਰ ਬਾਬਾ ਮਹਾਂਹਰਨਾਮ ਸਿੰਘ ਜੀ 13 ਸਾਲ 3 ਮਹੀਨੇ ਗੱਦੀ ਸਾਹਿਬ ਅੰਦਰ ਬਿਰਾਜਮਾਨ ਰਹੇ।)

**(6)**

## ਖਿਲਾਫੇ ਗਏ ਸੁਲਤਾਂ ਗਏ ਜੁਸਤਨ ॥
## ਬਖ਼ੂਨੇ ਖ਼੍ਵੇਸ ਬਾਯਦ ਦਸਤ ਮੁਸਤਨ ॥

ਬਾਦਸ਼ਾਹ ਦੇ ਖਿਲਾਫ ਆਪਣੀ ਰਾਏ ਢੂੰਡਣੀ ਜਾਨੀ ਕਿ ਅਰਜ ਕਰਨਾ ਆਪਣੇ ਖ਼ੂਨ ਨਾਲ ਆਪਣੇ ਹੱਥ ਧੋਣੇ ਹੈ।ਭਾਵ ਬਾਦਸ਼ਾਹ ਨੂੰ ਆਪਣੇ ਉਪਰ ਸਖਤ ਨਰਾਜ ਕਰ ਲੈਣਾ।

ਮੁਨਸ਼ੀ ਹਰਦਿੱਤ ਸਿੰਘ ਜੀ ਨੇ ਬਿਕ੍ਰਮੀ 1995 ਵਿਚ ਮੌਕੇ ਦੇ ਬਾਦਸ਼ਾਹ ਨੂੰ ਅਰਜ ਕੀਤੀ ਸੀ ਕਿ ਰਾਜਾ ਮਹੇਸ਼ਇੰਦਰ ਸਿੰਘ ਨੂੰ ਉਨ੍ਹਾਂ ਦੇ ਬਣਦੇ ਹੱਕ (ਹਦੂਕ) ਦਿੱਤੇ ਜਾਣ ਇਸੇ ਵਿਚ ਹੀ ਰਿਆਸਤ ਪਟਿਆਲਾ ਦੀ ਭਲਾਈ ਹੈ। ਇਨ੍ਹਾਂ ਨੇ ਅਨਵਰ ਜੀ ਦੀ ਸੇਵਾ ਵਿਚ ਬਹੁਤ ਬੇਨਤੀਆਂ ਕੀਤੀਆਂ ਕਿ ਪਟਿਆਲਾ ਗੱਦੀ ਮੁਬਾਰਕ ਦੀ ਬਰਕਤ ਅਤੇ ਰੌਸ਼ਨੀ ਇਸੇ ਵਿਚ ਹੈ ਕਿ ਬਾਬਾ ਜੀ ਵਲੋ ਬਖਸ਼ੇ ਹੋਏ ਉਪਾਉ ਕਰ ਲਏ ਜਾਣ। ਮੁਨਸ਼ੀ ਜੀ ਨੂੰ ਉਸ ਵੇਲੇ ਖੁਸ਼ੀ ਮਿਲੇਗੀ ਜਦ ਬਾਬਾ ਜੀ ਵੱਲੋ ਸੁਣਾਏ ਗਏ ਬਚਨ ਮਹਾਰਾਜਾ ਵੱਲੋਂ ਅਮਲ ਵਿਚ ਲਿਆਂਦੇ ਜਾਣਗੇ ਅਤੇ ਰਾਜਾ ਸਾਹਿਬ ਨੂੰ ਬਣਦੇ ਹੱਕ ਦਿੱਤੇ ਜਾਣਗੇ। ਰਾਜਾ ਸਾਹਿਬ, ਮਹਾਰਾਜਾ ਸਾਹਿਬ ਅਤੇ ਅਨਵਰ ਜੀ ਦੇ ਆਪਸ ਵਿਚ ਚੰਗੀ ਮੁਹੱਬਤ ਬਣੀ ਰਹੇ ਇਸੇ ਵਿਚ ਰਿਆਸਤ ਪਟਿਆਲਾ ਦੀ ਭਲਾਈ ਹੈ। ਇਸ ਬੇਨਤੀ ਨੂੰ ਕਿਸੇ ਨੇ ਵੀ ਪ੍ਵਾਨ ਨਹੀਂ ਕੀਤਾ ਉਲਟਾ ਮੁਨਸ਼ੀ ਜੀ ਉਪਰ ਪੂਰਨ ਤੌਰ ਤੇ ਨਰਾਜ ਹੋਏ। ਜਿਸ ਦੀ ਬਦੌਲਤ ਇਨ੍ਹਾਂ ਨੂੰ ਕਾਫੀ ਮੁਸ਼ਕਲਾ ਦਾ ਸਾਹਮਣਾ ਕਰਨਾ ਪਿਆ। ਮੁਨਸ਼ੀ ਜੀ ਦਾ ਮਕਾਨ ਤੱਕ ਨਿਲਾਮ ਕਰਨ ਦਾ ਹੁਕਮ ਹੋ ਗਿਆ।

ਮੁਨਸ਼ੀ ਜੀ ਨੇ ਫਿਰ ਬੇਨਤੀ ਕੀਤੀ "ਕਿ ਦਾਸ 76 ਸਾਲ ਦਾ ਹੋ ਚੁੱਕਾ ਹੈ ਮੇਰੀਆਂ ਤਾਂ ਕੀਤੀਆਂ ਹੋਈਆਂ ਖਿਦਮਤਾ ਅਤੇ ਮਾਨ ਸਨਮਾਨ

ਪਾਉਣ ਵਾਲੀਆਂ ਮੁਸ਼ਕੱਤਾ ਦਾ ਕੁਝ ਤਾਂ ਖਿਆਲ ਕੀਤਾ ਜਾਵੇ। ਮੈਂ ਤਾਂ ਰਾਜਾ ਸਾਹਿਬ ਦੇ ਹੱਕ ਦੀ ਗੱਲ ਬਾਬਾ ਜੀ ਮਹਾਰਾਜ ਦੇ ਹੁਕਮ ਅਨੁਸਾਰ ਜੋ ਕਰੀ ਹੈ। ਮੇਰੀ ਕੀਤੀ ਸੇਵਾ ਦੀ ਅਸਲੀ ਰਹਿਮਤ ਤਾਂ ਉਸ ਦਿਨ ਵਰਤੇਗੀ ਜਿਸ ਦਿਨ ਮਹਾਰਾਜਾ ਸਾਹਿਬ ਯਾਦਵਿੰਦਰ ਸਿੰਘ ਜੀ ਲੋਕਾਂ ਦੇ ਇਕੱਠ ਵਿਚ ਇਹ ਐਲਾਨ ਕਰਨਗੇ ਕਿ "ਰਾਜਾ ਸਾਹਿਬ ਨੂੰ ਉਨ੍ਹਾਂ ਦੇ ਹੱਕ ਦਿੱਤੇ ਜਾਂਦੇ ਹਨ ਅਤੇ ਮੁਨਸ਼ੀ ਹਰਦਿੱਤ ਸਿੰਘ ਦੇ ਮਕਾਨ ਦੀ ਨਿਲਾਮੀ ਰੱਦ ਕੀਤੀ ਜਾਂਦੀ ਹੈ, ਅਤੇ ਇਸ ਦਾ ਬਣਦਾ ਕਰਜਾ ਸਰਕਾਰੀ ਖਜ਼ਾਨੇ ਵਿਚ ਦਿੱਤਾ ਜਾਵੇਗਾ।

**( 7 )**

# ਮਨਮੁਖਾਂ ਨੋ ਪਰਤੀਤਿ ਨ ਆਵੀ ਅੰਤਰਿ ਲੋਭ ਸੁਆਉ ॥

(ਅੰਗ ੬੩੪)

## ਬਾਬਾ ਨਰੈਣ ਸਿੰਘ ਜੀ ਨਾਲ ਵਿਚਾਰ

ਮੁਨਸ਼ੀ ਹਰਦਿੱਤ ਸਿੰਘ ਦੀ ਬੇਨਤੀ ਉਪਰ ਵਿਚਾਰ ਕਰਨ ਲਈ ਹਜ਼ੂਰ ਬਾਬਾ ਮਹਾਂਹਰਨਾਮ ਸਿੰਘ ਜੀ ਦੇ ਸੱਚ ਖੰਡ ਚਲੇ ਜਾਣ ਤੋਂ ਬਾਅਦ ਵਜੀਰ ਮਾਲ ਮਹਿਕਮਾ, ਨਾਜ਼ਮ, ਅਫਸਰ ਮਾਲ ਅਤੇ ਤਹਿਸੀਲਦਾਰ ਪਟਿਆਲੇ ਤੋਂ ਬਾਬਾ ਦਿਆਲ ਦਾਸ ਜੀ ਦੀਆਂ ਸਮਾਧਾਂ ਦੀ ਮੁਰੰਮਤ, ਮਹਾਰਾਜਾ ਆਲਾ ਸਿੰਘ ਦੇ ਚੁਲਿਆ ਦੀ ਮੁਰੰਮਤ, ਤਖਤੇਆਣਾ ਅਤੇ ਰੂੰਮੀ ਤਲਾਬ (ਸਰੋਵਰ) ਪੱਕਾ ਬਨਾਏ ਜਾਣਾ, ਹਰੀਮੰਦਰ ਬਨਾਉਣ ਬਾਰੇ ਬਚਨ ਕਰਿਆ ਕਰਦੇ ਸਨ। ਢਾਬ ਰੂੰਮੀ ਅਤੇ ਤਖਤੇਆਣਾ ਪੱਕਾ ਬਨਾਉਣ ਦਾ ਹੁਕਮ ਤਾਂ ਜਰੂਰ ਸੀ ਪਰ ਇਹ ਨਹੀਂ ਪਤਾ ਸੀ ਕਿ ਹੁਣ ਕੌਣ ਪੱਕਾ ਕਰੇਗਾ ਅਤੇ ਕਦੋ ਕਰੇਗਾ। ਇਨ੍ਹਾਂ ਦੇ ਪ੍ਰਗਟ ਹੋਣ ਦਾ ਹੁਕਮ ਜਰੂਰ ਸੀ। ਦਿਆਲ ਦਾਸ ਜੀ ਦੇ ਚੁੱਲਿਆ ਦੀ ਸਮਾਧ ਦੀ ਮੁਰੰਮਤ ਦੀ ਸੇਵਾ ਅਤੇ ਪੂਜਾ ਕਰਨ ਦਾ ਹੁਕਮ ਵੀ ਜਰੂਰ ਸੀ। ਪਰ ਹੁਣ ਇਹ ਸੇਵਾ ਦਾ ਹੁਕਮ ਨਹੀਂ ਹੈ ਸਮਾਂ ਲੰਘ ਗਿਆ ਹੈ।

ਪਹਿਲਾਂ ਮਾਘ ਮਹੀਨਾ ਬਿਕ੍ਰਮੀ 1977 ਨੂੰ ਬਾਦਸ਼ਾਹ ਨੇ ਆ ਕੇ ਇਹ ਸੇਵਾ ਮੰਗੀ ਸੀ ਪਰ ਹੁਕਮ ਨਹੀਂ ਹੋਇਆ ਸੀ।

ਦੂਜੀ ਵਾਰ ਫਿਰ ਭਾਦੋਂ ਬਿਕ੍ਰਮੀ 1979 ਮਹਾਰਾਣੀ ਉਭਾਵਾਲ ਵਾਲੀ ਦੇ ਬੇਟੇ ਕਰਨਲ ਸ: ਗੁਰਬਖਸ਼ ਸਿੰਘ ਨੇ ਭੁਚੋ ਹਜੂਰ ਦੇ ਦਰਬਾਰ ਆ ਕੇ ਸੇਵਾ ਮੰਗੀ ਸੀ। ਪਰ ਫਿਰ ਜਵਾਬ ਨਹੀਂ ਵਿਚ ਹੋਇਆ। ਤੀਸਰੀ ਵਾਰ ਮਾਘ ਬਿਕ੍ਰਮੀ 1979 ਨੂੰ ਸ: ਹੀਰਾ ਸਿੰਘ ਨੂੰ ਭੇਜ ਕੇ ਸੇ ਵਾ ਕਰਨ ਲਈ ਅਰਜ਼ ਕੀਤੀ ਪਰ ਕੋਈ ਸਹਿਮਤੀ ਨਹੀਂ ਮਿਲੀ। ਆਖਰ ਸ: ਜੈ ਸਿੰਘ ਕੱਤਕ ਬਿਕ੍ਰਮੀ 1984 ਤੱਕ ਕਈ ਵਾਰ ਬੇਨਤੀ ਕਰਕੇ ਬਾਬਾ ਜੀ ਦੇ ਬਚਨਾਂ ਦੀ ਪਾਲਨਾ ਕਰਨ ਲਈ ਆਗਿਆ ਲੈਣ ਆਏ। ਓਵਰਸੀਅਰ ਨਕਸ਼ਾਂ ਵੀ ਬਣਾ ਕੇ ਲੈ ਆਏ ਸਨ। ਪਰ ਹਰ ਵਾਰ ਨਿਰਾਸ਼ਾ ਦੇ ਆਲਮ ਵਿਚ ਹੀ ਵਾਪਿਸ ਪਰਤੇ।

ਸੱਤ ਸਾਲ ਤੱਕ ਸਿਰਫ ਭਾਈ ਦਿਆਲ ਦਾਸ ਦੀਆਂ ਸਮਾਧਾਂ ਦੀ ਅਤੇ ਚੁੱਲਿਆਂ ਦੀ ਸੇਵਾ ਮਿਲਦੀ ਰਹੀ ਪਰ ਤਖਤੇਆਣਾ ਅਤੇ ਰੂਮੀ ਢਾਬ ਨੂੰ ਪੱਕਾ ਕਰਨ ਦੀ ਸੇਵਾ ਨਹੀਂ ਮਿਲੀ।

ਇਨ੍ਹਾਂ ਚਾਰ ਮੌਕਿਆਂ ਦਾ ਹਵਾਲਾ ਅਤੇ ਸੇਵਾ ਵਾਲੇ ਲਿਖੇ ਹੋਏ ਕਾਗਜਾਤ 1989 ਬ੍ਰਿਕਮੀ ਵਿਚ ਮਹਾਰਾਜਾ ਯਾਦਵਿੰਦਰ ਸਿੰਘ ਜੋ ਪਹਾੜ ਵਾਲੀ ਕੋਠੀ ਵਿਚ ਲੈ ਕੇ ਚਲੇ ਗਏ ਸਨ। ਉਨ੍ਹਾਂ ਸੋਚਿਆ ਸੀ ਕਿ ਹੋ ਸਕਦਾ ਹੈ ਮੁਨਸ਼ੀ ਜੀ ਨੇ ਆਪਣੇ ਕੋਲੋ ਹੀ ਨਾਜਮ ਸਾਹਿਬ ਨੂੰ ਕਿਹਾ ਹੋਵੇ ਜਾਂ ਨਾਜ਼ਮ ਸਾਹਿਬ ਨੇ ਹੀ ਭੁਚੋ ਤੋ ਬਾਬਾ ਨਰੈਣ ਸਿੰਘ ਜੀ ਕੋਲੋ ਆ ਕੇ ਆਪਣੇ ਆਪ ਲਿਖ ਦਿੱਤਾ ਹੋਵੇ। ”

ਬਾਬਾ ਮਹਾਂਹਰਿਨਾਮ ਸਿੰਘ ਜੀ ਮਹਾਰਾਜ ਨੇ ਮਹਾਰਾਜਾ ਭੁਪਿੰਦਰ ਸਿੰਘ ਨੂੰ ਬਚਨ ਕੀਤੇ ਸਨ “ਕਿ ਇਹ ਸੇਵਾ ਕਰਨ ਵਿਚ ਤੁਹਾਡਾ ਹੀ ਭਲਾ ਹੈ। ਇਹ ਸੇਵਾ ਅਸੀਂ ਤੁਹਾਡੀ ਰਿਆਸਤ ਦੀ ਚੜਦੀ ਕਲਾਂ ਲਈ ਅਤੇ ਤੁਹਾਡੀ ਤੰਦਰੁਸਤੀ ਲਈ ਫੁਰਮਾਈ ਸੀ।” ਇਹ ਬਚਨ ਮਹਾਰਾਜੇ ਦੇ ਭੁਚੋ ਆਉਣ ਤੇ ਆਹਮਣੇ-ਸਾਹਮਣੇ ਹੋਏ ਸਨ। ਬਾਬਾ ਜੀ ਨੇ ਫੁਰਮਾਇਆ ਸੀ “ਕਿ ਮਹਾਰਾਜਾ ਭੁਪਿੰਦਰ ਸਿੰਘ ਜਦੋਂ ਤੂੰ ਇਕੱਲਾ ਆਵੇਗਾ ਉਸ ਵੇਲੇ ਤੁਹਾਨੂੰ ਅਸਲੀ ਸੇਵਾ ਵਾਸਤੇ ਦੱਸਾਂਗੇ।”

ਮਹਾਰਾਜਾ ਸਾਹਿਬ ਫੇਰ ਜਲਦੀ ਆਉਣ ਦਾ ਵਾਇਦਾ ਕਰਕੇ ਨਹੀਂ ਆਇਆ। ਬਾਬਾ ਜੀ ਇਕ ਦਿਨ ਫਿਰ ਮੁਨਸ਼ੀ ਜੀ ਨੂੰ ਅਚਾਨਕ ਬਚਨ ਕੀਤੇ

ਕਿ "ਮੁਨਸ਼ੀ ਜੀ! ਮਹਾਰਾਜਾ ਆਪਣੇ ਨਾਲ ਇਕਰਾਰ ਕਰਕੇ ਨਹੀਂ ਆਇਆ।

**ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥** (ਅੰਗ ੧੦੯੯)

ਹੁਣ ਇਹ ਹਰਿਮੰਦਰ ਅਤੇ ਤਲਾਬ ਜਰੂਰ ਬਨਣਗੇ ਪਰ ਬਣਾਉਗਾ ਕੋਈ ਦੂਰ ਸਮੁੰਦਰੋ ਪਾਰੋਂ ਆ ਕੇ।" ਅਤੇ ਬੜਾ ਭਾਰੀ ਤੀਰਥ ਕਾਇਮ ਹੋਵੇਗਾ। ਕਿਉਂਕਿ ਇਕ ਤਾਂ ਲਿਖਵਾ ਕੇ ਗਏ ਹਾਂ ਦੂਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਧਾਰਣ ਪਾਠ ਅਤੇ ਅਖੰਡ ਪਾਠ ਹੁੰਦੇ ਰਹਿਣ ਲਈ ਇਹ ਮੰਦਰ ਪਵਾ ਗਏ ਹਾਂ। ਜੇ ਆਪਣੀ ਮੌਜੂਦਗੀ ਵਿਚ ਹੁਣ ਵਾਰੀ ਵਾਰੀ ਕਹਿਣ ਤੇ ਹੁਣ ਬਣ ਵੀ ਜਾਦੇ ਤਾਂ ਸਾਨੂੰ ਤਕਲੀਫਾਂ ਹੋਣੀਆਂ ਸਨ। ਕਿਉਂਕਿ ਜੋ ਇਨ੍ਹਾਂ ਬਾਦਸ਼ਾਹਾ ਨੂੰ ਅੱਗੇ ਜੋ ਤਕਲੀਫਾਂ ਆਉਣੀਆਂ ਹਨ। ਉਨ੍ਹਾਂ ਨੂੰ ਰੋਕਣ ਲਈ ਸਾਨੂੰ ਬਾਦਸ਼ਾਹ ਦੀ ਸਹਾਇਤਾ ਕਰਨੀ ਯੋਗ ਬਣਦੀ ਸੀ। ਪਰ ਇਹ ਰਾਜੇ ਲੋਕ ਮਾਇਆ ਦੇ ਵਣਜਾਰੇ ਅੰਨੇ ਹੁੰਦੇ ਹਨ। ਮਹਾਂਪੁਰਸ਼ਾਂ ਦੇ ਕੀਮਤੀ ਬੋਲਾਂ ਨੂੰ ਸਮਝਦੇ ਨਹੀਂ।

**ਮਾਇਆਧਾਰੀ ਅਤਿ ਅੰਨਾ ਬੋਲਾ ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥** (ਅੰਗ ੩੧੩)

( 8 )

## ਛੋਡਿ ਸਿਆਨਪ ਬਹੁ ਚਤੁਰਾਈ ਦੁਇ ਕਰ ਜੋੜਿ ਸਾਧ ਮਗਿ ਚਲੁ ॥

(ਅੰਗ ੭੧੭)

ਫੰਃ ਫਾਸੀਆਂ ਫਾਰੇ ਉਇ"

ਇਸ ਪੰਗਤੀ ਬਾਰੇ ਮੁਨਸ਼ੀ ਜੀ ਨੇ ਮਹਾਰਾਜਾ ਫਰੀਦਕੋਟ ਨੂੰ ਕਈ ਵਾਰ ਸੁਚੇਤ ਕੀਤਾ ਸੀ। ਬਾਦਸ਼ਾਹ ਕਥਨੀ ਤਾਂ ਮੰਨ ਲੈਂਦੇ ਹਨ ਪਰ ਫਕੀਰਾਂ, ਮਹਾਂਪੁਰਸ਼ਾਂ ਦੇ ਬਚਨਾਂ ਵੱਲ ਘੱਟ ਧਿਆਨ ਦਿੰਦੇ ਹਨ। ਮੁਨਸ਼ੀ ਜੀ ਨੇ ਬਾਬਾ ਨਰੈਣ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਸੀ ਕਿ "ਸਵਾਮੀ ਜੀ ਇਨ੍ਹਾਂ ਬਾਦਸ਼ਾਹਾਂ ਨੂੰ ਦੁਸ਼ਮਣਾ ਵੱਲੋ ਕੋਈ ਜਿਸਮਾਨੀ ਤਕਲੀਫ ਦਾ ਡਰ ਹੋਵੇ ਜਾਂ ਸਰਕਾਰੀ ਡਰ ਹੋਵੇ ਤਾਂ ਇਹੋ ਜਿਹੀ ਹਾਲਤ ਵਿਚ ਇਨ੍ਹਾਂ ਤੋਂ ਕੁਛ ਵੀ ਪੁੰਨ ਦਾਨ, ਸਾਧਾਰਣ ਪਾਠ ਅਖੰਡ ਪਾਠ, ਗਾਇਤ੍ਰੀ ਪਾਠ ਕਰਵਾ ਲਉ, ਇਹ ਸਭ ਕਰਵਾ ਦੇਣਗੇ। ਸਰੀਰਕ ਤਕਲੀਫ ਹੋਵੇ ਤਾਂ ਠੀਕ ਹੋਣ ਉਪਰੰਤ ਡਾਕਟਰਾਂ, ਹਕੀਮਾਂ ਨੂੰ ਸਫਲਤਾ ਦਾ ਸਿਹਰਾ ਬੰਨਦੇ ਹਨ। ਜੇ ਸਰਕਾਰੀ ਖਤਰਾ ਦੂਰ ਹੋ ਜਾਏ ਤਾਂ ਆਪਦੇ ਅਹਿਲਕਾਰਾਂ

ਅਤੇ ਧਨ ਦੌਲਤ ਨੂੰ ਕਾਰਗਰ ਸਮਝਦੇ ਹਨ। ਪਰ ਗੈਬੀ ਸ਼ਕਤੀਆਂ ਅਤੇ ਕਰਾਮਾਤਾਂ ਵਿਚ ਘੱਟ ਹੀ ਵਿਸ਼ਵਾਸ ਰੱਖਦੇ ਹਨ।

ਬਾਬਾ ਨਰੈਣ ਸਿੰਘ ਜੀ ਨੇ ਫੁਰਮਾਇਆ "ਅਸੀਂ ਕਰਾਮਾਤਾਂ ਤਾਂ ਨਹੀਂ ਕਰ ਸਕਦੇ ਪਰ ਉਸ ਪਰੀ ਪੂਰਨ ਪ੍ਰਮਾਤਮਾ ਦੇ ਆਉਣ ਵਾਲੇ ਸਮੇ ਂ ਦੇ ਹਾਲਾਤ ਬਾਰੇ ਕੁਝ ਕੁ ਬਿਆਨ ਕਰ ਸਕਦੇ ਹਾਂ।"

**ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥**
**ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥੩॥**
**ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥**
**ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ ॥** (ਅੰਗ ੬੧੪)

ਬਾਬਾ ਜੀ ਵੱਲੋ ਫਰੀਦਕੋਟ ਦੇ ਮਹਾਰਾਜੇ ਨੂੰ 30 ਹਾੜ ਬਿਕ੍ਰਮੀ 1993 ਨੂੰ ਲਿਖ ਕੇ ਭੇਜਿਆਂ ਗਿਆ ਸੀ ਕਿ ਤੁਹਾਡੀ ਮਹਾਰਾਣੀ ਕੋਲ ਦੂਸਰੀ ਲੜਕੀ ਹੋਵੇਗੀ। ਸੋ ਇਸੇ ਤਰ੍ਹਾਂ ਹੋਇਆ ਲੜਕੀ ਪੈਦਾ ਹੋਈ। ਫਿਰ ਬਾਦਸ਼ਾਹ ਵੱਲੋ ਬੇਨਤੀ ਕਰਨ ਉਪਰੰਤ ਟਿੱਕਾ ਜੀ ਪੈਦਾ ਹੋਏ।

## (9)

## ਹੁਕਮੁ ਨ ਬੂਝੈ ਆਵਣ ਜਾਣੈ ॥

(ਅੰਗ ੬੭੬)

### ਪਿੰਡ ਮਹਿਣਾ ਸ੍ਰ: ਖੜਕ ਸਿੰਘ ਜੀ ਬਾਬਾ ਨਰੈਣ ਸਿੰਘ ਜੀ ਨਾਲ ਹੋਈ

ਪ੍ਰਮਾਤਮਾ ਦੇ ਚਰਨਾਂ ਵਿਚ ਬਿਰਤੀ ਜੋੜਨ ਵਾਲੇ ਸੰਤਾਂ ਮਹਾਂਪੁਰਸ਼ਾਂ, ਫਕੀਰਾਂ ਨੂੰ ਉਸ ਦੇ ਭਵਿੱਖ ਦੇ ਵਰਤਾਰਿਆ ਤੋਂ ਅੱਗੋਂ ਹੀ ਅੰਤਰਜਾਮਤਾ ਹੋ ਜਾਂਦੀ ਹੈ। ਮਨੁੱਖ ਦੇ ਮਾੜੇ ਚੰਗੇ ਆਉਣ ਵਾਲੇ ਭਵਿੱਖ ਬਾਰੇ ਜਾਣਕਾਰੀ ਹੁੰਦੀ ਹੈ। ਇਹੋ ਜਿਹੀ ਵਾਰਤਾ ਮਹਿਣਾ ਪਿੰਡ ਦੇ ਸ: ਖੜਕ ਸਿੰਘ ਨਾਲ ਜੁੜੀ ਹੋਈ ਸੀ, ਜਿਨ੍ਹਾਂ ਨੇ ਬਾਬਾ ਨਰੈਣ ਸਿੰਘ ਜੀ ਦੇ ਬਚਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਆਪਣੇ ਮਨ ਦੀ ਇਛਾ ਨੂੰ ਤਰਜੀਹ ਦਿੱਤੀ ਜਿਸ ਕਾਰਨ ਇਹ ਬਚਨਾਂ ਦੀ ਉਲੰਘਣਾ ਦੁਖਦਾਈ ਸਾਬਤ ਹੋਈ।

ਪਿੰਡ ਮਹਿਣਾ ਦੇ ਰਹਿਣ ਵਾਲੇ ਸ: ਖੜਕ ਸਿੰਘ ਜੀ ਬੁਧਵਾਰ ਦੇ ਦਿਨ ਦੁੱਧ ਲੈ ਕੇ ਬਾਬਾ ਜੀ ਦੀ ਹਜ਼ੂਰੀ ਵਿਚ ਆਉਂਦੇ ਸਨ। ਇੱਕ

ਬੁਧਵਾਰ ਵਾਲੇ ਦਿਨ ਜਦ ਖੜਕ ਸਿੰਘ ਦੁੱਧ ਲੈ ਕੇ ਆਏ। ਬਾਬਾ ਜੀ ਦੀ ਹਜ਼ੂਰੀ ਵਿਚ ਦੁਧ ਦੀ ਗਾਗਰ (ਦੋਣਾ) ਰੱਖਿਆ ਅਤੇ ਮੱਥਾ ਟੇਕਿਆ। ਅੱਜ ਜਦ ਦੁੱਧ ਲੰਗਰ ਵਿਚ ਪਾ ਕੇ ਬਾਬਾ ਜੀ ਤੋਂ ਆਗਿਆ ਮੰਗਣ ਆਇਆ ਵਾਪਿਸ ਪਿੰਡ ਜਾਣ ਲਈ ਤਾਂ ਬੇਨਤੀ ਕੀਤੀ "ਮਹਾਰਾਜ ਜੀ! ਆਗਿਆ ਦਿਉ ਪਿੰਡ ਜਾਣਾ ਹੈ।"

ਬਾਬਾ ਨਰੈਣ ਸਿੰਘ ਨੇ ਬਚਨ ਕੀਤਾ "ਖੜਕ ਸਿੰਘ ਅੱਜ ਇਥੇ ਹੀ ਰਹਿ ਜਾਉ, ਪਿੰਡ ਨਹੀਂ ਜਾਣਾ"

"ਮਹਾਰਾਜ ਜੀ ਸਵੇਰੇ ਮੇਰੀ ਨਹਿਰ ਦੇ ਪਾਣੀ ਦੀ ਵਾਰੀ ਹੈ ਮੈਂ ਖੇਤ ਨੂੰ ਪਾਣੀ ਲਾਉਣਾ ਹੈ।" ਖੜਕ ਸਿੰਘ ਨੇ ਜਵਾਬ ਦਿੱਤਾ।

ਬਾਬਾ ਜੀ ਨੇ ਫੇਰ ਬਚਨ ਕੀਤਾ "ਚੰਗਾ ਫੇਰ ਬਠਿੰਡੇ ਨੂੰ ਜੋ ਗੱਡਿਆ ਉਪਰ ਭਾੜੇ ਦਾ ਸਮਾਨ ਲੈ ਕੇ ਜਾਂਦੇ ਹਨ ਉਹਨਾਂ ਨਾਲ ਚਲਿਆ ਜਾ। ਇਸ ਆਉਣ ਵਾਲੇ ਰਸਤੇ ਨਾ ਜਾਈ।"

ਫੇਰ ਜਵਾਬ ਦਿੱਤਾ "ਮਹਾਰਾਜ ਜੀ! ਸਿੱਧਾ ਹੀ ਚਲਾ ਜਾਵਾਂਗਾ।"।

"ਚੰਗਾ ਤਾਂ ਫਿਰ ਪਹਿਲਾ ਕੱਚੀ ਭੁਚੋ ਚਲਿਆ ਜਾ ਫਿਰ ਉਥੋ ਸਿਧਾ ਮਹਿਣਿਆਂ ਨੂੰ ਚਲਾ ਜਾਈ।" ਤੀਸਰਾ ਬਚਨ ਉਸਦੇ ਭਲੇ ਲਈ ਕੀਤਾ। ਪਰ ਉਸ ਨੂੰ ਅਜੇ ਵੀ ਸਮਝ ਨਾ ਪਈ ਕਿ ਵਾਰ ਵਾਰ ਕਿਉ ਰਸਤਾ ਬਦਲਣ ਲਈ ਕਹਿੰਦੇ ਹਨ। ਉਸ ਨੇ ਜਾਣ ਲਈ ਜਿੱਦ ਕੀਤੀ ਤਾਂ ਬਾਬਾ ਜੀ ਨੇ ਤੋਰ ਦਿੱਤਾ। ਮਹਾਂਪੁਰਖਾਂ ਦਾ ਬਚਨ ਨਾਂ ਬਚਨ ਤੇ ਫਿਰ ਮਨੁੱਖ ਦੁੱਖੀ ਹੁੰਦਾ ਹੈ।

**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥**
**ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ ॥**

(ਅੰਗ ੬੦੧)

ਜਿਸ ਰਸਤੇ ਆਇਆ ਸੀ ਉਸੇ ਰਸਤੇ ਹੀ ਵਾਪਿਸ ਹੋ ਤੁਰਿਆ। ਪਿੰਡ ਦੇ ਹੀ ਸਾਥੀ ਕਮਾਦ ਕੱਟ ਕੇ ਗੰਨਿਆਂ ਦਾ ਗੱਡਾ ਭਰ ਰਹੇ ਸਨ। ਖੜਕ ਸਿੰਘ ਨੂੰ ਉਹ ਉਡੀਕ ਵੀ ਰਹੇ ਸਨ ਕਿਉਂਕਿ ਆਉਣ ਸਮੇਂ ਇਹ ਉਨ੍ਹਾਂ ਨਾਲ ਆਇਆ ਸੀ। ਉਹ ਗੰਨੇ ਭਰਨ ਲੱਗ ਗਏ ਸਨ, ਇਸ ਨੇ ਕਹਿ ਦਿੱਤਾ ਸੀ ਮੈਨੂੰ ਉਡੀਕ ਕੇ ਜਾਇਓ, ਮੈਂ ਤੁਹਾਡੇ ਗੱਡੇ ਉਪਰ ਹੀ ਵਾਪਸ ਪਿੰਡ ਚਲਿਆ ਜਾਵਾਂਗਾ। ਇਸ ਨੇ ਦੋਣਾ ਖਾਲੀ ਪਿਛੇ ਬੰਨ ਦਿੱਤਾ

ਅਤੇ ਆਪ ਗੰਨਿਆਂ ਦੇ ਉੱਪਰ ਚੜ ਕੇ ਗੱਡੇ ਤੇ ਬੈਠ ਗਿਆ। ਪਿੰਡ ਵੱਲ ਤੁਰ ਪਏ ਜਦੋਂ ਪਿੰਡ ਦੇ ਨੇੜੇ ਸੂਏ ਦੇ ਪੁਲ ਉਪਰ ਪਹੁੰਚੇ ਤਾਂ ਅੱਗੇ ਇਕ ਦਮ ਬਹੁਤ ਨੀਵਾਂ ਰਸਤਾ ਸੀ। ਗੰਨਿਆਂ ਦੇ ਭਾਰ ਸਦਕਾ ਗੱਡਾ ਰਿੜਦਾ ਤੇਜ ਹੋ ਗਿਆ, ਅਚਾਨਕ ਉਪਰੋ ਖੜਕ ਸਿੰਘ ਦੇ ਪੈਰ ਫਿਸਲ ਗਏ ਅਤੇ ਉਹ ਗੱਡੇ ਦੇ ਅੱਗੇ ਡਿੱਗ ਪਿਆ। ਗੱਡੇ ਦਾ ਪਹੀਆਂ ਉਸ ਦੀ ਛਾਤੀ ਉਪਰੋ ਦੀ ਟੱਪ ਗਿਆ ਉਸ ਨੂੰ ਬਹੁਤ ਭਾਰੀ ਸੱਟ ਲੱਗੀ। ਉਸਨੂੰ ਚੁਕ ਕੇ ਬਠਿੰਡੇ ਇਕ ਪ੍ਰਾਈਵੇਟ ਹਸਪਤਾਲ ਲੈ ਕੇ ਗਏ। ਅਗਲੇ ਦਿਨ ਉਸ ਦਾ ਪਰਵਾਰ ਬਾਬਾ ਜੀ ਦੇ ਚਰਨਾਂ ਵਿਚ ਆ ਕੇ ਬੇਨਤੀ ਕਰਨ ਲੱਗਾ ਕਿ ' 'ਮਹਾਰਾਜ ਜੀ! ਖੜਕ ਸਿੰਘ ਦੇ ਬੁਰੀ ਤਰ੍ਹਾਂ ਸੱਟ ਲੱਗ ਗਈ ਹੈ। ਹਸਪਤਾਲ ਵਿਚ ਦਾਖਲ ਹੈ, ਮੇਹਰ ਕਰੋ ਜੀ।"

ਬਾਬਾ ਨਰੈਣ ਸਿੰਘ ਜੀ ਨੇ ਬਚਨ ਕੀਤਾ "ਕਿ ਭਾਈ! ਖੜਕ ਸਿੰਘ ਦਾ ਤਾਂ ਅੰਤ ਸਮਾਂ ਆ ਗਿਆ ਹੈ, ਉਸ ਨੇ ਬਚਨ ਨਹੀਂ ਮੰਨਿਆ ਪਰ ਉਹ ਫਿਰ ਤੁਹਾਡੇ ਘਰ ਹੀ ਜਨਮ ਲਵੇਗਾ। ਉਸ ਦੀ ਗਰਦਨ (ਧੋਣ) ਦੇ ਪਿਛਲੇ ਪਾਸੇ ਕਾਲਾ ਨਿਸ਼ਾਨ ਲਾ ਦਿਉ। ਜਦ ਉਹ ਫਿਰ ਤੁਹਾਡੇ ਘਰ ਜਨਮ ਲਵੇ ਗਾ ਤਾਂ ਇਹ ਕਾਲੀ ਨਿਸ਼ਾਨੀ ਉਸ ਦੀ ਗਰਦਨ ਉਪਰ ਹੋਵੇਗੀ।

**ਜਾ ਕਾ ਕੀਆ ਸਭੁ ਕਿਛੁ ਹੋਇ ॥ ਤਿਸ ਕਾ ਅਮਰੁ ਨ ਮੇਟੈ ਕੋਇ ॥**
**ਪਾਰਬ੍ਰਹਮੁ ਪਰਮੇਸਰੁ ਅਨੂਪੁ ॥ ਸਫਲ ਮੂਰਤਿ ਗੁਰੁ ਤਿਸ ਕਾ ਰੂਪੁ ॥**
(ਅੰਗ ੧੧੫੨)

ਤਿੰਨ ਦਿਨ ਬਾਅਦ ਖੜਕ ਸਿੰਘ ਅਕਾਲ ਚਲਾਣਾ ਕਰ ਗਿਆ। ਕਿਰਿਆ ਕਰਮ ਕਰਨ, ਇਸ਼ਨਾਨ ਕਰਵਾਉਣ ਉਪਰੰਤ ਖੜਕ ਸਿੰਘ ਜੀ ਦੇ ਘਰਵਾਲੀ ਬੀਬੀ ਨੇ ਆਪਣੇ ਅੰਗੂਠੇ ਉਪਰ ਤੇਲ ਲਾ ਕੇ ਕਾਲੇ ਤਵੇ ਉਪਰ ਘਸਾਇਆ। ਜਦ ਚੰਗੀ ਤਰ੍ਹਾਂ ਅੰਗੂਠਾ ਕਾਲਾ ਹੋ ਗਿਆ ਤਾਂ ਇਸ ਨੇ ਖੜਕ ਸਿੰਘ ਦੇ ਧੌਣ ਦੇ ਪਿਛਲੇ ਪਾਸੇ ਗਿੱਚੀ ਵਿਚ ਨਿਸ਼ਾਨ ਲਾ ਦਿੱਤਾ।

ਅੰਦਾਜਾ ਕੋਈ ਛੱਬੀ (26) ਸਾਲ ਬਾਦ ਖੜਕ ਸਿੰਘ ਦੇ ਘਰ ਪੋਤਰਾ ਗੁਰਬਖਸ਼ ਸਿੰਘ ਪੈਦਾ ਹੋਇਆ। ਜਦ ਉਸ ਦੇ ਪਿਤਾ ਜਗਦੀਸ਼ ਸਿੰਘ ਉਰਫ ਡੀ ਸੀ ਅਤੇ ਲੜਕੇ ਦੀ ਦਾਦੀ ਰੂਪ ਕੌਰ ਨੇ ਦੇਖਿਆ ਕਿ ਇਸ ਦੀ ਧੌਣ ਉਪਰ ਉਹੀ ਕਾਲੀ ਨਿਸ਼ਾਨੀ ਹੈ ਜੋ ਮੈਂ (ਰੂਪ ਕੌਰ) ਨੇ ਲਾਈ ਸੀ। ਉਸ ਦੇ ਅੰਗੂਠੇ ਦੇ ਨਿਸ਼ਾਨ ਵੀ ਪੂਰੀ ਤਰ੍ਹਾਂ ਕਾਇਮ ਹੈ ਜਿਸ ਤਰ੍ਹਾਂ ਆਮ

ਕਾਗਜ ਉਪਰ ਅੰਗੂਠਾ ਲਾਉਣ ਬਾਦ ਹੁੰਦੇ ਹਨ। ਫਿਰ ਇਨ੍ਹਾਂ ਨੂੰ ਪੂਰਨ ਤੌਰ ਤੇ ਯਕੀਨ ਹੋ ਗਿਆ ਕਿ ਬਾਬਾ ਜੀ ਦਾ ਬਚਨ ਸਤਿ ਹੋਇਆ ਹੈ। ਹੁਣ ਇਹ ਲੜਕਾ ਕੰਪਿਊਟਰ ਇੰਜੀਨੀਅਰ ਹੈ ਅਤੇ ਬੈਂਕ ਵਿਚ ਮੁਲਾਜਮ ਹੈ। ਇਸ ਦੀ ਗਰਦਨ ਉਪਰ ਉਹ ਕਾਲਾ ਨਿਸ਼ਾਨ ਪੂਰਨ ਤੌਰ ਤੇ ਕਾਇਮ ਹੈ।

ਮਾਤਾ ਰੂਪ ਕੌਰ 109 ਸਾਲ ਦੀ ਉਮਰ ਭੋਗ ਕੇ ਸਵਰਗਵਾਸ ਹੋਏ ਸਨ। ਇਨਾਂ ਨੇ ਭੁਚੋ ਸਾਹਿਬ ਵਾਲੇ ਚਾਰੇ ਮਹਾਂਪੁਰਸ਼ਾਂ ਦੇ ਦਰਸ਼ਨ ਕੀਤੇ ਸਨ। ਸਾਰਾ ਪਰਿਵਾਰ ਹੁਣ ਵੀ ਬਾਬਾ ਜੀ ਹਜ਼ੂਰੀ ਵਿਚ ਸੇਵਾ ਕਰਦਾ ਹੈ।

(10)

## ਹਰਿ ਜੀਉ ਸੋਈ ਕਰਹਿ ਜਿ ਭਗਤ ਤੇਰੇ ਜਾਚਹਿ ਏਹੁ ਤੇਰਾ ਬਿਰਦੁ ॥ (ਅੰਗ ੪੦੬)

### ਸਾਖੀ ਜਗਦੀਸ਼ ਸਿੰਘ ਨੇ ਖੁਦ ਸੁਣਾਈ

ਬਾਬਾ ਜੀ ਮਹਾਰਾਜ ਵੱਲੋ ਉਚਾਰੇ ਗਏ ਵਾਕਾਂ ਬਾਰੇ।

1 ਪਹਿਲਾ ਮਹਾਂਵਾਕ ਪਟਿਆਲਾ, ਨਾਭਾ, ਫਰੀਦਕੋਟ ਅਤੇ ਸੰਗਰੂਰ ਰਿਆਸਤਾਂ ਦੇ ਮਹਾਰਾਜਿਆਂ ਨੂੰ ਮਨਹੂਸ ਸਦਮਿਆ ਤੋਂ ਬਚਾਉਣ ਲਈ (ਛੰਦ)

2 ਮੌਜੂਦਾ ਸਰਕਾਰਾਂ ਦੇ ਚਲੇ ਜਾਣ ਦੇ ਹਾਲਾਤ ਹੋਣ ਬਾਰੇ "ਛੰਦ"।

3 ਸਰਕਾਰ ਦਾ ਜਾਂ ਦੂਜੇ ਕਿਸੇ ਹੋਰ ਬਾਦਸ਼ਾਹ ਦਾ ਪੰਜਾਬ ਉਪਰ ਕਬਜਾ ਹੋਣ ਬਾਰੇ "ਛੰਦ"।

4 ਸਰਕਾਰ ਜਾਂ ਦੂਸਰੇ ਬਾਦਸ਼ਾਹ ਦੇ ਪੰਜਾਬ ਉਤੇ ਕਾਬਜ ਹੋ ਜਾਣ ਨਾਲ ਰਿਆਸਤਾਂ ਦੇ ਹੋਣ ਵਾਲੇ ਨੁਕਸਾਨ ਬਾਰੇ 'ਛੰਦ'

ਦੋ ਛੰਦਾਂ ਦਾ ਵੇਰਵਾ ਤਾਂ ਆਪ ਪੜ ਚੁੱਕੇ ਹੋ ਹੁਣ ਤੀਸਰੇ ਛੰਦ ਬਾਰੇ ਲਿੱਖਤ ਹੈ।

**"ਤੀਸਰਾ ਮੌਕਾ"**
**ੴ "ਰੂਮ ਸ਼ਾਮੀਆਂ ਬਾਦਸ਼ਾਹ ਚੜਹ ਆਇਆ ਦਿੱਲੀ"**
**"ਧਾਈ ਕਰੀ ਪੰਜਾਬ ਪੈ ਲਈ ਲਹੌਰ ਕੀ ਠਾਉਰ"**
**"ਲਈ ਲਹੌਰ ਕੀ ਠਾਉਰ ਕਾਬਲ ਮੋ ਕੀਓ ਠਾਨਾ"**

**"ਰਾਜੇ ਪਕੜੇ ਹੁਕਮ ਸੇ ਹਾਥ ਮੈਂ ਬੰਧਿਉ ਸੁ ਗਾਨਾ"**
**"ਜੈ ਫਤਹਿ ਡੰਕ" "ਜੈ ਫਤਹਿ ਡੰਕ" "ਜੈ ਫਤਹਿ ਡੰਕ" ਕਹੇ ਮਾਯਾ**
**ਸਬਲ ਹਰਿਨਾਮ ਸਿੰਘ ਅਵੱਲ ਹੁਕਮ ਤੁਮਹਾਰਾ"**

ਇਹ ਤੀਸਰੇ ਛੰਦ ਤੋਂ ਬਾਦ ਹਜੂਰ ਬਾਬਾ ਜੀ ਨੇ ਚੌਥਾ ਛੰਦ ਲਿਖ ਕੇ ਸਾਰਿਆਂ ਉਪਰ ਸਿਆਹੀ ਫੇਰ ਦਿਤੀ। ਸਾਰੇ ਕਾਗਜ ਜਿਨ੍ਹਾਂ ਉਪਰ ਇਹ ਛੰਦ ਲਿਖੇ ਹੋਏ ਸਨ, ਇਕੱਠੇ ਬੰਨ ਕੇ ਉਨ੍ਹਾਂ ਦੀ ਸ਼ਰਾ (ਸਰਾਇ) ਕਰਵਾ ਕੇ ਆਪਣੇ ਖਜ਼ਾਨੇ (ਦਫਤਰ) ਵਿਚ ਰੱਖ ਦਿੱਤੇ। ਇਹ ਸਾਰੀ ਵਾਰਤਾ ਛੰਦਾ ਬਾਰੇ ਲਿਖਤ ਤੋਂ ਸਿਆਹੀ ਫੇਰਨ ਤੱਕ ਮੁਨਸ਼ੀ ਜੀ ਨੇ ਲਿਖ ਕੇ ਸ: ਦਲੀਪ ਸਿੰਘ ਜੀ ਦੀ ਮਾਰਫਤ ਸ੍ਰੀ ਅਨਵਰ ਜੀ ਦੀ ਸੇਵਾ ਵਿਚ ਯੁਗਰਾਜ ਸਿੰਘ ਜੀ ਦੇ ਰਿਹਾਇਸ਼ ਵਿਚ ਰਖਵਾ ਦਿੱਤੀ ਸੀ। ਕਿਉਂਕਿ ਸ੍ਰੀ ਅਨਵਰ ਜੀ ਨੇ ਆਖਿਆ ਸੀ ਕਿ "ਯੁਵਰਾਜ ਜੀ ਪਹਾੜਾਂ ਤੋਂ ਵਾਪਿਸ ਆ ਕੇ ਇਨ੍ਹਾਂ ਦੇ ਦਰਸ਼ਨ ਕਰਨਗੇ ਅਤੇ ਛੰਦਾ ਬਾਰੇ ਤਸਦੀਕ ਫਰਮਾਉਣਗੇ।"

ਤਾਂ ਕਿ ਯੁਵਰਾਜ ਜੀ ਨੂੰ ਰਾਜਧਾਨੀਆਂ ਦੇ ਹੋਣ ਵਾਲੇ ਨੁਕਸਾਨ ਤੋਂ ਕਿਵੇਂ ਛੰਦਾ ਉਪਰ ਸਿਆਹੀ ਫੇਰ ਕੇ ਬਚਾਇਆ ਹੈ। ਇਸ ਨਾਲ ਮੁਨਸ਼ੀ ਜੀ ਨੂੰ ਪੂਰਾ ਭਰੋਸਾ ਸੀ ਕਿ ਹੁਣ ਜੰਗ ਪੰਜਾਬ ਵਿੱਚ ਨਹੀਂ ਬਲਕਿ ਹਿੰਦੋਸਤਾਨ ਵਿਚ ਵੀ ਨਹੀਂ ਹੋਵੇਗਾ। ਇਹ ਛੰਦ ਹਜੂਰ ਬਾਬਾ ਜੀ ਨੇ ਸੰਮਤ 1927-38 ਦੇ ਦਰਮਿਆਨ ਰੂੰਮੀ ਢਾਬ ਰਹਿਣ ਸਮੇਂ ਲਿਖੇ ਸਨ ਜੋ ਮੁਨਸ਼ੀ ਜੀ ਦੇ 1972 ਵਿਚ ਪੜਨ ਵਿਚ ਆਏ।

## (11)

# ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥

(ਅੰਗ ੨੭੩)

## ਸ੍ਰੀ ਅਨਵਰ ਜੀ ਨੂੰ ਗਲਤ ਰਾਇ ਦੇਣੀ॥

ਬਾਬਾ ਮਹਾਂਹਰਨਾਮ ਸਿੰਘ ਜੀ ਦੇ 2 ਪੋਹ ਬਿਕ੍ਰਮੀ 1984 ਨੂੰ ਜੋਤੀ ਜੋਤ ਸਮਾਉਣ ਤੋਂ ਬਾਅਦ ਇਹ ਸਮਝਿਆ ਜਾਣ ਲੱਗਾ ਕਿ ਹੁਣ ਭੁਚੋ ਕਲ੍ਹਾਂ ਦੇ ਅਸਥਾਨ ਉਤੇ ਸ਼ਕਤੀਆਂ ਨਹੀਂ ਰਹੀਆਂ। ਇਹ ਗੈਬੀ ਸ਼ਕਤੀਆਂ ਬਾਬਾ ਜੀ ਦੇ ਸਰੀਰਕ ਜਾਮੇ ਵਿਚ ਵਰਤਦੀਆਂ ਸਨ। ਪਰ ਕੌਣ ਜਾਣੇ ਅਵਤਾਰੀ ਪੁਰਸ਼, ਮਹਾਂਪੁਰਸ਼, ਸੰਤ ਜਨ ਸਰੀਰ ਕਰਕੇ ਚਲੇ ਜਾਂਦੇ ਹਨ ਪਰ ਪਰਮਾਤਮਾ ਦਾ ਰੂਪ ਹੋ ਕੇ ਹਮੇਸ਼ਾ ਹਰ ਥਾਂ ਦੁਨਿਆਵੀ ਲੋਕਾਂ ਦੇ ਦੁਖ ਸੁਖ ਸੁਨਣ ਲਈ ਹਾਜ਼ਰ ਨਾਜ਼ਰ ਰਹਿੰਦੇ ਹਨ।

ਮੁਨਸ਼ੀ ਜੀ ਲਿਖਦੇ ਹਨ ਕਿ ਮਹਾਰਾਜਿਆ ਨੇ ਸੋਚ ਲਿਆ ਹੈ। ਬਾਬਾ ਜੀ ਮਹਾਰਾਜ ਦੇ ਸੱਚ ਖੰਡ ਜਾਣ ਤੋਂ ਬਾਦ ਹੁਣ ਉਨ੍ਹਾਂ ਵੱਲੋ ਕੀਤੇ ਗਏ ਬਚਨਾਂ ਉਤੇ ਅਮਲ ਕਰਨਾ ਕੋਈ ਲਾਭਦਾਇਕ ਨਹੀਂ ਹੋਵੇਗਾ। ਕਿਉਂਕਿ ਹੁਣ ਉਸ ਅਸਥਾਨ ਉਤੇ ਕੋਈ ਆਤਮਕ ਸ਼ਕਤੀ ਵਾਲਾ ਕੋਈ ਸੰਤ ਮਹਾਤਮਾ ਅਤੇ ਨਾ ਹੀ ਕੋਈ ਸ਼ੁੱਧ ਬਿਰਤੀ ਵਾਲਾ ਸੇਵਕ ਹੈ। ਸਭ ਖਰਾਬ ਬੰਦੇ ਇਕੱਠੇ ਹੋਏ ਬੈਠੇ ਹਨ। ਜਿਵੇਂ ਕਿ ਮਹਾਰਾਜਾ ਯਾਦਵਿੰਦਰ ਸਿੰਘ ਜੀ ਨੇ 27 ਭਾਦੋਂ 1996 ਨੂੰ ਦਰਬਾਰ ਭੁਚੋ ਦੀ ਸੰਗਤ ਅਤੇ ਆਪਣੇ ਨਾਲ ਆਈ ਸੰਗਤ ਨੂੰ ਭੁਚੋ ਕਲ੍ਹਾਂ ਡੇਰਾ ਸਾਹਿਬ ਵਿਚ ਸੰਬੋਧਨ ਕਰਦੇ ਕਿਹਾ ਸੀ ਕਿ "ਪਟਿਆਲੇ ਤੋਂ ਬੀਬੀਆਂ ਰਾਣੀਆਂ ਵੱਲੋ ਜੋ ਸੇਵਾ ਲਈ ਮਾਇਆ ਭੁਚੋ ਦਰਬਾਰ ਲਈ ਆਇਆ ਕਰਦੀ ਸੀ, ਉਹ ਆਉਣੀ ਬੰਦ ਹੋ ਗਈ ਹੈ। ਰਾਜਮਾਤਾ ਨੇ ਜੋ ਮਾਇਆ ਬਾਬਾ ਜੀ ਦੇ ਚਰਨਾਂ ਵਿਚ ਭੇਜੀ ਸੀ ਉਹ ਰੱਖੀ ਨਹੀਂ ਗਈ। ਰਾਜਮਾਤਾ ਦੀ ਤੰਦਰੁਸਤੀ ਲਈ ਅਤੇ ਹੋਰ ਗੁਰੂ ਅਸਥਾਨਾ ਤੇ ਭੇਜੀ ਗਈ ਹੈ। ਇਹ ਸੇਵਾ ਮਾਇਆ ਦੀ ਤੁਹਾਡੇ ਲੋਕਾਂ ਦੀਆਂ ਖਰਾਬੀਆਂ ਦੇ ਕਾਰਨ ਬੰਦ ਹੋਈ ਹੈ।"

ਇਸ ਭੁਲੇਖੇ ਨੂੰ ਦੂਰ ਕਰਨ ਲਈ ਮੁਨਸ਼ੀ ਜੀ ਨੇ ਫਿਰ ਸ੍ਰੀ ਅਨਵਰ ਜੀ ਦੀ ਸੇਵਾ ਵਿਚ ਚਿੱਠੀ ਲਿਖੀ ਕਿ "ਇਸ ਅਸਥਾਨ ਉਪਰ ਜੋ ਮਹਾਤਮਾ ਸੰਤ ਬਾਬਾ ਨਰੈਣ ਸਿੰਘ ਜੀ ਹੁਣ ਬਿਰਾਜਮਾਨ ਹਨ ਉਹ ਪੂਰਨ ਆਤਮਕ, ਗੈਬੀ ਅਤੇ ਅਧਿਆਤਮਕ ਵਿਚ ਪੂਰਨ ਤੌਰ ਤੇ ਨਿਪੁੰਨ ਹਨ। ਕੋਈ ਮਨਾਂ ਅੰਦਰ ਸ਼ੰਕੇ ਰੱਖਣ ਦੀ ਲੋੜ ਨਹੀਂ। ਉਨ੍ਹਾਂ ਬਚਨ ਕੀਤਾ ਹੈ ਕਿ ਨਵੀਂ ਮਹਾਰਾਣੀ ਦੇ ਬੀਬੀ ਜੀ ਪੈਦਾ ਹੋਣਗੇ।"

ਬਾਬਾ ਨਰੈਣ ਸਿੰਘ ਜੀ ਨੇ ਫੁਰਮਾਇਆ ਕਿ "ਹਜੂਰ ਮਹਾਰਾਜ ਬਾਬਾ ਮਹਾਂਹਰਨਾਮ ਸਿੰਘ ਹਾਜ਼ਰ ਨਾਜ਼ਰ ਹਨ। ਉਨ੍ਹਾਂ ਦੀਆਂ ਸ਼ਕਤੀਆਂ ਵੀ ਵਰਤਦੀਆਂ ਹਨ ਅਤੇ ਸੇਵਕ ਵੀ ਨੇਕ ਬ੍ਰਿਤੀਆਂ ਵਾਲੇ ਹਨ।"

ਬਾਬਾ ਨਰੈਣ ਸਿੰਘ ਜੀ ਦੇ ਬਚਨਾਂ ਅਨੁਸਾਰ ਸਮਾਂ ਪਾ ਕੇ ਮਹਾਰਾਣੀ ਜੀ ਦੇ ਲੜਕੀ ਪੈਦਾ ਹੋਈ ਜਿਸ ਤੋਂ ਬਾਬਾ ਨਰੈਣ ਸਿੰਘ ਜੀ ਦੀ ਅੰਤਰਜਾਮਤਾ ਦੀ ਪਰਖ ਪੂਰੀ ਉਤਰੀ ਅਤੇ ਲੋਕਾਂ ਦੇ ਸ਼ੰਕੇ ਦੂਰ ਹੋਏ।

**ਦੇਖਹੁ ਭਾਈ ਏਹੁ ਅਖਾੜਾ ਹਰਿ ਪ੍ਰੀਤਮ ਸਚੇ ਕਾ ਜਿਨਿ ਆਪਣੈ ਜੋਰਿ ਸਭਿ ਆਣਿ ਨਿਵਾਏ॥**
**ਆਪਣਿਆ ਭਗਤਾ ਕੀ ਰਖ ਕਰੇ ਹਰਿ ਸੁਆਮੀ ਨਿੰਦਕਾ ਦੁਸਟਾ ਕੇ ਮੁਹ ਕਾਲੇ ਕਰਾਏ॥**

(ਅੰਗ ੩੦੮)

(12)

# ਹਉ ਬਿਗੜੈ ਰੂਪਿ ਰਹਾ ਬਿਕਰਾਲ (ਅੰਗ ੨੪)

## ਦਿਓ ਲੜਕੇ ਬਾਰੇ ਸਾਖੀ

ਮਾਸਟਰ ਚੰਦਾ ਸਿੰਘ ਸਿੱਧੂ ਪਿੰਡ ਬੰਡਾਲੇ ਦੇ ਸਕੂਲ ਵਿਚ ਲੜਕਿਆ ਨੂੰ ਪੜਾਇਆ ਕਰਦੇ ਸਨ। ਉਨ੍ਹਾਂ ਲੜਕਿਆਂ ਵਿਚ ਇਕ ਲੜਕਾ ਉਮਰ ਬਾਰਾਂ ਕੁ ਸਾਲ ਦਾ ਪੜਦਾ ਸੀ। ਉਸ ਦਾ ਜਨਮ ਦਿਓ ਦਾ ਸੀ। ਇਕ ਦਿਨ ਲੜਕਿਆਂ ਨੇ ਆਪਸ ਵਿਚ ਮਤਾ ਬਣਾਇਆ ਕਿ ਅੱਜ ਘਰਾਂ ਤੋਂ ਖੀਰ ਬਣਾ ਕੇ ਲਿਆਂਦੀ ਜਾਵੇ ਅਤੇ ਇਕੱਠੇ ਬੈਠ ਕੇ ਖਾਈਏ। ਦਿਓ ਦਾ ਲੜਕਾ ਕਹਿਣ ਲੱਗਾ "ਮੈਂ ਆਪਣੇ ਘਰੋਂ ਇਕੱਲਾ ਹੀ ਖੀਰ ਬਣਾ ਕੇ ਲੈ ਆਉਂਦਾ ਹਾਂ।"

ਕੁਝ ਸਮੇਂ ਬਾਦ ਦਿਓ ਦਾ ਲੜਕਾ ਖੀਰ ਦਾ ਭਰਿਆ ਹੋਇਆ ਇਕ ਬਲਟੋਹਾ ਲੈ ਆਇਆ। ਲੜਕੇ ਸੋਚਣ ਲਈ ਮਜਬੂਰ ਹੋ ਗਏ ਕਿ ਇਹ ਇਕੱਲਾ ਇਤਨਾਂ ਭਾਰੀ ਬਲਟੋਹਾ ਖੀਰ ਦਾ ਭਰਿਆ ਕਿਵੇਂ ਚੁੱਕ ਲੈ ਆਇਆ ਹੈ, ਇਹ ਤਾਂ ਬਹੁਤ ਛੋਟਾ ਹੈ। ਇਹ ਤਾਂ ਆਪਣੇ ਸਾਰਿਆਂ ਤੋਂ ਨਹੀਂ ਚੁੱਕਿਆ ਜਾਣਾ ਸੀ। ਲੜਕੇ ਡਰ ਗਏ ਉਨ੍ਹਾਂ ਪੁਛਿਆ ਕਿ "ਤੂੰ ਕੌਣ ਹੈ" ਦਿਓ ਦੇ ਲੜਕੇ ਨੇ ਕਿਹਾ "ਤੁਸੀਂ ਪੁੱਛ ਕੇ ਕੀ ਲੈਣਾ ਹੈ ਖੀਰ ਖਾਉ।" ਕੁਝ ਕੁ ਲੜਕਿਆਂ ਨੇ ਖੀਰ ਖਾ ਲਈ। ਜਿਨ੍ਹਾਂ ਖੀਰ ਖਾਦੀ ਸੀ ਉਨ੍ਹਾਂ ਨੂੰ ਰਾਤ ਦੇ ਵਕਤ ਦਿਓ ਦੇ ਲੜਕੇ ਨੇ ਆਪਣਾ ਆਕਾਰ ਵਧਾ ਕੇ ਦਿਖਾਈ ਦਿੱਤਾ ਅਤੇ ਲੜਕੇ ਡਰ ਗਏ। ਜਦੋਂ ਉਨ੍ਹਾਂ ਨੇ ਪੁਛਿਆ ਕਿ "ਤੂੰ ਕੌਣ ਹੈ"। ਤਾਂ ਉਸਨੇ ਆਪਣਾ ਆਕਾਰ ਫਿਰ ਉਸੇ ਤਰ੍ਹਾਂ ਦਾ ਕਰ ਲਿਆ।

ਇਸ ਘਟਨਾ ਬਾਰੇ ਸਵੇਰੇ ਲੜਕਿਆਂ ਨੇ ਮਾਸਟਰ ਚੰਦਾ ਸਿੰਘ ਜੀ ਨੂੰ ਦੱਸਿਆ। ਮਾਸਟਰ ਜੀ ਨੇ ਉਸ ਲੜਕੇ ਨੂੰ ਪੁਛਿਆ "ਕਿ ਤੂੰ ਕੌਣ ਹੈ" ਵਾਰ ਵਾਰ ਪੁੱਛਣ ਤੇ ਲੜਕੇ ਨੇ ਕਿਹਾ "ਮੈਂ ਦੱਸ ਦਿੰਦਾ ਹਾਂ ਪਰ ਤੁਸੀਂ ਅੱਗੇ ਕਿਸੇ ਹੋਰ ਨੂੰ ਨਹੀਂ ਦੱਸਣਾ। ਮੈਂ ਤੁਹਾਨੂੰ ਸੁਖ ਦੇਵਾਂਗਾ। "ਮੈਂ ਇਕ ਦਿਓ ਦਾ ਲੜਕਾ ਹਾਂ।"

ਉਸਨੇ ਆਪਣੇ ਅਸਲੀ ਰੂਪ ਬਾਰੇ ਮਾਸਟਰ ਜੀ ਨੂੰ ਦੱਸਿਆ ਅਤੇ ਆਪਣਾ ਪੂਰਨ ਰੂਪ ਦਿਖਾ ਦਿਤਾ। ਜਦ ਮਾਸਟਰ ਜੀ ਨੇ ਉਸ ਦਾ ਅਸਲੀ ਚੇਹਰਾ ਦੇਖਿਆ ਤਾਂ ਬੇਹੋਸ਼ ਹੋ ਕੇ ਡਿੱਗ ਪਏ ਅਤੇ ਮੁੜ ਹੋਸ਼ ਵਿਚ ਨ ਆਏ ਸਵਰਗਵਾਸ ਹੋ ਗਏ। ਉਸ ਤੋਂ ਬਾਦ ਦਿਓ ਦਾ ਮੁੰਡਾ ਵੀ ਅਲੋਪ ਹੋ ਗਿਆ ਕਦੇ ਦਿਖਾਈ ਨਾ ਦਿੱਤਾ।

(ਉਪਰੋਕਤ ਸਾਖੀ ਬਾਬਾ ਮਹਾਂਹਰਨਾਮ ਸਿੰਘ ਜੀ ਦੁਆਰਾ ਸਰਵਣ ਕਰਾਈ ਗਈ ਜੋ ਮੁਨਸ਼ੀ ਜੀ ਨੇ ਲਿਖਤਾਂ ਵਿਚ ਅੰਕਿਤ ਕੀਤੀ ਹੈ, ਇਸ ਸਾਖੀ ਦਾ ਭਾਵ ਹੈ ਕਿ ਨਾਮ ਤੋਂ ਬਿਨਾਂ ਉਹ ਮਾਸਟਰ ਅਨਿਆਈ ਮੌਤ ਹੀ ਮਰ ਗਿਆ ਸੀ। ਇਸ ਲਈ ਹੁਕਮ ਹੈ **'ਨਾਮ ਜਪਹੁ ਮੇਰੇ ਸਾਜਨ ਸੈਨਾ'** (ਅੰਗ 367) ਨਾਮ ਜਪਣ ਵਾਲੇ ਨੂੰ ਅਬਗਤ ਰੂਹਾਂ ਦੇ ਭੈ ਨਹੀਂ ਸਤਾਉਂਦੇ। ਸਾਖੀ ਸੰਪੂਰਨ ਹੋਈ।

(13)

# ਹੋਣਹਾਰ ਟਾਲੇ ਸੰਤ ਮੂਏ ਕੋ ਜਿਵਾਲੇ ਸੰਤ॥

## ਬਾਬਾ ਜੀ ਪਾਸੋਂ ਬਰਕਤਾਂ ਲੈਣ ਵਾਲੇ ਸਾਧੂ ਕੋਲ ਵੀ ਕੈਸੀ ਬਖਸ਼ਿਸ਼ ਸੀ।

ਸੁਨਾਮ ਤੋਂ ਮੁਨਸ਼ਾ ਰਾਮ ਦੀ ਮਾਈ ਬਾਬਾ ਭਗਵਾਨ ਦਾਸ ਜੀ ਦੀ ਸੇਵਾ ਕਰਿਆ ਕਰਦੀ ਸੀ। ਮਾਈ ਜੀਉ ਦੇਵੀ ਇਕ ਇਕ ਰੁਪਏ ਦੀ ਰੋਜਾਨਾ ਕਣਕ ਲੈ ਕੇ ਆਉਂਦੀ, ਪੀਸ ਕੇ ਰੋਟੀਆਂ ਤਿਆਰ ਕਰਦੀ। ਬਾਬਾ ਭਗਵਾਨ ਦਾਸ ਜੀ ਨੂੰ ਰੋਜ ਪ੍ਰਸ਼ਾਦਾ ਛਕਾਉਂਦੀ ਸੀ। ਇਨ੍ਹਾਂ ਮਹਾਂਪੁਰਖਾਂ ਨੂੰ ਵੀ ਬਾਬਾ ਮਹਾਂਹਰਨਾਮ ਸਿੰਘ ਜੀ ਤੋਂ ਬਰਕਤ ਮਿਲੀ ਹੋਈ ਸੀ। ਇਕ ਦਿਨ ਇ੍ਹਨਾਂ ਨੇ ਮਾਈ ਨੂੰ ਬਚਨ ਕੀਤਾ ਕਿ "ਮਾਈ ਪੰਜ ਰੁਪਏ ਦੇ ਦਾਣੇ ਭੜੋਲੇ ਵਿਚ ਪਾ ਕੇ, ਢੱਕਣ ਨਹੀਂ ਚੁਕਣਾ ਰੋਜ ਲੋੜ ਅਨੁਸਾਰ ਕੱਢ ਲਿਆ ਕਰੀ, ਪਰਦਾ ਰੱਖਣਾ ਹੈ।"

ਲੋੜ ਅਨੁਸਾਰ ਮਾਈ ਰੋਜ ਦਾਣੇ ਪਰਦੇ ਨਾਲ ਕੱਢ ਲਿਆ ਕਰੇ ਅਤੇ ਭੋਜਨ ਬਣਾ ਕੇ ਪਰਿਵਾਰ ਨੂੰ ਛਕਾਇਆ ਕਰੇ ਅਤੇ ਬਾਬਾ ਭਗਵਾਨ ਦਾਸ ਜੀ ਨੂੰ ਵੀ ਛਕਾਇਆ ਕਰੇ। ਇਕ ਦਿਨ ਉਸ ਲੜਕੇ ਨੇ ਆਪਣੀ ਮਾਂ ਨੂੰ

ਪੁਛਿਆ "ਮਾਤਾ ਆਪਾ ਰੋਜ ਦਾਣੇ ਭੜੋਲੇ ਵਿਚੋਂ ਕੱਢਦੇ ਹਾਂ ਕਦੇ ਇਸ ਵਿਚ ਪਾਏ ਤਾਂ ਨਹੀਂ। ਇਸ ਦੇ ਵਿਚ ਦਾਣੇ ਕਿਥੋ ਆਉਂਦੇ ਹਨ।"

ਮਾਂ ਦੇ ਰੋਕਣ ਦੇ ਬਾਵਜੂਦ ਵੀ ਮੁੰਡੇ ਨੇ ਭੜੋਲੀ ਦਾ ਢੱਕਣ ਚੁੱਕ ਦਿਤਾ ਅਤੇ ਵੇਖਣ ਲੱਗ ਪਿਆ ਕਿ ਕਣਕ ਕਿੰਨੀ ਕੁ ਹੈ।ਭੜੋਲੀ ਬਿਲਕੁਲ ਖਾਲੀ ਸੀ। ਮਾਈ ਦੇ ਮੂੰਹ ਵਿਚ ਸਹਿਜੇ ਹੀ ਬਚਨ ਨਿਕਲਿਆ ਕਿ "ਤੇਰੇ ਸੱਪ ਲੜਜੇ, ਇਹ ਕੀ ਕੀਤਾ, ਸਾਰਾ ਸਤਿਆਨਾਸ ਕਰ ਦਿੱਤਾ ਬਰਕਤਾਂ ਦਾ।" ਲੜਕਾ ਬਾਹਰ ਖੇਤਾ ਵੱਲ ਚਲਾ ਗਿਆ ਕੰਮਕਾਰ ਕਰਨ ਲਈ ਖੇਤੀ ਕਰਦੇ ਹੋਏ ਉਸਦੇ ਅਚਾਨਕ ਸੱਪ ਲੜ ਗਿਆ ਅਤੇ ਮਰ ਗਿਆ।

ਇਧਰ ਮਾਈ ਪ੍ਰਸ਼ਾਦਾ ਤਿਆਰ ਕਰਕੇ ਬਾਬਾ ਜੀ ਕੋਲ ਪਹੁੰਚ ਗਈ ਕਹਿਣ ਲੱਗੀ "ਲਉ ਮਹਾਰਾਜ ਛਕ ਲਉ"

ਬਾਬਾ ਜੀ ਨੇ ਬਚਨ ਕੀਤਾ "ਘਰ ਕੀ ਕਾਰਾ ਕਰ ਆਈ ਹੈ।"

"ਮਹਾਰਾਜ! ਕੀ"

"ਤੇਰੇ ਮੁੰਡੇ ਦੇ ਸੱਪ ਲੜ ਗਿਆ ਹੈ ਅਤੇ ਉਹ ਮਰ ਗਿਆ ਹੈ।" ਮਹਾਂਪੁਰਖਾ ਨੇ ਬਚਨ ਕੀਤਾ।

ਮਾਈ ਇਕ ਦਮ ਘਬਰਾ ਕੇ ਘਰ ਨੂੰ ਭੱਜਣ ਲੱਗੀ ਤਾਂ ਬਾਬਾ ਜੀ ਨੇ ਫੁਰਮਾਇਆ "ਘਬਰਾ ਨਹੀਂ, ਇਹ ਭਭੂਤੀ ਲੈ ਜਾ, ਜਦ ਮਾਈ ਨੇ ਉਹ ਭਭੂਤੀ ਲਿਆ ਕੇ ਮੁੰਡੇ ਦੇ ਮੂੰਹ ਵਿਚ ਪਾਈ ਤਾਂ ਲੜਕਾ ਤੰਦਰੁਸਤ ਹੋ ਗਿਆ। ਮਹਾਂਪੁਰਖਾਂ ਦੇ ਬਚਨ ਵਿਚ ਅਧਿਆਤਮਿਕ ਸ਼ਕਤੀ ਹੁੰਦੀ ਹੈ ਜੋ ਹੋਣੀ ਨੂੰ ਅਣਹੋਣੀ ਕਰ ਦਿੰਦੇ ਹਨ।

**ਹੋਣਹਾਰ ਟਾਲੇ ਸੰਤ ਮੂਏ ਕੋ ਜਿਵਾਲੇ ਸੰਤ ॥**

**ਪਉੜੀ ॥**

**ਪਪਾ ਪਰਮਿਤਿ ਪਾਰੁ ਨ ਪਾਇਆ ॥ ਪਤਿਤ ਪਾਵਨ ਅਗਮ ਹਰਿ ਰਾਇਆ ॥**
**ਹੋਤ ਪੁਨੀਤ ਕੋਟ ਅਪਰਾਧੂ ॥ ਅੰਮ੍ਰਿਤ ਨਾਮੁ ਜਪਹਿ ਮਿਲਿ ਸਾਧੂ ॥**
**ਪਰਪਚ ਧ੍ਰੋਹ ਮੋਹ ਮਿਟਨਾਈ ॥ ਜਾ ਕਉ ਰਾਖਹੁ ਆਪਿ ਗੁਸਾਈ ॥**
**ਪਾਤਿਸਾਹੁ ਛਤ੍ਰ ਸਿਰ ਸੋਊ ॥ ਨਾਨਕ ਦੂਸਰ ਅਵਰੁ ਨ ਕੋਊ ॥** (ਅੰਗ ੨੫੯)

(14)

# ਮਨ ਕੀ ਮਤਿ ਤਿਆਗਹੁ ਹਰਿ ਜਨ (ਅੰਗ ੨੦੯)

## ਮਹਾਰਾਜੇ ਦੇ ਗੋਲਮੇਜ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਜਾਣ ਵੇਲੇ ਕੌਤਕ।

ਸਾਰੀ ਸ੍ਰਿਸਟੀ ਦੀਆਂ ਗਤੀਸ਼ੀਲ ਵਸਤੂਆਂ ਜਾਨਦਾਰ ਜਾਂ ਬੇਜਾਨ ਹੋਣ, ਸਭ ਦਾ ਅਧਿਕਾਰ ਉਸ ਪਰੀਪੂਰਨ ਪ੍ਰਮਾਤਮਾ ਨੇ ਪੂਰਨਤੋਰ ਮਨੁੱਖ ਨੂੰ ਦਿੱਤਾ ਹੈ। ਉਹ ਜੋ ਚਾਹੇ ਮਨ ਦੇ ਪਿਛੇ ਲੱਗ ਕੇ ਕਰ ਸਕਦਾ ਹੈ। ਮਨੁੱਖ ਮਨ ਨੂੰ ਦੁਨਿਆਵੀ ਬਣਾ ਲਵੇ ਜਾਂ ਅਧਿਆਤਮਿਕ। ਪਰ ਮਨ ਤੋਂ ਰਹਿਤ ਮਨੁੱਖ ਦੀਆ ਬਣਾਈਆਂ ਹੋਈਆ ਬੇਜਾਨ ਮਸ਼ੀਨਾਂ ਵੀ ਉਸ ਦੇ ਹੁਕਮ ਵਿਚ ਹਨ।

ਮਹਾਰਾਜ ਭੁਪਿੰਦਰ ਸਿੰਘ ਜੀ ਵੈਸਾਖ ਬਿਕ੍ਰਮੀ 1985 ਨੂੰ ਇੰਗਲੈਂਡ ਵਿਚ ਗੋਲਮੇਜ ਕਾਨਫਰੰਸ ਵਿਚ ਸ਼ਾਮਲ ਹੋਣ ਦੀ ਤਿਆਰੀ ਕਰ ਰਹੇ ਸਨ। ਬਾਬਾ ਮਹਾਂਹਰਨਾਮ ਸਿਘ ਜੀ 2 ਪੋਹ ਬਿਕ੍ਰਮੀ 1984 ਨੂੰ ਜੋਤੀ ਜੋਤ ਸਮਾ ਗਏ ਸਨ। ਸੱਚਖੰਡ ਜਾਣ ਤੋਂ ਪਹਿਲਾ ਬਾਬਾ ਜੀ ਮਹਾਰਾਜ, ਅਚਿੰਤ ਰਾਮ ਜੀ ਨੂੰ ਆਪਣੀ ਗੱਦੀ ਸੌਂਪ ਗਏ ਸੀ।)

15 ਵੈਸਾਖ ਨੂੰ ਮਹਾਰਾਜ ਅਚਿੰਤ ਰਾਮ ਸਿੰਘ ਜੀ (ਮੁਨਸ਼ੀ ਜੀ ਮਹਾਰਾਜ ਅਚਿੰਤ ਰਾਮ ਜੀ ਨੂੰ ਅਚਿੰਤ ਰਾਮ ਸਿੰਘ ਜੀ ਲਿਖਦੇ ਹਨ) ਨੇ ਬਾਬਾ ਨਰੈਣ ਸਿੰਘ ਜੀ ਨੂੰ ਫੁਰਮਾਇਆ ਕਿ “ਮਹਾਰਾਜਾ ਪਟਿਆਲਾ ਵਲੈਤ ਜਾਣ ਦੀ ਖੁਸ਼ੀ ਵਿਚ ਭੱਜਿਆ ਫਿਰਦਾ ਹੈ। ਪਰ ਜਦ ਤੱਕ ਸ੍ਰੀ ਬਾਬਾ ਜੀ ਮਹਾਰਾਜ ਜੀ ਦੀ ਗੱਦੀ ਅੱਗੇ ਅਰਦਾਸ ਕਰਕੇ, ਆਗਿਆ ਲੈ ਕੇ ਅਤੇ ਬਖਸ਼ੀ ਹੋਈ ਸੇਵਾ ਨਾ ਕਰਨ ਦੀ ਭੁੱਲ ਬਖਸ਼ਾ ਕੇ ਨਹੀਂ ਜਾਂਦੇ। ਤਦ ਤਕ ਬਾਦਸ਼ਾਹ ਲਈ ਵਿਲੈਤ ਵਿੱਚ ਕੀ ਧਰਿਆ ਪਿਆ ਹੈ, ਮੁੜ ਕੇ ਆਉਣਾ ਵੀ ਮੁਸ਼ਕਲ ਹੋ ਜਾਏਗਾ।”

ਇਹ ਸੁਣ ਕੇ ਬਾਬਾ ਨਰੈਣ ਸਿੰਘ ਜੀ ਨੇ ਮੁਨਸ਼ੀ ਜੀ ਨੂੰ ਇਹ ਬਚਨ

ਸੁਣਾਉਣ ਲਈ ਪਟਿਆਲੇ ਭੇਜ ਦਿੱਤਾ। ਪਟਿਆਲੇ ਪਹੁੰਚ ਕੇ ਮੁਨਸ਼ੀ ਜੀ ਨੇ ਉਸੇ ਸਮੇਂ ਸ: ਅਮਰੀਕ ਸਿੰਘ ਡਿਉਟੀ ਵਾਲੇ ਨੂੰ ਬੇਨਤੀ ਕੀਤੀ ਕਿ "ਦਾਸ ਨੇ ਮਹਾਰਾਜਾ ਸਾਹਿਬ ਨੂੰ ਮਿਲਣਾ ਹੈ ਅਤੇ ਅਰਜ਼ ਕਰਨੀ ਹੈ ਜੋ ਮਹਾਰਾਜ ਸਾਹਿਬ ਦੇ ਹਿੱਤਕਾਰੀ ਹੈ।" ਪਰ ਸ: ਅਮਰੀਕ ਸਿੰਘ ਨੇ ਕਿਹਾ "ਕਿ ਮਹਾਰਾਜਾ ਸਾਹਿਬ ਦੇ ਹਿੱਤਕਾਰੀ ਤਾਂ ਹੈ ਪਰ। ਮਹਾਰਾਜ ਸਾਹਿਬ ਤਾਂ ਪਹਾੜਾਂ ਦੀ ਸੈਰ ਲਈ ਗੱਡੀ ਵਿਚ ਸਵਾਰ ਹੋਣ ਜਾ ਰਹੇ ਹਨ। ਹੁਣ ਅਰਜੋਈ ਨਹੀਂ ਹੋ ਸਕਦੀ।"

ਜਦ ਮੁਨਸ਼ੀ ਜੀ ਨੇ ਸੁਣਿਆ ਕਿ ਬਾਦਸ਼ਾਹ 2 ਜੇਠ ਨੂੰ ਵਲੈਤ ਜਾ ਰਹੇ ਹਨ, ਤਾਂ ਫਿਰ ਬਿਨੈ ਪੱਤਰ ਲਿੱਖ ਕੇ ਬੇਨਤੀ ਕੀਤੀ "ਕਿ ਭੁਚੋ ਦਰਬਾਰ ਵਿਚ ਮੱਥਾ ਟੇਕ ਕੇ ਅਤੇ ਆਗਿਆ ਲੈ ਕੇ ਵਲੈਤ ਨੂੰ ਜਾਣ।"

ਮੁਨਸ਼ੀ ਹਰਦਿੱਤ ਸਿੰਘ ਜੀ ਵਾਰ ਵਾਰ ਇਸ ਕਰਕੇ ਬੇਨਤੀਆ ਕਰਦੇ ਸਨ ਕਿਉਂਕਿ ਉਨ੍ਹਾਂ ਪਾਸ ਬਾਬਾ ਮਹਾਂਹਰਨਾਮ ਸਿੰਘ ਜੀ ਨਾਲ ਬਿਕ੍ਰਮੀ 1982 ਦੇ ਕੀਤੇ ਬਚਨਾਂ ਦੀ ਉਲੰਘਣਾ ਕਰਨ ਕਰਕੇ ਮਹਾਰਾਜੇ ਨਾਲ ਜੋ ਬੀਤੀ ਸੀ ਉਸ ਦੀ ਮਿਸਾਲ ਮੋਜੂਦ ਸੀ। ਹੁਕਮ ਨਾ ਮੰਨਦੇ ਹੋਏ ਮਹਾਰਾਜਾ ਇੰਗਲੈਂਡ ਚਲੇ ਗਏ ਸਨ ਜਿਸ ਤੋਂ ਬੜੀ ਪ੍ਰੇਸ਼ਾਨੀ ਨਮੋਸ਼ੀ ਅਤੇ ਨਾ ਉਮੈਦੀ ਦੀ ਹਾਲਤ ਵਿਚ ਸੀ ਕਿ ਹੁਣ ਪਟਿਆਲੇ ਮੁੜ ਕੇ ਨਹੀਂ ਜਾ ਸਕਦੇ। ਫਿਰ ਬਾਬਾ ਜੀ ਨੇ ਉਸੇ ਸਮੇਂ ਰਹਿਮਤ ਦੇ ਘਰ ਵਿਚ ਆ ਕੇ ਉਸ ਦੀ ਸਲਾਮਤੀ ਲਈ ਸਵਾ ਲੱਖ ਜਪੁਜੀ ਸਾਹਿਬ ਦੇ ਪਾਠ ਅਧਿਆਤਮਿਕ ਸ਼ਕਤੀ ਨਾਲ ਮਹਾਰਾਜੇ ਨੂੰ ਆਪਣੇ ਰੂਬਰੂ ਬਿਠਾ ਕੇ ਕੀਤੇ ਅਤੇ ਖੁਸ਼ੀ ਵਿਚ ਆ ਕੇ ਆਉਣ ਦੀ ਆਗਿਆ ਦਿੱਤੀ। ਫਿਰ ਮਹਾਰਾਜੇ ਨੂੰ ਵਾਪਿਸ ਆਉਣ ਵਿਚ ਕੋਈ ਰੁਕਾਵਟ ਨਹੀਂ ਆਈ।

(ਹੁਣ ਵੀ) ਦੋ ਜੇਠ ਵਾਲੇ ਦਿਨ ਮਹਾਰਾਜਾ ਨੂੰ ਵਿਦਾ ਕਰਨ ਲਈ ਸਾਰੇ ਅਹਿਲਕਾਰਾ ਨੇ ਅੰਬਾਲਾ ਛਾਉਣੀ ਜਾਣਾ ਸੀ। ਮੈਂ (ਮੁਨਸ਼ੀ ਜੀ) ਵੀ ਅੰਬਾਲਾ ਛਾਉਣੀ ਚਲਾ ਗਿਆ। ਮਹਾਰਾਜਾ ਸਾਹਿਬ ਕਾਲਕਾ ਤੋਂ ਆ ਰਹੇ ਸਨ। ਜਦ ਰੇਲ ਗੱਡੀ ਅੰਬਾਲਾ ਛਾਉਣੀ ਆ ਕੇ ਰੁੱਕੀ ਤਾਂ ਸਾਰੇ ਅਹਿਲਕਾਰ ਬਾਦਸ਼ਾਹ ਨੂੰ ਮੱਥਾ ਟੇਕਣ ਲਈ ਇਕ ਦੂਜੇ ਦੇ ਉਪਰੋਂ ਦੀ ਹੋ ਰਹੇ ਸਨ। ਮੈਨੂੰ ਕੋਈ ਮੌਕਾ ਨਹੀਂ ਨੇੜੇ ਜਾਣ ਦਾ ਮਿਲ ਰਿਹਾ ਸੀ।

ਆਖਰਕਾਰ ਮੈਂ ਹਜੂਰ ਬਾਬਾ ਜੀ ਅੱਗੇ ਮਨ ਹੀ ਮਨ ਵਿਚ ਬੇਨਤੀ ਕਰਕੇ ਕਿ 'ਮੇਰੇ ਨਾਲ ਵੀ ਮੁਲਾਕਾਤ ਹੋ ਜਾਵੇ ਇੰਜਨ ਤੋਂ ਅੱਗੇ ਚਲਾ ਗਿਆ। ਇਹ ਖਿਆਲ ਬਣਾ ਕੇ ਕਿ ਜੇ ਮਹਾਰਾਜਾ ਸਾਹਿਬ ਡੱਬੇ ਦੀ ਤਾਕੀ ਵਿਚ ਖੜੇ ਹੋਏ ਤਾਂ ਮੈਂ ਵੀ ਮੱਥਾ ਟੇਕ ਲਵਾਂਗਾ।

ਮਹਾਂਪੁਰਸ਼ ਜੋ ਵਰਤਾਉਣਾ ਚਾਹੁੰਣ ਵਰਤਾ ਸਕਦੇ ਹਨ। ਇੰਜਨ ਨੇ ਸੀਟੀ ਮਾਰੀ ਅਤੇ ਗੱਡੀ ਚਲ ਪਈ। ਅਹਿਲਕਾਰ ਪਿਛੇ ਹੋ ਕੇ ਨਮਸ਼ਕਾਰ ਕਰ ਰਹੇ ਸਨ ਅਤੇ ਮਹਾਰਾਜਾ ਸਾਹਿਬ ਹੱਥ ਉਪਰ ਕਰਕੇ ਉਨ੍ਹਾਂ ਦੀ ਨਮਸ਼ਕਾਰ ਸਵੀਕਾਰ ਕਰ ਰਹੇ ਸਨ। ਅਚਾਨਕ ਹੀ ਗੱਡੀ ਰੁਕਣੀ ਸ਼ੁਰੂ ਹੋ ਗਈ ਅਤੇ ਗੱਡੀ ਦੇ ਡੱਬੇ ਦਾ ਉਹ ਦਰਵਾਜਾ ਬਿਲਕੁਲ ਮੇਰੇ ਸਾਹਮਣੇ ਆਇਆ ਜਿਸ ਵਿਚ ਮਹਾਰਾਜਾ ਸਾਹਿਬ ਖੜੇ ਸਨ ਅਤੇ ਇੰਜਨ ਬਿਲਕੁਲ ਹੀ ਰੁਕ ਗਿਆ। ਇਹ ਇੰਜਨ ਰੋਕਣ ਦੀ ਸਾਰੀ ਕਰਾਮਾਤ ਹਜੂਰ ਬਾਬਾ ਜੀ ਮਹਾਰਾਜ ਜੀ ਦੀ ਹੀ ਸੀ। ਜਿਵੇਂ ਹਜੂਰ ਮਹਾਰਾਜ ਬਾਬਾ ਨੰਦ ਸਿਘ ਜੀ ਦੀ ਕ੍ਰਿਪਾ ਨਾਲ ਬਿਨਾ ਸਟੇਸ਼ਨ ਦੇ ਨਾਨਕਸਰ ਗੱਡੀ ਆਪਣੇ ਆਪ ਰੁਕ ਜਾਂਦੀ ਸੀ। ਫਿਰ ਮਜਬੂਰ ਹੋ ਕੇ ਰੇਲ ਮਹਿਕਮੇ ਨੂੰ ਸਟੇਸ਼ਨ ਬਣਾਉਣਾ ਪਿਆ ਸੀ ਜੋ ਪਹਿਲਾ ਨਾ ਮਨਜੂਰ ਕਰ ਦਿੱਤਾ ਸੀ।

ਮੁਨਸ਼ੀ ਜੀ ਨੇ ਮਹਾਰਾਜੇ ਨੂੰ ਮੱਥਾ ਟੇਕਿਆ ਅਤੇ ਅਰਜ ਕਰਨ ਹੀ ਲੱਗਾ ਸੀ ਕਿ ਮਹਾਰਾਜਾ ਸਾਹਿਬ ਨੇ ਫੁਰਮਾਇਆ ਕਿ "ਹਰਦਿੱਤ ਸਿੰਘ ਤੇਰੀ ਅਰਜ ਆ ਕੇ ਸੁਣਾਂਗੇ।"

ਮੁਨਸ਼ੀ ਜੀ ਨੇ ਅਰਜ ਕੀਤੀ "ਮਹਾਰਾਜਾ ਸਾਹਿਬ 29 ਵੈਸਾਖ ਨੂੰ ਬਿਨੇ ਪੱਤਰ ਪੇਸ਼ ਕੀਤੀ ਸੀ ਉਸ ਬਾਰੇ ਹੀ ਅਰਜ ਕਰਨੀ ਹੈ।

ਯੁਵਰਾਜ ਸਾਹਿਬ ਜਾ ਕਿਸੇ ਅਹਿਲਕਾਰ ਨੂੰ ਭੁਚੋ ਦਰਬਾਰ ਵਿੱਚ ਜਾਣ ਦਾ ਹੁਕਮ ਫੁਰਮਾ ਜਾਈਏ ਅਤੀ ਜਰੂਰੀ ਹੈ।"

ਮਹਾਰਾਜਾ ਸਾਹਿਬ ਨੇ ਫੁਰਮਾਇਆ "ਕਿ ਹੁਣ ਭੁਚੋ ਜਾਣ ਵਿਚ ਕੀ ਧਰਿਆ ਪਿਆ ਹੈ ਉਹ ਤਾਕਤ ਤਾਂ ਸਾਡੇ ਗੁਰਦੇਵ ਬਾਬਾ ਜੀ ਵਿਚ ਹੀ ਸੀ।"

**ਪਾਰਬ੍ਰਹਮ ਪੂਰਨ ਪਰਮੇਸੁਰ ਮਨ ਤਾ ਕੀ ਓਟ ਗਹੀਜੈ ਰੇ ॥**
**ਜਿਨਿ ਧਾਰੇ ਬ੍ਰਹਮੰਡ ਖੰਡ ਹਰਿ ਤਾ ਕੋ ਨਾਮੁ ਜਪੀਜੈ ਰੇ ॥੧॥ ਰਹਾਉ ॥**

**ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ ॥**
**ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ ॥**

(ਅੰਗ ੨੦੯)

ਮੁਨਸ਼ੀ ਜੀ ਮਹਾਰਾਜ ਅਚਿੰਤ ਰਾਮ ਜੀ ਦੀ ਤਾਕਤ ਬਾਰੇ ਜਿਕਰ ਹੀ ਕਰਨ ਲੱਗੇ ਸਨ ਕਿ ਗੱਡੀ ਚੱਲ ਪਈ। ਮਹਾਰਾਜਾ ਸਾਹਿਬ ਨੇ ਵਲੈਤ ਦੇ ਵਿਚ ਬਹੁਤ ਬੁਰੇ ਦਿਨ ਕੱਟੇ। ਹੁਕਮ ਅਨੁਸਾਰ ਫਿਰ ਮਹਾਰਾਜਾ ਆਲਾ ਸਿੰਘ ਜੀ ਦੇ ਚੁਲਿਆਂ ਦੀ ਸੇਵਾ ਬਰਨਾਲੇ ਵਿਚ ਕਰਵਾਈ ਗਈ, ਪੁੰਨ ਦਾ ਲੰਗਰ ਵਧਾਇਆ ਗਿਆ। ਉਸ ਤੋਂ ਬਾਦ ਮਹਾਰਾਜਾ ਸਾਹਿਬ ਕੁਝ ਰਾਹਤ ਮਿਲਣ ਕਰਕੇ ਵਾਪਿਸ ਆਏ। ਬਰਨਾਲੇ ਚੁਲਿਆਂ ਦੀ ਪੂਜਨਾ ਕੀਤੀ ਗਈ ਪਰ ਕੁਝ ਅਧੂਰੀ। ਉਸ ਤੋਂ ਬਾਦ ਮਹਾਰਾਜਾ ਆਲਾ ਸਿੰਘ ਜੀ ਦੇ ਗੁਰਦੇਵ ਭਾਈ ਦਿਆਲ ਦਾਸ ਜੀ ਦੀਆਂ ਸਮਾਧਾਂ ਦੀ ਮੁਰੰਮਤ ਵੀ ਕਰਵਾਈ ਪਰ ਅਧੂਰੀ ਹੀ।

**ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥**

(ਅੰਗ ੭੮੭)

ਇਸੇ ਤਰ੍ਹਾਂ ਦੀ ਇਕ ਵਾਰਤਾ ਪਹਿਲਾ ਵੀ ਬਾਬਾ ਜੀ ਦੀ ਤਾਕਤ ਬਾਰੇ ਮਹਾਰਾਜਾ ਸਾਹਿਬ ਨੇ ਮੁਨਸ਼ੀ ਜੀ ਨਾਲ ਕੀਤੀ ਸੀ। 29 ਵੈਸਾਖ ਬਿਕ੍ਰਮੀ 1984 ਨੂੰ ਸ਼ਿਮਲੇ ਵਾਲੇ ਉਪਰਲੇ ਬਜ਼ਾਰ ਵਿਚ ਅੰਗਰੇਜ਼ ਦੀ ਦੁਕਾਨ ਅੰਦਰ ਖੜੇ ਮਿਲਟਰੀ ਸੈਕਟਰੀ ਸਃ ਸੰਪਤ ਸਿੰਘ ਸਾਹਿਬ ਦੇ ਰਿਸ਼ਤੇ ਦਾਰ ਦੇ ਸਾਹਮਣੇ ਮਹਾਰਾਜਾ ਨੇ ਫੁਰਮਾਇਆ ਸੀ ਕਿ "ਹਰਦਿੱਤ ਸਿੰਘ ਅਸੀਂ ਤੇਰੀ ਅਤੇ ਤੇਰੇ ਲੜਕੇ ਦੀ ਪਿਛਲੀ ਤਨਖਾਹ ਅਤੇ ਔਰ ਤਰੱਕੀ ਵੀ ਦੇਵਾਂਗੇ, ਕਿਉਂਕਿ ਤੂੰ ਸਾਡੇ ਗੁਰਦੇਵ ਭੁਚੋ ਰੂੰਮੀ ਵਾਲਿਆਂ ਦੀ ਸੇਵਾ ਕਰਦਾ ਹੈਂ। ਸਾਡੇ ਗੁਰਦੇਵ ਤੇਰੀ ਸੇਵਾ ਤੇ ਬਹੁਤ ਖੁਸ਼ ਹਨ। ਪਰ ਤੂੰ ਸੁਲਤਾਨੀ ਗਵਾਹ ਬਣ ਜਾ। ਸਵਾ ਲੱਖ ਰੁਪਿਆ, ਪਿੰਡ, ਕੁਰਸੀ ਨਸੀਨੋ ਦਾ ਅਹੁਦਾ ਬਖਸ਼ਾਗੇ।"

ਮਹਾਰਾਜਾ ਚਾਹੁੰਦਾ ਸੀ ਕਿ ਹਰਦਿਤ ਸਿੰਘ ਹੀ ਹਜੂਰ ਬਾਬਾ ਜੀ ਦੀ ਦਿੱਤੀ ਹੋਈ ਸ਼ਕਤੀ ਦੀ ਵਰਤੋਂ ਕਰ ਸਕਦਾ ਹੈ।

(15)

# ਹੁਕਮੁ ਨ ਜਾਣੈ ਬਹੁਤਾ ਰੋਵੈ (ਅੰਗ ੬੫)

## ਮਹਾਰਾਜਾ ਸਾਹਿਬ ਵੱਲੋਂ ਹੁਕਮ ਮੰਨਣਾ ਪਰ ਅਧੂਰਾ

ਬਿਦਰ ਜੀ ਨੇ ਆਪਣੀ ਨੀਤੀ ਵਿਚ ਲਿਖਿਆ ਹੈ ਕਿ ਨੌਕਰ ਆਪਣੇ ਰਾਜਾ, ਮਹਾਰਾਜਾ ਦੀ ਹੁਕਮ ਵਿਚ ਰਹਿ ਕੇ ਵਫਾਦਾਰੀ ਕਰ ਰਿਹਾ ਹੋਵੇ ਅਤੇ ਉਸਦੇ ਭਲੇ ਲਈ ਪੂਰਨ ਤੌਰ ਤੇ ਬਚਨਬੱਧ ਹੋਵੇ। ਤਾਂ ਉਸ ਨੌਕਰ ਨੂੰ ਆਪਣੇ ਬਾਦਸ਼ਾਹ ਦੇ ਭਲੇ ਦੀਆਂ ਗੱਲਾ ਆਪਣੇ ਮਾਲਕ ਦੀ ਨਜ਼ਰਸ਼ਾਨੀ ਵਿਚ ਜਲਦੀ ਪੇਸ਼ ਕਰ ਦੇਣੀਆਂ ਚਾਹੀਦੀਆਂ ਹਨ। ਬਾਦਸ਼ਾਹ ਭਾਵੇਂ ਉਸ ਉਪਰ ਕੋਈ ਵਿਚਾਰ ਨਾ ਕਰੇ ਪਰ ਨੌਕਰ ਨੂੰ ਉਹ ਗੱਲਾਂ ਜਰੂਰ ਸਮੇਂ ਸਿਰ ਪੇਸ਼ ਕਰ ਦੇਣੀਆਂ ਚਾਹੀਦੀਆ ਹਨ। ਜਿਵੇਂ ਕਿ ਚੇਤ ਬਿਕ੍ਰਮੀ 1973 ਵਿਚ ਬਾਬਾ ਜੀ ਪਾਸੋ ਆਗਿਆ ਮਿਲਣ ਤੇ ਵੀ ਮੁਨਸ਼ੀ ਹਰਦਿੱਤ ਸਿੰਘ ਵੱਲੋ ਗਲਤੀ ਨਾਲ ਮਹਾਰਾਜਾ ਸਾਹਿਬ ਨੂੰ ਹਜੂਰ ਦੇ ਬਚਨ ਸੁਣਾਉਣ ਦੀ ਬਜਾਏ, ਕਾਗਜ ਉਪਰ ਲਿੱਖ ਕੇ ਸੇਵਾ ਪੇਸ਼ ਕਰਨੀਆਂ ਉਹ ਵੀ ਕਿਸੇ ਹੋਰ ਫੌਜੀ ਅਫਸਰ ਦੇ ਰਾਂਹੀ।

ਇਸ ਉਪਰੰਤ ਹਜੂਰ ਬਾਬਾ ਜੀ ਨੇ ਬਚਨ ਕਰਨਾ ਕਿ "ਮੁਨਸ਼ੀ ਜੀ ਤੈਂ ਸਾਰੇ ਕਾਰਜ ਵਿਗਾੜ ਦਿੱਤੇ ਰਿਆਸਤ ਦੇ ਅਤੇ ਆਪਣੇ ਵੀ।"

ਇਹੀ ਬਚਨ ਅੱਗੇ ਮੁਨਸ਼ੀ ਜੀ ਵੱਲੋ ਸ਼ਾਹੀ ਦਰਬਾਰ ਵਿਚ ਲਿਖ ਕੇ ਭੇਜਣੇ। ਤਾਂ ਮਹਾਰਾਜੇ ਨੇ ਝੂਠ ਸਮਝ ਕੇ ਚੁਪ ਹੋ ਜਾਣਾ। ਫਿਰ ਕਾਰਜਾ ਦੇ ਵਿਗੜ ਜਾਣ ਤੋਂ ਬਾਦ ਭਾਦੋਂ ਬਿਕ੍ਰਮੀ 1979 ਵਿਚ ਰਾਣੀਆਂ ਵੱਲੋ ਬਾਦਸ਼ਾਹ ਦੀਆਂ ਸਿਫਾਰਸ਼ਾ ਭੇਜਣੀਆਂ ਕਿ ਇਨ੍ਹਾਂ ਨੂੰ ਬਖਸ਼ ਦਿਉ।

ਬਾਬਾ ਜੀ ਹਜੂਰ ਨੇ ਬਚਨ ਕੀਤਾ "ਜੋ ਵੀ ਹੁਣ ਤੱਕ ਰਾਣੀਆਂ ਸਿਫਾਰਸ਼ ਕਰਦੀਆਂ ਰਹੀਆਂ ਹਨ ਬਖਸ਼ ਦਿੱਤੀਆਂ ਜਾਣਗੀਆਂ। ਪਰ ਇਸ ਤੋਂ ਬਾਅਦ ਜੋ ਵੀ ਸਿਫਾਰਸ਼ ਕਰੇਗਾ ਉਸ ਦੀ ਸੇਵਾ ਦਾ ਫਲ, ਜਿਸ ਦੀ ਸਿਫਾਰਸ਼ ਕਰੇਗਾ ਉਸਨੂੰ ਮਿਲੇਗਾ। ਸਿਫਾਰਸ਼ੀ ਖਾਲੀ ਰਹਿ ਜਾਏਗਾ।" ਮੁਨਸ਼ੀ ਜੀ ਨੇ ਹਫਤੇ ਡੇਢ ਹਫਤੇ ਬਾਦ ਹੀ ਮਾਲਕਾ (ਚਾਚੀ ਜੀ) ਦੀ

ਸਿਫਾਰਸ਼ ਕਰ ਦੇਣੀ। ਮਾਲਕਾਂ ਦਾ ਕਾਰਜ ਠੀਕ ਹੋ ਜਾਣਾ ਅਤੇ ਮੁਨਸ਼ੀ ਜੀ ਦਾ ਖਾਲੀ ਰਹਿ ਜਾਣਾ। **ਮਤਿ ਥੋੜੀ ਸੇਵ ਗਵਾਈਐ॥** ਮਾਘ ਬਿਕ੍ਰਮੀ 1979 ਸ੍ਰੀ ਗੁਰਦੇਵ ਬਾਬਾ ਜੀ ਦੇ ਫਰਮਾਏ ਅਨੁਸਾਰ ਮੇਰਾ ਮਹਾਰਾਜਾ ਸਾਹਿਬ ਨੂੰ ਇਸ ਤਰ੍ਹਾਂ ਅਰਜ ਨ ਕਰਨਾ ਕਿ "ਆਪਣੇ ਚਾਚੀ ਜੀ ਨੂੰ ਮਹਿੰਦਰ ਕੋਠੀ ਭੇ ਜ ਦਿਉ ਅਤੇ ਬੀਬਾ ਜੀ ਦੀ ਸ਼ਾਦੀ ਛਛਰੋਲੀ ਕਰ ਦਿਉ।"

ਬਾਬਾ ਜੀ ਹਜੂਰ ਨੇ ਫੁਰਮਾਉਣਾ "ਮੁਨਸ਼ੀ ਜੀ ਤੂੰ ਸਾਰੇ ਕਾਰਜ ਵਿਗਾੜ ਲਏ ਹਨ। ਹੁਣ ਜਾਉ ਜਾ ਕੇ ਬਾਦਸ਼ਾਹ ਨੂੰ ਸਾਡਾ ਫੁਰਮਾਨ ਸੁਣਾਉ ਤਾਂ ਕਿ ਸਾਰੇ ਕਾਰਜ ਸ਼ੁੱਧ ਹੋ ਜਾਣ।"

ਮੁਨਸ਼ੀ ਜੀ ਹਜੂਰ ਬਾਬਾ ਜੀ ਦਾ ਬਚਨ ਮੰਨ ਕੇ ਉਸ ਵੇਲੇ ਤੋਂ ਬੇਨਤੀਆਂ ਕਰਦੇ ਆਏ ਕਿ ਹੁਕਮ ਦੀ ਤਾਮੀਲ ਕਰੋ। ਪਰ ਮਹਾਰਾਜੇ ਇਸ ਨੂੰ ਅਮਲ ਵਿਚ ਨਾ ਲਿਆਏ। ਜਦ ਮਾਲਕਾਂ ਨੂੰ ਕਿਲੇ ਵਿਚ ਬੰਦ ਕਰਕੇ ਮਹਾਰਾਜਾ ਇਹ ਕਹਿ ਗਏ ਸਨ ਕਿ "ਨਾ ਮੂੰਹ ਦੇਖਾਂ ਨ ਮੂੰਹ ਦਿਖਾਵਾਂ। ਦੁਸ਼ਮਨਾਂ ਨੂੰ ਮਾਰੇ ਬਿਨਾਂ ਕਿਲੇ ਵਿਚੋਂ ਬਾਹਰ ਨਹੀਂ ਕੱਢੂਗਾ"।

ਫਿਰ ਹਜੂਰ ਬਾਬਾ ਜੀ ਮਹਾਰਾਜ ਨੇ ਬਚਨ ਕੀਤਾ "ਕਿ ਘਬਰਾਉ ਨਹੀਂ ਬਾਦਸ਼ਾਹ, ਕੁਝ ਦਿਨਾਂ ਨੂੰ ਹੀ ਮੂੰਹ ਵੀ ਦਿਖਾਏਗਾ ਅਤੇ ਬਾਹਰ ਵੀ ਕੱਢੇਗਾ। ਵੱਡਿਆਂ ਦੀਆਂ ਸਾਰੀਆਂ ਗੱਲਾਂ ਦੱਸਣੀਆਂ ਠੀਕ ਨਹੀਂ ਹੁੰਦੀਆਂ। ਆਦਰ ਵੀ ਕਰੇਗਾ ਅਤੇ ਭੁਲਾਂ ਵੀ ਬਖਸ਼ਾਏਗਾ।"

ਜਦੋਂ ਬਾਦਸ਼ਾਹ ਪਹਾੜਾਂ ਤੋਂ ਵਾਪਿਸ ਆਇਆ ਤਾਂ ਸਭ ਇਸੇ ਤਰ੍ਹਾਂ ਹੀ ਹੁਕਮ ਮੁਤਾਬਕ ਹੋਇਆ। ਮਹਾਰਾਜਾ ਸਾਹਿਬ ਆਉਂਦੇ ਹੀ ਆਪਣੇ ਚਾਚੀ ਜੀ ਕੋਲ ਗਏ ਅਤੇ ਬੇਨਤੀ ਕਰਨ ਲੱਗੇ "ਕਿ ਤੁਸੀਂ ਮੇਰੇ ਮਾਤਾ ਜੀ ਹੋ, ਮੈਨੂੰ ਬਖਸ਼ ਦਿਉ। ਮੇਰੇ ਵਿਰੁੱਧ ਅੰਗਰੇਜਾਂ ਨੂੰ ਕੋਈ ਅਰਜੀ ਨਾ ਪਾ ਦੇ ਣੀ ਮੈਂ ਤੁਹਾਡਾ ਆਪਣਾ ਹੀ ਹਾਂ।"

ਇਹ ਸਭ ਕੁਝ ਨੂੰ ਦੇਖਕੇ ਮਾਲਕਾਂ ਦਾ (ਚਾਚੀ ਜੀ ਦੇ ਪ੍ਰਵਾਰ) ਦਾ ਬਾਬਾ ਜੀ ਮਹਾਰਾਜ ਉਪਰ ਪੂਰਾ ਪੂਰਾ ਭਰੋਸਾ ਬਣ ਗਿਆ ਅਤੇ ਉਹ ਹਜੂਰ ਦੀ ਸੇਵਾ ਵਿਚ ਲੱਗ ਗਏ। ਗਲਤ ਹੱਥ ਪਾਉਣ ਨਾਲ ਹੱਥ ਦਾ ਟੁਟਣਾ। ਗੁਰੂ ਮਹਾਰਾਜ ਦੇ ਹੁਕਮ ਅਨੁਸਾਰ ਬਾਬਾ ਜੀ ਦੇ ਪਲੰਘ ਉਪਰ ਪੈ ਕੇ ਭਲਾ ਕਰਵਉਣਾ ਇਹ ਸਭ ਪਰਤੱਖ ਪਰਮਾਣ ਦੇਖ ਕੇ ਭਰੋਸਾ ਯਕੀਨ ਵਿਚ ਬਦਲ ਜਾਣਾ।

ਜੇਠ ਬਿਕ੍ਰਮੀ 1983 ਨੂੰ ਮੁਨਸ਼ੀ ਜੀ ਦੇ ਘਰ ਵਾਲੀ ਬਾਬਾ ਜੀ

ਚਰਨਾਂ ਵਿਚ ਹਾਜ਼ਰ ਹੋ ਕੇ ਬੇਨਤੀ ਕਰਨ ਲੱਗੀ "ਮਹਾਰਾਜ! ਤੁਹਾਡਾ ਸੇਵਕ ਤਿੰਨ ਦਿਨਾਂ ਤੋਂ ਬੁਖਾਰ ਨਾਲ ਪੀੜਤ ਹੈ।"

ਹਜੂਰ ਬਾਬਾ ਜੀ ਨੇ ਬਚਨ ਕੀਤਾ "ਸਧਾਰਣ ਪਾਠ ਕਰਵਾ ਦਿਉ ਠੀਕ ਹੋ ਜਾਏਗਾ। "ਸੁਖਮਨੀ ਸਾਹਿਬ ਅਤੇ ਸੁਖਮਨੇ ਸਾਹਿਬ ਦਾ ਸੰਪਟ ਪਾਠ ਵੀ ਕਰਾਉ।"

ਸਧਾਰਣ ਪਾਠ ਕਰਵਾ ਦਿੱਤਾ ਸੇਵਕ ਠੀਕ ਹੋ ਗਿਆ ਪਰ ਸੁਖਮਨੀ ਸਾਹਿਬ ਅਤੇ ਸੁਖਮਨੇ ਸਾਹਿਬ ਦਾ ਪਾਠ ਨਹੀਂ ਕਰਵਾਇਆ।

ਬਿਦਰ ਜੀ ਦਾ ਕਹਿਣਾ ਹੈ "ਕਿ ਜੋ ਬਾਤ ਨੌਕਰ ਆਪਦੇ ਰਾਜਾ ਮਹਾਰਾਜਾ ਨੂੰ ਪਹਿਲਾ ਹੀ ਦੱਸ ਦਿੰਦਾ ਹੈ ਅਤੇ ਬਾਅਦ ਵਿਚ ਓਹੀ ਹਕੀਕਤ ਬਣ ਜਾਂਦੀ ਹੈ ਤਾਂ ਰਾਜਾ, ਮਹਾਰਾਜਾ ਆਪਣੇ ਨੌਕਰ ਨੂੰ ਆਪਣਾ ਵਫਾਦਾਰ ਅਤੇ ਇਤਬਾਰ ਵਾਲਾ ਸਖਸ਼ ਸਮਝਣ ਲੱਗ ਜਾਂਦਾ ਹੈ।"

ਮੁਨਸ਼ੀ ਜੀ ਦੀ ਸੇਵਾ ਤੋਂ ਖੁਸ਼ ਹੋ ਕੇ ਹਜੂਰ ਬਾਬਾ ਜੀ ਨੇ ਮਾਲਕਾ ਦੇ ਮਹਾਂ ਕਸ਼ਟ ਦੂਰ ਕੀਤੇ ਜੋ ਕਿ ਸੰਸਾਰੀ ਮਾਇਆ ਅਰਬਾਂ ਖਰਚ ਕਰਨ ਨਾਲ ਵੀ ਦੂਰ ਨਹੀਂ ਹੁੰਦੇ ਸਨ। ਫਿਰ ਟਿੱਕਾ ਜੀ ਦੇ ਜਨਮ ਤੋਂ ਪਹਿਲਾ ਹੀ ਬਚਨ ਕਰਨਾ ਕਿ "ਟਿੱਕਾ ਜੀ ਜਨਮ ਲੈਣਗੇ। ਇਹ ਸਭ ਪ੍ਰਤੱਖ ਕੌਤਕ ਦੇਖ ਕੇ ਰਾਜਾ ਮਹੇਸ਼ ਇੰਦਰ ਸਿੰਘ ਜੀ ਦੇ ਪਰਵਾਰ ਨੂੰ ਪੂਰਾ ਭਰੋਸਾ ਅਤੇ ਸ਼ਰਧਾ ਬਣ ਗਈ।

ਹਜੂਰ ਬਾਬਾ ਜੀ ਨੇ ਜੋ ਰਹਿਮਤਾ ਮਹਾਰਾਜਾ ਭੁਪਿੰਦਰ ਸਿੰਘ ਜੀ ਉਪਰ ਕੀਤੀਆਂ ਸਨ ਮੁਨਸ਼ੀ ਜੀ ਲਿਖਦੇ ਹਨ।

1 ਅਸੂ ਬਿਕ੍ਰਮੀ 1974 ਵਿਚ 101 ਰੁਪਿਆਂ ਨਕਦ ਖਜ਼ਾਨੇ ਵਿੱਚ ਰੱਖਣਾ ਤਾਂ ਕਿ ਖਜ਼ਾਨਾ ਭਰਪੂਰ ਰਹੇ। ਜੋ ਸੱਚ ਹੋਇਆ, ਲੋਕਾਂ ਦੀ ਭਵਿੱਖਬਾਣੀ ਦੇ ਉਲਟ ਕਿ ਮਹਾਰਾਜਾ ਦੀਵਾਲੀਆਂ ਹੋ ਗਿਆ ਹੈ।

2 ਬਿਕ੍ਰਮੀ 1977 ਦੀ ਜੰਗ ਵਿਚ ਬੰਬ ਤੋਂ ਬਚਾਉਣਾ।

3 ਮੱਘਰ ਬਿਕ੍ਰਮੀ 1977 ਵਿਚ ਪੱਟ ਪਉ ਪਟਿਆਲੇ ਵਾਲੀ ਆਫਤ ਤੋਂ ਬਚਾਉਣਾ।

4 ਮਾਘ ਬਿਕ੍ਰਮੀ 1979 ਵਿਚ ਹੇਠ ਲਿਖੀਆਂ ਤਕਲੀਫਾਂ ਪਹੁੰਚਣੀਆਂ ਅਤੇ ਉਨ੍ਹਾਂ ਦੀ ਰੋਕ ਕਰਨੀ, ਉਪਾਉ ਕਰਵਾਉਣੇ।

1. ਬੇਕਾਰ ਦੀ ਤਕਲੀਫ ਸਰੀਰ ਲਈ।
2. ਪਟਿਆਲਾ ਗੱਦੀ ਬਾਬਤ ਝਗੜਾ ਹੋਣਾ।
3. ਮਹਾਰਾਜਾ ਸਾਹਿਬ ਦੇ ਦੁਸ਼ਮਨਾਂ ਦਾ ਇਕੱਠੇ ਹੋਣਾ। ਉਪਾਉ ਨਾਲ ਖਤਮ ਕਰਨਾ।
4. ਆਪਣੇ ਚਾਚੀ ਜੀ ਨੂੰ ਬੱਗੀ ਉਪਰ ਬਿਠਾ ਕੇ ਮਹਿੰਦਰ ਕੋਠੀ ਵਿਚ ਛੱਡ ਕੇ ਆਉਣਾ।
5. ਬੀਬੀ ਦੀ ਸ਼ਾਦੀ ਛਛਰਾਲੀ ਕਰਵਾ ਦੇਣੀ।
6. ਬਿਕ੍ਰਮੀ 1980 ਵਿਚ ਮਹਾਰਾਜੇ ਸਾਹਿਬ ਨੂੰ ਉਨ੍ਹਾਂ ਤਕਲੀਫਾ ਤੋਂ ਬਚਾਉਣਾ ਜੋ ਨਾਭੇ ਵਾਲੇ ਮਹਾਰਾਜੇ ਨੂੰ ਭੁਗਤਣੀਆਂ ਪਈਆਂ।
7. ਭਾਦੋਂ ਬਿਕ੍ਰਮੀ 1982 ਵਿਚ ਜਪੁਜੀ ਸਾਹਿਬ ਦੇ ਸਵਾ ਲੱਖ ਪਾਠ ਕਰਕੇ ਮਨਹੂਸ ਸਰੀਰਕ ਤਕਲੀਫ ਤੋਂ ਬਚਾਉਣਾ। ਕੁਝ ਹਿੱਸਾ ਤਕਲੀਫ ਦਾ ਸਃ ਕਿਸ਼ਨ ਸਿੰਘ ਤੇ ਸਃ ਕਰਤਾਰ ਸਿੰਘ ਡਿਉਡੀ ਵਾਲੇ ਨੂੰ ਭੁਗਤਨਾ ਪਿਆ।
8. ਉਮਰ ਦੇ ਬਾਰਾਂ ਸਾਲ ਹੋਰ ਬਖਸ਼ਸ਼ ਹੋਈ ਹਜੂਰ ਬਾਬਾ ਜੀ ਮਹਾਰਾਜ ਵੱਲੋ।

**ਜਿਸ ਨੋ ਸਾਜਨ ਰਾਖਸੀ, ਦੁਸਮਨ ਕਵਣ ਬਿਚਾਰ[1] ।**
**ਛ੍ਵੈ ਨ ਸਕੈ ਤਿਹ ਛਾਹਿ ਕੋ[2], ਨਿਹਫਲ[3] ਜਾਇ ਗਵਾਰ ।**
**ਜੋ ਸਾਧੂ ਸਰਣੀ ਪਰੇ, ਤਿਨ ਕੇ ਕਵਨ ਬਿਚਾਰ ।**
**ਦੰਤ[4] ਜੀਭ ਜਿਮ ਰਾਖਿ ਹੈ, ਦੁਸਟ ਅਰਿਸਟ ਸੰਘਾਰ ।** (ਬਚਿੱਤਰ ਨਾਟਕ)

## (16)
## ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ (ਅੰਗ ੧੨੧੮)

ਅਵਤਾਰੀ ਪੁਰਸ਼ਾ ਦਾ ਕਥਨ ਹੈ ਕਿ ਪੂਰਬਲੇ ਜਨਮਾਂ ਵਿਚ ਕਈ

---

1. ਬਿਚਾਰੁ–ਵਿਚਾਰਾ ਹੈ, 2 ਛਾਹਿ ਕੌ–ਪਰਛਾਵਾਂ, 3. ਨਿਹਫਲ–ਵਿਅਰਥ (ਮੂਰਖ ਦਾ ਵਾਰ ਵਿਅਰਥ ਜਾਂਦਾ ਹੈ।) 4. ਦੰਤ–ਅਕਾਲ ਪੁਰਖ ਜਿਵੇਂ ਦੰਦਾਂ ਵਿਚ ਜੀਭਾਂ ਨੂੰ ਬਚਾਉਂਦਾ ਹੈ ਉਸੇ ਤਰ੍ਹਾਂ ਬੁਰਿਆਂ ਅਤੇ ਦੁੱਖਾਂ ਨੂੰ ਨਾਸ ਕਰਕੇ ਭਗਤਾਂ ਦੀ ਪੈਜ ਰੱਖਦਾ ਹੈ।

ਵਾਰ ਰਿਸ਼ਤੇ ਉਲਟ ਪੁਲਟ ਹੁੰਦੇ ਰਹਿੰਦੇ ਹਨ। ਕਈ ਵਾਰ ਬਦਲੇ ਦੀ ਭਾਵਨਾ ਨਾਲ ਵੀ ਜਨਮ ਮਿਲਦੇ ਰਹਿੰਦੇ ਹਨ।

ਸਰਦਾਰ ਸੁੰਦਰ ਸਿੰਘ ਕਰੋੜੇ ਦਾ ਭੇਜਿਆ ਹੋਇਆ ਮੁਨਸ਼ੀ ਸਿੰਘ ਦਰਜੀ ਸਿੱਖ ਹਰੇਕ ਪੂਰਨਮਾਸ਼ੀ ਵਾਲੇ ਦਿਨ ਰਾਜਾ ਮਹੇਸ਼ਇੰਦਰ ਸਿੰਘ (ਮਾਲਕਾ) ਜੀ ਦੀ ਤਰਫੋ ਹਜੂਰ ਬਾਬਾ ਜੀ ਦੇ ਦਰ ਤੇ 250- ਰੁਪਏ (ਢਾਈ ਸੌ) ਸੇਵਾ ਲਈ ਲੈ ਕੇ ਆਉਂਦਾ ਸੀ। ਇਕ ਪੂਰਨਮਾਸ਼ੀ ਮੁਨਸ਼ੀ ਸਿੰਘ ਦੋ ਦਿਨ ਬਾਦ ਵਿਚ ਆਇਆ ਕਿਉਂਕਿ ਬੀਬਾ ਸਾਹਿਬ ਦੌਲਤਪੁਰ ਜਾਨੀ ਭੁਪਾਲ ਵਾਲੀ ਦੇ ਪੱਲੇ ਸ਼ਗਨ ਪਿਆ ਸੀ। ਹਜੂਰ ਬਾਬਾ ਜੀ ਅੰਤਰਜਾਮੀ ਸਭ ਕੁਝ ਜਾਣਦੇ ਹੋਏ ਵੀ ਮੁਨਸ਼ੀ ਸਿੰਘ ਨੂੰ ਪੁੱਛਣ ਲੱਗੇ ਕੀ ਗੱਲ ਹੈ ਦੋ ਦਿਨ ਪਛੜਕੇ ਆਇਆ ਹੈਂ।"

"ਮਹਾਰਾਜ! ਬੀਬਾ ਜੀ ਨੂੰ ਚੁੰਨੀ ਚੜ੍ਹਾਉਣ ਆਏ ਸਨ ਉਸ ਦੇ ਸਹੁਰਾ ਪਰਵਾਰ। ਕੰਮ ਜਿਆਦਾ ਹੋਣ ਕਰਕੇ ਦੋ ਦਿਨ ਪਛੜ ਗਿਆ।"

ਹਜੂਰ ਬਾਬਾ ਜੀ ਨੇ ਫੁਰਮਾਇਆ "ਚੁੰਨੀ ਕੀ ਹੁੰਦੀ ਹੈ।"

"ਲੜਕੇ ਵਾਲੇ ਲੜਕੀ ਵਾਲਿਆਂ ਦੇ ਘਰ ਮੰਗਣੀ ਕਰਨ ਆਉਂਦੇ ਹਨ। ਮੁਨਸ਼ੀ ਸਿੰਘ ਨੇ ਦੱਸਿਆ।

"ਸਾਡੇ ਪੁਛੇ ਬਿਨਾਂ ਹੀ ਚਾਚੀ ਜੀ ਦੀ ਬਾਲੜੀ ਦੀ ਮੰਗਨੀ ਹੋ ਗਈ' ਬਾਬਾ ਜੀ ਨੇ ਫੁਰਮਾਇਆ।

"ਮਹਾਰਾਜ ਬਾਬਾ ਜੀ! ਮੰਗਣੀ ਤਾਂ ਬਾਦਸ਼ਾਹ ਨੇ ਕੀਤੀ ਹੈ। ਜੇ ਮਾਈ ਸਾਹਿਬ ਮੰਗਣੀ ਕਰਦੇ ਤਾਂ ਜਰੂਰ ਪੁਛ ਲੈਂਦੇ।" ਮੁਨਸ਼ੀ ਸਿੰਘ ਨੇ ਉਤਰ ਦਿੱਤਾ।

ਬਾਬਾ ਜੀ ਨੇ ਫੁਰਮਾਇਆ "ਕਿ ਚੰਗਾ! ਅਸੀਂ ਤਾਂ ਚਾਹੁੰਦੇ ਸੀ ਕਿ ਚਾਚੀ ਜੀ ਦਾ ਜੋ ਕਰਜ਼ਾ ਸਾਡੀ ਕੀਤੀ ਹੋਈ ਸੇਵਾ ਦਾ ਬਾਦਸ਼ਾਹ ਸਿਰ ਤੇ ਚੜ ਗਿਆ ਹੈ ਉਹ ਇਸੇ ਜਨਮ ਵਿੱਚ ਹੀ ਉਤਾਰ ਦਿੰਦੇ। ਨਹੀਂ ਤਾਂ ਫਿਰ ਔਰਤ ਬਣ ਕੇ ਇਹੀ ਤਕਲੀਫਾਂ ਭੁਗਤਨੀਆਂ ਪੈਣਗੀਆਂ।"

ਤਾਂ ਹੀ ਕਿਹਾ ਹੈ:-

"ਕਿ ਤਪੋ ਰਾਜ ਤੇ ਰਾਜੋ ਨਰਕ"

"ਚੰਗਾ ਜਾਉ ਦੁੱਧ ਪਾਣੀ ਛਕੋ।"

ਮੁਨਸ਼ੀ ਹਰਦਿੱਤ ਸਿੰਘ ਉਠ ਕੇ ਕੋਠੜੀ ਵਿਚ ਆ ਗਏ। ਹਰਦਿੱਤ ਸਿੰਘ ਕਹਿਣ ਲਗੇ "ਕਿ ਬਾਬਾ ਜੀ ਨੇ ਇਹ ਗੱਲਾਂ ਇਸ ਲਈ ਕੀਤੀਆਂ ਹਨ ਕਿ ਤੂੰ ਜਾ ਕੇ ਕਰੋੜਾ ਸਾਹਿਬ ਨੂੰ ਦੱਸੇ। ਫਿਰ ਉਹ ਅੱਗੇ ਬਾਦਸ਼ਾਹ ਨੂੰ ਇਹ ਬਚਨ ਸੁਣਾਉਣ ਤਾਂ ਕਿ ਇਹ ਕਰਜਾ ਇਸੇ ਜਨਮ ਵਿਚ ਉਤਾਰਿਆ ਜਾ ਸਕੇ।"

ਮੁਨਸ਼ੀ ਸਿੰਘ ਨੇ ਕਿਹਾ "ਮੈਂ ਤਾਂ ਚੁਪ ਰਹਾਂਗਾ, ਕੁਝ ਨਹੀਂ ਕਹਿਣਾ ਨਹੀਂ ਤਾਂ ਮੇਰਾ ਇਥੇ ਆਉਣਾ ਹੀ ਬੰਦ ਕਰ ਦੇਣਗੇ।"

ਇਕ ਦਿਨ ਹਜ਼ੂਰ ਬਾਬਾ ਜੀ ਫੁਰਮਾਣ ਲੱਗੇ "ਹਰਦਿੱਤ ਸਿੰਘ ਤੇਰਾ ਅਤੇ ਬਾਦਸ਼ਾਹ ਦਾ ਸਧਨੇ ਵਾਲਾ ਵੈਰ ਚਲਿਆ ਆ ਰਿਹਾ ਹੈ। ਹੁਣ ਤੇਰੀ ਵਾਰੀ ਆਈ ਹੋਈ ਹੈ।"

ਮੁਨਸ਼ੀ ਜੀ ਨੇ ਬੇਨਤੀ ਕੀਤੀ "ਸੱਚੇ ਪਾਤਸ਼ਾਹ ਇਹ ਵਾਰੀ ਵਾਲਾ ਚੱਕਰ ਤੋੜ ਦਿਉ, ਤੁਸੀ ਸਮਰਥ ਹੋ ਜੋ ਚਾਹੋ ਕਰ ਸਕਦੇ ਹੋ।"

**ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ ॥** (ਅੰਗ ੭੧੩)

ਸੱਚੇ ਪਾਤਸ਼ਾਹ ਫੁਰਮਾਣ ਲੱਗੇ "ਸੇਵਾ ਕਰਦਾ ਰਹੁ ਬਾਦਸ਼ਾਹ ਖੁਸ਼ ਹੋ ਜਾਵੇਗਾ ਤੇਰੀ ਇਹ ਤਕਲੀਫ ਦੂਰ ਹੋ ਜਾਏਗੀ। ਇਸ ਤਰ੍ਹਾਂ ਇਹ ਵਾਰੀ ਵਾਲਾ ਚੱਕਰ ਟੁੱਟ ਜਾਏਗਾ।"

**ਸਾਰਗ ਮਹਲਾ ੫ ॥**

**ਠਾਕੁਰ ਤੁਮ੍ ਸਰਣਾਈ ਆਇਆ ॥ ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ ॥੧॥ ਰਹਾਉ ॥ ਅਨਬੋਲਤ ਮੇਰੀ ਬਿਰਥਾ ਜਾਨੀ ਅਪਨਾ ਨਾਮੁ ਜਪਾਇਆ ॥ ਦੁਖ ਨਾਠੇ ਸੁਖ ਸਹਜਿ ਸਮਾਏ ਅਨਦ ਅਨਦ ਗੁਣ ਗਾਇਆ ॥੧॥ ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ ॥ ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ ॥** (ਅੰਗ ੧੨੧੮)

## (17)

## ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥ (ਅੰਗ ੭੭੩)

### ਬੇਸ਼ਕ ਪਟਿਆਲੇ ਤੱਕ ਸੋਨੇ ਦੀ ਸੜਕ

ਮਹਾਂਪੁਰਖਾਂ, ਸੰਤ ਮਹਾਤਮਾਂ ਦੀਆਂ ਖੁਸ਼ੀਆਂ ਪ੍ਰਾਪਤ ਕਰ ਲੈਣੀਆਂ ਹੀ ਆਪਣੇ ਜੀਵਨ ਨੂੰ ਸਫਲ ਕਰ ਲੈਣਾ ਹੈ ਅਤੇ ਵਾਰ ਵਾਰ ਦੇ ਜਨਮ ਮਰਨ

ਦੇ ਬੰਧਨ ਨੂੰ ਕੱਟ ਦੇਣਾ ਹੈ। ਸਾਗਰ ਤੋਂ ਉਡਿਆ ਪਾਣੀ ਬਾਰਸ਼ ਬਣ ਕੇ ਫਿਰ ਨਦੀਆਂ ਰਾਹੀ ਹੁੰਦਾ ਹੋਇਆ ਫਿਰ ਸਾਗਰ ਬਣ ਜਾਂਦਾ ਹੈ। ਪਰ ਮਹਾਂਪੁਰਖਾਂ ਦੀ ਨਰਾਜਗੀ ਲੈ ਲੈਣੀ ਨਰਕਾਂ ਦੀ ਜਿੰਦਗੀ ਨੂੰ ਸੱਦਾ ਦੇਣਾ ਹੈ।

ਜਿਸ ਵੇਲੇ ਮੱਘਰ 1977 ਵਿਚ ਮਹਾਰਾਜਾ ਭੁਪਿੰਦਰ ਸਿੰਘ ਜੀ ਹਜ਼ੂਰ ਬਾਬਾ ਜੀ ਦੇ ਦਰਸ਼ਨ ਕਰਨ ਆਏ ਸਨ ਕਈਆਂ ਸੇਵਕਾਂ ਦੇ ਮਨ ਵਿਚ ਸੰਕੇ ਪੈਦਾ ਹੋ ਗਏ ਸਨ ਕਿ ਸ਼ਾਇਦ ਮਹਾਰਾਜਾ ਬਾਬਾ ਜੀ ਨੂੰ ਪਟਿਆਲੇ ਲੈ ਕੇ ਜਾਵੇਗਾ। ਇਨ੍ਹਾਂ ਸੰਕਾਵਾਦੀਆਂ ਵਿਚੋਂ ਮੁਨਸ਼ੀ ਹਰਦਿੱਤ ਸਿੰਘ ਵੀ ਸੀ। ਇਕ ਦਿਨ ਮੁਨਸ਼ੀ ਜੀ ਨੇ ਬਾਬਾ ਜੀ ਅੱਗੇ ਬੇਨਤੀ ਕੀਤੀ "ਮਹਾਰਾਜ ਜੀ! ਪਟਿਆਲੇ ਵਾਲਾ ਮਹਾਰਾਜਾ ਤੁਹਾਨੂੰ ਆਪਣੇ ਮਹਿਲਾਂ ਵਿੱਚ ਚਰਨ ਪਵਾਣ ਲਈ ਲੈ ਕੇ ਜਾਵੇਗਾ ?"

ਮਹਾਂਪੁਰਸ਼ ਬਾਬਾ ਜੀ ਨੇ ਫੁਰਮਾਇਆ "ਮੁਨਸ਼ੀ ਜੀ! ਜੇ ਬਾਦਸ਼ਾਹ ਆਪਣੇ ਮਹਿਲਾਂ ਤੋਂ ਲੈ ਕੇ ਸਾਡੇ ਇਸ ਪਲੰਘ ਤੱਕ ਸੋਨੇ ਦੀ ਸੜਕ ਵੀ ਬਣਾ ਲਵੇ ਉਸ ਵਿਚ ਹੀਰੇ ਮੋਤੀ ਵੀ ਜੜ ਦੇਵੇ ਅਸੀਂ ਫੇਰ ਵੀ ਨਹੀਂ ਜਾਵਾਂਗੇ। ਪਰ ਉਸ ਦੇ ਕਾਰਜ ਕਰਦੇ ਰਹਾਂਗੇ।"

**ਜਿਨ ਸਰਧਾ ਰਾਮ ਨਾਮਿ ਲਗੀ ਤਿਨ੍ ਦੂਜੈ ਚਿਤੁ ਨ ਲਾਇਆ ਰਾਮ ॥**
**ਜੇ ਧਰਤੀ ਸਭ ਕੰਚਨੁ ਕਰਿ ਦੀਜੈ ਬਿਨੁ ਨਾਵੈ ਅਵਰੁ ਨ ਭਾਇਆ ਰਾਮ ॥**
(ਅੰਗ ੪੪੪)

ਦਰਸ਼ਨ ਕਰਕੇ ਵਾਪਿਸ ਜਾਣ ਸਮੇਂ ਮਹਾਰਾਜਾ ਸਾਹਿਬ ਫੇਰ ਛੇਤੀ ਆਉਣ ਦਾ ਵਾਇਦਾ ਕਰ ਗਿਆ ਸੀ ਪਰ ਛੇਤੀ ਨਹੀਂ ਆਇਆ ਸੀ। ਫਿਰ ਉਸ ਨੇ ਆਪਦੇ ਸਨਬੰਧੀਆਂ ਤੇ ਰਿਸ਼ਤੇਦਾਰਾਂ ਨੂੰ ਵੀ ਕਈ ਵਾਰ ਭੇਜਿਆ ਕਿ ਬਾਬਾ ਜੀ ਤੋਂ ਮੇਰੀ ਭੁਲ ਬਖਸ਼ਾਉ ਅਤੇ ਸੇਵਾ ਲਈ ਆਗਿਆ ਲੈ ਕੇ ਦੇਵੋ। ਪਰ ਹਜ਼ੂਰ ਬਾਬਾ ਜੀ ਨੇ ਕੋਈ ਸਿਫਾਰਸ਼ ਨਹੀਂ ਮੰਨੀ।

ਬਾਬਾ ਜੀ ਹਰ ਸਨਬੰਧੀ ਨੂੰ ਇਹੋ ਹੀ ਆਖਦੇ "ਕਿ ਹੁਣ ਸਮਾਂ ਲੰਘ ਗਿਆ ਹੈ, ਉਸ ਵੇਲੇ ਹੁਕਮ ਮੰਨ ਲਿਆ ਜਾਂਦਾ ਤਾਂ ਠੀਕ ਸੀ। ਹੁਣ ਪੱਕਾ ਤਲਾਬ (ਸਰੋਵਰ) ਅਤੇ ਹਰਿਮੰਦਰ ਬਣੇਗਾ ਜਰੂਰ ਸਮੇਂ ਨਾਲ ਕੋਈ ਸਮੁੰਦਰੋਂ ਪਾਰ ਤੋਂ ਆਵੇਗਾ ਅਤੇ ਬਣਾਵੇਗਾ।"

**ਸਲੋਕ ਮਃ ੧ ॥**

**ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥**
**ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ ॥** (ਅੰਗ ੮੩)

## (18)

## ਟਿੱਕਾ ਸਾਹਿਬ ਰਾਜਾ ਬਲ ਹੈ

ਕੁਝ ਸਮੇਂ ਤੋਂ ਰਾਜਾ ਮਹੇਸ਼ਇੰਦਰ ਸਿੰਘ ਅਤੇ ਬੀਬੀ ਕਰਮਗੜ ਵਾਲੇ ਬੇਨਤੀ ਕਰਦੇ ਆ ਰਹੇ ਸਨ ਕਿ "ਮਹਾਰਾਜ! ਪੁੱਤਰ ਦੀ ਦਾਤ ਬਖਸ਼ੋ" ਸੱਚੇ ਪਾਤਸ਼ਾਹ ਦੀ ਮੇਹਰ ਨਾਲ ਟਿੱਕਾ ਸਾਹਿਬ ਦਾ ਜਨਮ ਹੋਇਆ ਤਾਂ ਸੰਕਲਪ ਕੀਤਾ ਗਿਆ ਕਿ ਬਾਬਾ ਜੀ ਦੇ ਅਸਥਾਨ ਉਤੇ ਸਵਾ ਲੱਖ ਰੁਪਿਆ ਸੇਵਾ ਲਈ ਲਾਇਆ ਜਾਵੇਗਾ। "ਹਜੂਰ ਬਾਬਾ ਜੀ ਤਾਂ ਉਸ ਸਮੇਂ ਸੱਚਖੰਡ ਚਲੇ ਗਏ ਸਨ।

ਮਾਘ ਦੀ ਸਵੇਰ ਸਮੇਂ ਬਾਬਾ ਨਰੈਣ ਸਿੰਘ ਜੀ ਨੇ ਫੁਰਮਾਇਆ ਕਿ "ਮੁਨਸ਼ੀ ਜੀ ! ਮਾਲਕ ਬਾਬਾ ਜੀ ਹੁਕਮ ਦੇ ਰਹੇ ਹਨ, ਕਿ ਹਰਦਿੱਤ ਸਿੰਘ ਨੂੰ ਕਹੋ, ਆਪਣੇ ਮਾਲਕਾਂ (ਬਾਦਸ਼ਾਹ) ਨੂੰ ਆਖੇ, ਜੋ ਉਨ੍ਹਾਂ ਸੰਕਲਪ ਕੀਤਾ ਸੀ ਉਸ ਨੂੰ ਛੇਤੀ ਪੂਰਾ ਕਰ ਦਿਉ।"

ਮੁਨਸ਼ੀ ਜੀ ਨੇ ਬਾਦਸ਼ਾਹ ਨੂੰ ਚਿੱਠੀ ਰਾਹੀਂ ਬੇਨਤੀ ਕਰ ਦਿੱਤੀ ਕਿ ਹਜੂਰ ਬਾਬਾ ਜੀ ਦੇ ਦਰਬਾਰ ਵਿਚ ਜੋ ਟਿੱਕਾ ਸਾਹਿਬ ਦੇ ਜਨਮ ਲਈ ਸੰਕਲਪ ਕੀਤਾ ਸੀ ਉਹ ਪੂਰਾ ਕਰ ਦਿਉ।

**ਜਿਨ ਹਰਿ ਨਾਮਾ ਹਰਿ ਚੇਤਿਆ ਹਿਰਦੈ ਉਰਿ ਧਾਰੇ ॥**
**ਤਿਨ ਜਮੁ ਨੇੜਿ ਨ ਆਵਈ ਗੁਰਸਿਖ ਗੁਰ ਪਿਆਰੇ ॥੧੪॥**
**ਹਰਿ ਕਾ ਨਾਮੁ ਨਿਧਾਨੁ ਹੈ ਕੋਈ ਗੁਰਮੁਖਿ ਜਾਣੈ ॥**
**ਨਾਨਕ ਜਿਨ ਸਤਿਗੁਰੁ ਭੇਟਿਆ ਰੰਗਿ ਰਲੀਆ ਮਾਣੈ ॥** (ਅੰਗ ੭੨੬)

ਬਾਬਾ ਨਰੈਣ ਸਿੰਘ ਜੀ ਹਰਨੌਲੀ ਗਏ ਸਨ ਤਾਂ ਉਥੇ ਇਹ ਸੰਕਲਪ ਬਾਰੇ ਫਿਰ ਬਚਨ ਹੋਇਆ। ਬਾਬਾ ਜੀ ਨੇ ਫੁਰਮਾਇਆ "ਕਿ ਜੇ ਤੁਸੀ ਸਾਡੇ ਗੁਰਦੇਵ ਜੀ ਨਾਲ ਕੀਤਾ ਸੰਕਲਪ ਅਧੂਰਾਂ ਰੱਖਿਆ ਤਾਂ ਅਸੀ ਫੇਰ ਨਹੀਂ ਆਵਾਂਗੇ।"

ਮੁਨਸ਼ੀ ਜੀ ਨੇ ਬੇਨਤੀ ਕੀਤੀ "ਮਹਾਰਾਜ ਜੀ! ਇਹ ਨਾ ਕਹੋ ਕਿ ਫੇਰ ਨਹੀਂ ਆਵਾਂਗੇ।"

ਬਾਬਾ ਜੀ ਨੇ ਫੁਰਮਾਇਆ "ਇਨ੍ਹਾਂ ਨੇ ਆਪਣੇ ਭਲੇ ਲਈ ਕਰਨਾ ਹੈ ਅਸੀਂ ਤਾਂ ਗੁਰਦੇਵ ਜੀ ਦਾ ਬਚਨ ਇਨ੍ਹਾਂ ਨੂੰ ਸੁਣਾਉਣਾ ਸੀ ਉਹ ਸੁਣਾ ਆਏ ਹਾਂ। ਪਹਿਲਾਂ ਬਾਬਾ ਜੀ ਨੇ ਬਚਨ ਕਰੇ ਅਤੇ ਉਪਾਉ ਵੀ ਦੱਸੇ ਸਨ ਪਰ ਜੇ ਇਨ੍ਹਾਂ ਨਹੀਂ ਕੀਤੇ ਤਾਂ ਕਿਤਨਾ ਦੁੱਖ ਪਾਇਆ ਸੀ। ਸ਼ਿਕਾਰ ਖੇਡਦੇ ਸਮੇਂ ਪੁੱਤਰ ਦੀ ਲੱਤ ਬੰਦੂਕ ਦੀ ਗੋਲੀ ਨਾਲ ਲਾਚਾਰ ਹੋ ਗਈ। ਹਿਤਕਾਰ ਪੁਰਸ਼ ਮਰ ਗਏ। ਗੱਦੀ ਲਈ ਝਗੜਾ ਹੋਇਆ। ਟਿੱਕਾ ਸਾਹਿਬ ਦੇ ਜਨਮ ਸਮੇਂ ਹੀ ਕੱਚੀ ਭੁਚੋ ਵਾਲੇ ਸ: ਉਜਾਗਰ ਸਿੰਘ ਜੀ ਦੇ ਘਰ ਮੁੰਡਾ ਹੋਇਆ ਸੀ ਜੋ ਸੁਰਗਵਾਸ ਹੋ ਗਿਆ ਸੀ। ਇਹ ਟਿੱਕਾ ਸਾਹਿਬ ਤਾਂ ਬਾਬਾ ਜੀ ਦੀ ਸ਼ਕਤੀ ਨਾਲ ਮਿਲਿਆ ਹੈ ਜੋ ਪਹਿਲਾ ਰਾਜਾ ਬਲ ਦੇ ਰੂਪ ਵਿਚ ਆਇਆ ਸੀ। ਇਹ ਟਿੱਕਾ ਸਾਹਿਬ ਉਹੀ ਰਾਜਾ ਬਲ ਹੈ।"

ਬਾਬਾ ਜੀ ਨੇ ਫੇਰ ਬਚਨ ਕੀਤਾ "ਕਿ ਇਹ ਸੰਕਲਪ ਪੂਰਾ ਕਰਨ ਤੋਂ ਪਹਿਲਾ ਹੀ ਤੁਹਾਨੂੰ ਸਾਰੇ ਹੱਕ ਮਿਲ ਜਾਣਗੇ ਤਾਂ ਫਿਰ ਸੰਕਲਪ ਪੂਰਾ ਕਰਨਾ।"

23 ਪੋਹ ਨੂੰ ਟਿੱਕਾ ਸਾਹਿਬ ਅਰਨੌਲੀ, ਸ: ਹਜੂਰਾ ਸਿੰਘ ਲਫਟੈਨ ਸ: ਕਿਸ਼ਨ ਸਿੰਘ ਇਥੇ ਬਾਬਾ ਜੀ ਦੇ ਦਰਬਾਰ ਵਿਚ ਆਏ ਅਤੇ ਬੇਨਤੀ ਕਰਨ ਲੱਗੇ "ਮਹਾਰਾਜ ਜੀ! ਆਪ ਜੀ ਅੱਗੇ ਬੇਨਤੀ ਕਰਦੇ ਹਾਂ ਕਿ ਕਿਰਪਾ ਕਰੋ ਸੰਕਲਪ ਪੂਰਾ ਕਰ ਸਕੀਏ।"

ਬਾਬਾ ਜੀ ਨੇ ਫੁਰਮਾਇਆ ਕਿ ਅਰਦਾਸ ਕਰੋ ਮਹਾਰਾਜ ਬਾਬਾ ਜੀ ਬਾਬਾ ਮਹਾਂ ਹਰਨਾਮ ਸਿੰਘ, ਗੁਰੂ ਨਾਨਕ ਦੇਵ ਜੀ ਅੱਗੇ ਕਿ ਸਾਡੀਆਂ ਭੁਲਾ ਬਖਸ਼ ਦਿਉ। ਇਹ ਜੋ ਟਿੱਕਾ ਤੁਸੀਂ ਸਾਨੂੰ ਬਖਸ਼ਿਆ ਹੈ ਇਸ ਦੀ ਆਰਜਾ ਲੰਮੀ ਹੋਵੇ ਅਤੇ ਇਹ ਮਾਤਾ ਪਿਤਾ ਅਤੇ ਰਿਸ਼ਤੇਦਾਰਾ ਦਾ ਆਗਿਆਕਾਰੀ ਅਤੇ ਪ੍ਰੇਮ ਕਰਨ ਵਾਲਾ ਹੋਵੇ। ਸਾਡੇ ਸਾਰੇ ਹੱਕ ਸਾਨੂੰ ਬਾਇਜਤ ਮਿਲ ਜਾਣ ਜਿੰਨਾਂ ਵਿਚ ਪਿੰਡ ਜੰਗੀਰਾਂ ਕੋਠੀਆਂ ਆਦਿ ਹਨ। ਇਹ ਸਭ ਕੁਝ ਬਿਨਾਂ ਕਿਸੇ ਭੇਦ ਭਾਵ ਦੇ ਰਿਆਸਤ ਦੇ ਮਾਲਕ ਖੁਸ਼ੀ ਨਾਲ ਸਾਨੂੰ ਅਰਪਨ ਕਰਨ। ਅਸੀ ਸਾਰਾ ਪ੍ਰਵਾਰ ਇਥੇ ਤੁਹਾਡੇ ਦਰ ਤੇ ਖੁਸ਼ੀ ਨਾਲ ਸਵਾ ਲੱਖ ਦਾ ਸੰਕਲਪ ਪੂਰਾ ਕਰਕੇ ਆਪਣੇ ਹੱਥੀ ਸੇਵਾ ਕਰਕੇ ਜਾਈਏ।"

**ਸੁਪ੍ਰਸੰਨ ਭਏ ਗੁਰਦੇਵ ॥ ਪੂਰਨ ਹੋਈ ਸੇਵਕ ਕੀ ਸੇਵ ॥** (ਅੰਗ ੨੯੫)

ਸੋ ਇਹ ਬਚਨ ਫਿਰ ਸੱਚ ਹੋਇਆ ਅਤੇ ਸੰਕਲਪ ਪੂਰਾ ਕਰਕੇ ਗਏ।

**ਤੂ ਠਾਕੁਰੁ ਤੂ ਸਾਹਿਬੋ ਤੂਹੈ ਮੇਰਾ ਮੀਰਾ ॥**
**ਤੁਧੁ ਭਾਵੈ ਤੇਰੀ ਬੰਦਗੀ ਤੂ ਗੁਣੀ ਗਹੀਰਾ ॥੨੧॥**
**ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥**
**ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥** (ਅੰਗ ੭੨੬)

(19)

# ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ

## ਸੰਤ ਅਚਿੰਤ ਰਾਮ ਜੀ ਦੁਆਰਾ ਕੌਤਿਕ।

ਬਾਬਾ ਮਹਾਂਹਰਨਾਮ ਸਿੰਘ ਜੀ ਨੇ ਸੱਚ ਖੰਡ ਜਾਣ ਤੋਂ ਇਕ ਦਿਨ ਪਹਿਲਾਂ ਸੰਤ ਅਚਿੰਤ ਰਾਮ ਜੀ ਨੂੰ ਸਾਰੀ ਮਰਯਾਦਾ ਸਮਝਾਈ ਅਤੇ ਗੱਦੀ ਸਾਹਿਬ ਦੇ ਅੰਦਰ ਹੀ ਉਨ੍ਹਾਂ ਨੂੰ ਆਪਣਾ ਜਾਨਸੀਨ ਬਨਣ ਲਈ ਸਹਿਮਤ ਕੀਤਾ। ਬਾਬਾ ਜੀ ਨੇ ਆਪਣੀਆਂ ਬਰਕਤਾਂ, ਅਜਮਤਾਂ ਦੀ ਜੋਤ ਸਭ ਅਚਿੰਤ ਰਾਮ ਨੂੰ ਬਖਸ਼ ਦਿੱਤੀ।

ਬਾਬਾ ਮਹਾਂਹਰਨਾਮ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਦ ਸੰਤ ਅਚਿੰਤ ਰਾਮ ਜੀ ਗੱਦੀ ਦੇ ਕੋਲ ਹੇਠਾ ਬੈਠ ਕੇ ਧਰੂ ਤਾਰੇ ਵੱਲ ਮੂੰਹ ਕਰਕੇ ਸੋਂਹ ਦਾ ਜਾਪ ਕਰਦੇ ਰਹਿੰਦੇ, ਚੁਪ ਚਾਪ ਮੋਨ ਧਾਰ ਕੇ ਬੈਠੇ ਰਹਿੰਦੇ, ਪ੍ਰਸ਼ਾਦਾ, ਪਾਣੀ ਦੇ ਦਿੱਤਾ ਜਾਂਦਾ ਤਾਂ ਛੱਕ ਲੈਂਦੇ ਇਕ ਦਿਨ ਇਸ਼ਨਾਨ ਕਰਾਉਣ ਤੋਂ ਬਾਦ ਗੱਦੀ ਸਾਹਿਬ ਉਪਰ ਬਿਰਾਜਮਾਨ ਹੋ ਗਏ ਪਰ ਤਿੰਨ ਘੰਟੇ ਬਾਦ ਹੀ ਹੇਠਾ ਬੈਠ ਗਏ। ਬਾਬਾ ਜੀ ਦੇ ਪੁਰਾਣੇ ਸੇਵਕ ਨੀਲਾ ਸਿੰਘ ਨੇ ਕੁਝ ਅਪਸ਼ਬਦ ਬੋਲ ਦਿੱਤੇ ਤਾਂ ਆਪ ਸਮਸ਼ਾਨ ਭੂਮੀ (ਮ੍ਰਗਟਾਂ) ਵਿਚ ਇਕ ਛੋਟੀ ਜਿਹੀ ਛਪੜੀ ਦੇ ਕਿਨਾਰੇ ਉਪਰ ਜਾ ਕੇ ਬੈਠ ਗਏ। ਬਾਬਾ ਨਰੈਣ ਸਿੰਘ ਜੀ ਨੇ ਮੁਨਸ਼ੀ ਜੀ ਨੂੰ ਕਿਹਾ ਕਿ 'ਚਲੋ ਮਹਾਤਮਾ ਜੀ ਨੂੰ ਪ੍ਰਸ਼ਾਦਾ ਪਾਣੀ ਛਕਾ ਆਈਏ।"

ਜਦ ਬਾਬਾ ਨਰੈਣ ਸਿੰਘ ਜੀ ਅਤੇ ਮੁਨਸ਼ੀ ਜੀ ਛੱਪੜੀ ਦੇ ਕੋਲ ਪਹੁੰਚੇ ਤਾਂ ਦੇਖਦੇ ਹਨ ਕਿ ਛੱਪੜੀ ਦਾ ਗੰਦਾ ਪਾਣੀ ਨਿਰਮਲ ਹੁੰਦਾ ਜਾ ਰਿਹਾ ਹੈ।

ਬਾਬਾ ਨਰੈਣ ਸਿੰਘ ਜੀ ਅਤੇ ਮੁਨਸ਼ੀ ਜੀ ਨੇ ਮਹਾਤਮਾ ਜੀ ਨੂੰ ਮੱਥਾ ਟੇਕਿਆ ਅਤੇ ਬੇਨਤੀ ਕੀਤੀ "ਮਹਾਰਾਜ! ਇਸ ਤਰ੍ਹਾਂ ਪ੍ਰਤੱਖ ਕਰਾਮਾਤਾਂ ਨਾ ਦਿਖਾਉ ਲੋਕ ਤੁਹਾਨੂੰ ਤੰਗ ਪ੍ਰੇਸ਼ਾਨ ਕਰਨਗੇ।"

ਮਹਾਤਮਾ ਅਚਿੰਤ ਰਾਮ ਜੀ ਨੇ ਬਚਨ ਕੀਤਾ ਕਿ "ਆਪਣੇ ਸੇਵਕਾਂ ਨੂੰ ਕਰਾਮਾਤਾਂ ਦਿਖਾਉਣੀਆਂ ਇਸ ਲਂਈ ਠੀਕ ਹੈ ਕਿ ਉਹ ਵਿਸ਼ਵਾਸ਼ ਬਣਾਈ ਰੱਖਣ ਕਿ ਬਾਬਾ ਜੀ ਹਾਜ਼ਰ ਨਾਜ਼ਰ ਹਨ। ਉਨ੍ਹਾਂ ਦੀਆਂ ਬਖਸ਼ੀਆਂ ਹੋਈਆਂ ਬਰਕਤਾਂ ਅਤੇ ਤਾਕਤਾਂ ਉਨ੍ਹਾਂ ਦੇ ਸੇਵਕਾਂ ਵਿੱਚ ਮੌਜੂਦ ਹਨ। ਬਾਬਾ ਜੀ ਆਪਣੇ ਸੇਵਕਾਂ ਰਾਹੀ ਹੁਣ ਵੀ ਲੋਕਾਂ ਦਾ ਭਲਾ ਕਰਦੇ ਰਹਿਣਗੇ।"

ਪ੍ਰਮਾਤਮਾ ਦੀ ਮੇਹਰ ਤੋਂ ਬਿਨਾਂ ਤਾਂ ਕਈਆਂ ਨੂੰ ਪ੍ਰਤੱਖ ਕਰਾਮਾਤਾਂ ਦੇ ਵਿਸ਼ਵਾਸ਼ ਨਹੀਂ ਬੱਝਦਾ ਜਿਵੇਂ ਕਿ ਮਹਾਰਾਜਾ ਪਟਿਆਲਾ ਨੂੰ ਪ੍ਰਦੇਸ਼ ਵਿਚ ਬੰਬ ਤੋਂ ਬਚਾਉਣਾ, ਖਜ਼ਾਨੇ ਵਿੱਚ ਇਕ ਸੌ ਇਕ ਰੁਪਿਆ ਰੱਖਣ ਲਈ ਦੇਣਾ ਤਾਂ ਕਿ ਖਜ਼ਾਨੇ ਦੀਆਂ ਬਰਕਤਾਂ ਬਣੀਆਂ ਰਹਿਣ, ਆਫਤਾਂ ਅਤੇ ਸਰੀਰਕ ਰੋਗਾਂ ਤੋਂ ਬਚਾਉਣ ਦੀਆਂ ਪ੍ਰਤੱਖ ਮਿਸਾਲਾ ਹਨ। ਪਰ ਫਿਰ ਵੀ ਬਾਦਸ਼ਾਹ ਨੇ ਭਰੋਸਾ ਨਾ ਕੀਤਾ ਬਲਕਿ ਇਹ ਕਿਹਾ ਕਿ "ਸੰਤ ਤਾਂ ਸੱਚਖੰਡ ਚਲੇ ਗਏ ਹਨ ਹੁਣ ਬਚਨਾਂ ਨੂੰ ਕਿਸ ਲਈ ਮੰਨਣਾ ਹੈ।" ਇਹੋ ਜਿਹੇ ਭੁਲੇਖੇ ਦੂਰ ਕਰਨ ਲਈ ਸੰਤ ਅਚਿੰਤ ਰਾਮ ਜੀ ਗੰਦੇ ਪਾਣੀ ਨੂੰ ਪਵਿੱਤਰ ਜਲ ਵਿਚ ਬਦਲ ਰਹੇ ਸਨ।

ਸੰਤ ਬਾਬਾ ਮਹਾਂਹਰਨਾਮ ਸਿੰਘ ਜੀ ਦੇ ਦੁਸਹਿਰੇ ਦੇ ਭੋਗ ਤੋਂ ਬਾਦ ਭਾਈ ਕੇ ਚੱਕਾ ਵਾਲਿਆਂ ਅਤੇ ਪਿੰਡ ਦੀ ਪੰਚਾਇਤ ਅਤੇ ਕੱਚੀ ਭੁਚੋ ਵਾਲੇ ਭਾਈ ਕਿਆ ਨੇ ਮਹੰਤੀ ਬਾਬਾ ਨਰੈਣ ਸਿੰਘ ਜੀ ਨੂੰ ਪਗੜੀ ਰਸ਼ਮ ਕਰਕੇ ਸੋਂਪ ਦਿੱਤੀ ਪਰ ਬਾਬਾ ਜੀ, ਮਹਾਤਮਾ ਅਚਿੰਤ ਰਾਮ ਜੀ ਦੀ ਸ੍ਰਪਰਸਤੀ ਹੇਠ ਹੀ ਸੇਵਾ ਨਿਭਾਉਂਦੇ ਰਹੇ। ਮਹਾਤਮਾ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਹੀ ਮੁੱਖ ਸੇਵਾਦਾਰ ਅਤੇ ਪ੍ਰਬੰਧਕ ਦੀ ਸੇਵਾ ਕਰਨ ਲੱਗੇ।

(ਨੋਟ ਧੰਨ ਬਾਬਾ ਮਹਾਂ ਹਰਨਾਮ ਸਿੰਘ ਜੀ ਦੇ ਦੁਸਹਿਰੇ ਤੇ ਪਗੜੀ ਦੀ ਰਸਮ ਬਾਬਾ ਨਰੈਣ ਸਿੰਘ ਜੀ ਨੂੰ ਹੋਣ ਕਾਰਨ ਇਸ ਸੇਵਾਂ ਦੇ ਦੂਜੇ ਮੁੱਖੀ ਬਾਬਾ ਨਰੈਣ ਸਿੰਘ ਜੀ ਨੂੰ ਹੀ ਮੰਨਿਆ ਜਾਂਦਾ ਹੈ) ਬਾਬਾ ਨਰੈਣ ਸਿੰਘ ਜੀ ਮੁੱਖੀ ਸੇਵਾਦਾਰ ਹੋਣ ਦੇ ਨਾਤੇ ਵੀ ਸੰਤ ਅਚਿੰਤਰਾਮ ਸਿੰਘ ਜੀ

ਦਾ ਪੂਰਨ ਸਤਿਕਾਰ ਕਰਦੇ ਸਨ। ਇਹ ਸਾਰੀ ਸਾਖੀ ਮੁਨਸ਼ੀ ਜੀ ਦੀ ਲਿੱਖਤ ਅਨੁਸਾਰ ਦਰਜ ਹੈ।

## (20)
## ਅਪਵਿੱਤਰ ਰੂਹ ਦੀ ਸੁਪਨੇ ਅੰਦਰ ਝਲਕ

ਕੰਢੇ ਘਾਟ ਦੇ ਰਹਿਣ ਵਾਲਾ ਮਹਾਰਾਜਾ ਪਟਿਆਲਾ ਦਾ ਸੇਵਾਦਾਰ ਜਿਸ ਦਾ ਨਾਮ ਨਹੀਂ ਆਇਆ ਬਾਰੇ ਮੁਨਸ਼ੀ ਜੀ ਜਿਕਰ ਕਰਦੇ ਹਨ ਕਿ ਉਸਨੂੰ ਸੁਪਨੇ ਦੇ ਅੰਦਰ ਇਕ ਅਪਵਿੱਤਰ ਰੂਹ (ਬਲਾਅ) ਦਿਖਾਈ ਦਿੰਦੀ ਸੀ। ਇਸ ਤਰ੍ਹਾਂ ਮਹਿਸੂਸ ਹੁੰਦਾ ਕਿ ਪ੍ਰਤੱਖ ਸਾਹਮਣੇ ਖੜੀ ਹੈ। ਉਨ੍ਹਾਂ ਮੁਨਸ਼ੀ ਜੀ ਨੂੰ ਅਰਜ ਕੀਤੀ ਕਿ "ਮੈਨੂੰ ਇਸ ਤਰ੍ਹਾਂ ਕੋਈ ਬਲਾਅ ਦਿਖਾਈ ਦਿੰਦੀ ਹੈ। ਜਿਸ ਨੇ ਮੇਰਾ ਜੀਉਣਾ ਹਰਾਮ ਕਰ ਦਿੱਤਾ ਹੈ। ਮੁਨਸ਼ੀ ਜੀ ਨੇ ਸਲਾਹ ਦਿੱਤੀ "ਕਿ ਇਸ ਦਾ ਹੱਲ ਤਾਂ ਹਜੂਰ ਮਹਾਰਾਜ ਬਾਬਾ ਜੀ ਹੀ ਕਰ ਸਕਦੇ ਹਨ ਤੁਸੀਂ ਮੇਰੇ ਨਾਲ ਭੁਚੋ ਚੱਲੋ।"

ਦੋਨੋ ਬਾਬਾ ਜੀ ਪਾਸ ਪਹੁੰਚ ਗਏ। ਹਜੂਰ ਦੇ ਚਰਨਾਂ ਵਿਚ ਮੱਥਾ ਟੇਕਿਆ ਅਤੇ ਆਪਣੀ ਤਕਲੀਫ ਸੁਣਾਈ। ਹਜੂਰ ਮਹਾਰਾਜ ਜੀ ਨੇ ਫੁਰਮਾਇਆ ਕਿ ਉਸ ਔਰਤ ਦੇ ਵਾਲ ਕਿਹੋ ਜਿਹੇ ਸਨ ?"

"ਮਹਾਰਾਜ! ਕੁਝ ਚਿੱਟੇ ਥੋੜੇ ਕਾਲੇ ਸਨ" ਦੁਖੀਏ ਨੇ ਕਿਹਾ। ਹਜੂਰ ਕਹਿਣ ਲੱਗੇ "ਅਸੀਂ ਜਿਵੇਂ ਕਹਾਂਗੇ ਕਰਨਾ ਹੈ ਕਾਰਜ ਠੀਕ ਹੋ ਜਾਏਗਾ। ਇਹ ਜੋ ਬਲਾਅ ਤੁਹਾਡੇ ਸਾਹਮਣੇ ਆਉਂਦੀ ਹੈ ਤੁਹਾਡੇ ਕਾਰਜ ਖਰਾਬ ਕਰਦੀ ਹੈ। ਤੁਸੀਂ ਅਠਤਾਲੀ (48) ਦਿਨਾਂ ਵਿੱਚ 12 ਸਾਧਾਰਣ ਪਾਠ ਕਰਵਾਉਣੇ ਹਨ ਮਰਯਾਦਾ ਨਾਲ। ਪਹਿਲਾ ਕਾਕੇ ਹਰਬਖਸ਼ ਸਿੰਘ ਦੀ ਹਵੇਲੀ ਵਿਚ ਪੂਰੀ 2 ਮਰਯਾਦਾ ਵਿੱਚ ਨਹੀਂ ਹੋਏ ਇਸ ਕਰਕੇ ਬਿਘਨ ਪੈਦਾ ਰਿਹਾ।" ਬਾਬਾ ਜੀ ਦੇ ਬਚਨਾਂ ਅਨੁਸਾਰ ਫਿਰ ਇਨ੍ਹਾਂ ਨੇ ਮਰਯਾਦਾ ਨਾਲ ਜਪੁਜੀ ਸਾਹਿਬ ਤੇ ਸਧਾਰਣ ਪਾਠ ਕਰਵਾਏ ਤਾਂ ਇਨ੍ਹਾਂ ਨੂੰ ਬਲਾਅ ਤੋਂ ਛੁਟਕਾਰਾ ਮਿਲਿਆ।

**ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ ॥** (ਅੰਗ ੪੦੨)

**ਬਗੁਲੇ ਤੇ ਫੁਨਿ ਹੰਸੁਲਾ ਹੋਵੈ ਜੇ ਤੂ ਕਰਹਿ ਦਇਆਲਾ ॥**

**ਪ੍ਰਣਵਤਿ ਨਾਨਕੁ ਦਾਸਨਿ ਦਾਸਾ ਦਇਆ ਕਰਹੁ ਦਇਆਲਾ ॥** (ਅੰਗ ੧੧੭੧)

ਗੁਰਬਾਣੀ ਦੀ ਸ਼ਕਤੀ ਨਾਲ ਉਸ ਅਬਗਤ ਰੂਹ ਦਾ ਵੀ ਉਧਾਰ ਹੋ ਗਿਆ।

(21)

# ਹਰਿ ਕੇ ਚਰਨ ਜਪਿ ਜਾਉ ਕੁਰਬਾਨੁ ॥ (ਅੰਗ ੮੨੭)

## ਗੁਪਤ ਸੇਵਾ ਹੋਣਾ

14 ਵੈਸਾਖ ਬਿਕ੍ਰਮੀ 1980 ਨੂੰ ਹਜੂਰ ਬਾਬਾ ਮਹਾਂਹਰਨਾਮ ਸਿੰਘ ਜੀ ਮਹਾਰਾਜ ਆਪਣੇ ਆਸਣ ਉਤੇ ਬੈਠੇ ਸਨ। ਕਿ ਬੈਠੇ ਬੈਠੇ ਹੀ ਕੁਝ ਅਰਾਮ ਵਿਚ ਹੋ ਗਏ। ਸਵੇਰੇ 10 ਕੁ ਵਜੇ ਦਾ ਸਮਾਂ ਸੀ। ਉਨ੍ਹਾਂ ਦੀ ਹਜੂਰੀ ਵਿਚ ਨੰਬਰਦਾਰ ਮਹਾਂ ਸਿੰਘ ਧਰਮ ਸਿੰਘ ਪਟਿਆਲੇ ਵਾਲਾ, ਨੀਲਾ ਸਿੰਘ, ਮਾਈ ਮਾਨ ਕੌਰ ਬੇਗੋਵਾਲੀ ਅਤੇ ਹੋਰ ਸੰਗਤ ਬੈਠੀ ਸੀ। ਅਚਾਨਕ ਬਾਬਾ ਜੀ ਨੇ ਨੇਤਰ ਖੋਲੇ ਤਾਂ ਉਠ ਕੇ ਬੈਠ ਗਏ ਅਤੇ ਬਚਨ ਕਰੇ "ਕਿ ਚਰਨ ਤੁਹਾਡੇ ਵਿਚੋਂ ਕਿਸ ਨੇ ਦਬਾਏ ਹਨ ਜਦ ਅਸੀਂ ਅਰਾਮ ਵਿਚ ਸੀ।"

ਸਾਰੇ ਹੈਰਾਨ ਹੋ ਕੇ ਇਕ ਦੂਜੇ ਵੱਲ ਦੇਖਣ ਲੱਗੇ ਕਿ ਕਿਸੇ ਨੇ ਵੀ ਬਾਬਾ ਜੀ ਦੇ ਚਰਨ ਨਹੀਂ ਦਬਾਏ। ਸਭ ਆਪਣੀ ਜਗ੍ਹਾਂ ਪਰ ਹੀ ਬੈਠੇ ਰਹੇ ਹਨ। ਸੇਵਕਾ ਨੇ ਕਿਹਾ "ਮਹਾਰਾਜ! ਬਾਬਾ ਜੀ ਅਸੀਂ ਕਿਸੇ ਨੇ ਚਰਨ ਨਹੀਂ ਦਬਾਏ।"

ਬਾਬਾ ਜੀ ਨੇ ਫੁਰਮਾਇਆ ਕਿ "ਅਰਾਮ ਕਰਦੇ ਸਮੇਂ ਜਿਸ ਨੇ ਸਾਡੇ ਚਰਨ ਦਬਾਏ ਸਨ ਉਸ ਦੇ ਹਸਤ ਪੁਸ਼ਟ ਅਤੇ ਬਲਵਾਨ ਸਨ।"

ਕੋਈ ਸੱਚੀ ਪ੍ਰੀਤ ਵਾਲੇ ਨੇ ਅੰਤਰ ਧਿਆਨ ਹੋ ਕੇ ਮਹਾਂਪੁਰਸ਼ਾਂ ਦੇ ਚਰਨ ਆਪਣੇ ਹਿਰਦੇ ਵਿਚ ਘੁਟੇ ਹੋਣਗੇ ਜੋ ਬਾਬਾ ਜੀ ਜਾਣ ਗਏ ਅਤੇ ਬਚਨ ਕਰਕੇ ਚੁੱਪ ਕਰ ਗਏ।

**ਦਾਸਾ ਕਾ ਦਾਸੁ ਵਿਰਲਾ ਕੋਈ ਹੋਇ ॥ ਊਤਮ ਪਦਵੀ ਪਾਵੈ ਸੋਇ ॥੧॥ ਰਹਾਉ ॥**
**ਏਕੋ ਸੇਵਹੁ ਅਵਰੁ ਨ ਕੋਇ ॥ ਜਿਤੁ ਸੇਵਿਐ ਸਦਾ ਸੁਖੁ ਹੋਇ ॥**

(ਅੰਗ ੧੧੭੪)

(22)

## ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥ (੪੦੩)

### ਸੰਤ ਧੰਨਾ ਸਿੰਘ ਜੀ ਭਾਈ ਰੂਪੇ ਵਾਲਿਆਂ ਦੀ ਵਾਰਤਾ

ਰਿਆਸਤ ਨਾਭਾ ਦੇ ਇਲਾਕੇ ਵਿਚ ਪਿੰਡ ਭਾਈ ਰੂਪਾ ਤਹਿਸੀਲ ਫੂਲ ਪੈਂਦਾ ਹੈ। ਇਥੇ ਮਹਾਂਪੁਰਸ਼ ਸੰਤ ਧੰਨਾ ਸਿੰਘ ਜੀ ਬਿਰਾਜਦੇ ਸਨ। ਇਨ੍ਹਾਂ ਦੀ ਬਾਬਾ ਮਹਾਂਹਰਨਾਮ ਸਿੰਘ ਜੀ ਪ੍ਰਤੀ ਅਥਾਹ ਸ਼ਰਧਾ ਸੀ। ਇਕ ਵਾਰ ਕਿਸੇ ਤਰ੍ਹਾਂ ਜੈਲਦਾਰ ਭਾਈ ਰੂਪੇ ਵਾਲੇ ਦੀ ਸੰਤ ਧੰਨਾ ਸਿੰਘ ਜੀ ਨਾਲ ਨਰਾਜਗੀ ਹੋ ਗਈ। ਰਾਜੇ ਪਾਸ ਡਿਉਡੀ ਮੁਬਾਰਕ ਹਾਜ਼ਰ ਹੋ ਕੇ ਸੰਤਾਂ ਦੀ ਸ਼ਿਕਾਇਤ ਕਰੀ ਕਿ ਇਨ੍ਹਾਂ ਦਾ ਵਤੀਰਾ ਰਿਆਸਤ ਲਈ ਠੀਕ ਨਹੀਂ ਕਿਉਂ ਨਾ ਇਨ੍ਹਾਂ ਦੇ ਵਿਰੁੱਧ ਕਾਰਵਾਈ ਕੀਤੀ ਜਾਵੇ। ਬਾਦਸ਼ਾਹ ਅਕਸਰ ਕੰਨਾਂ ਦੇ ਕੱਚੇ ਹੁੰਦੇ ਹਨ। ਮਹਾਰਾਜਾ ਨੇ ਕਿਹਾ "ਅਸੀਂ ਥਾਣੇਦਾਰ ਨੂੰ ਹੁਕਮ ਭੇਜ ਦਿੰਦੇ ਹਾਂ ਕਿ ਸੰਤ ਧੰਨਾ ਸਿੰਘ ਨੂੰ ਹੱਥਕੜੀ ਲਾ ਕੇ ਸਾਡੇ ਸਾਹਮਣੇ ਪੇਸ਼ ਕੀਤਾ ਜਾਵੇ। ਹਾਂ! ਜੇ ਕਰ ਸੰਤਾਂ ਵਿਚ ਕੋਈ ਕਸੂਰ ਨਾ ਨਿਕਲਿਆ ਤਾਂ ਹਥਕੜੀ ਤੈਨੂੰ ਲਾਈ ਜਾਏਗੀ।"

"ਮਹਾਰਾਜ ਸੰਤਾਂ ਦੀ ਰੂਹਾਨੀ ਤਾਕਤ ਦਾ ਤਾਂ ਮੈਨੂੰ ਪਤਾ ਨਹੀਂ ਪਰ ਉਨ੍ਹਾਂ ਕੋਲ ਕੋਈ ਭਗਵਾਂ ਕੱਪੜਾ ਜਾਂ ਕੋਈ ਹੋਰ ਚਿੰਨ ਨਿਸ਼ਾਨੀ ਸੰਤਾਂ ਵਾਲੀ ਨਹੀਂ ਹੈ। "ਜੈਲਦਾਰ ਨੇ ਕਿਹਾ।

ਮਹਾਰਾਜੇ ਵੱਲੋ ਥਾਣੇਦਾਰ ਨੂੰ ਹੁਕਮ ਪਹੁੰਚ ਗਿਆ। ਉਹ ਆਪਣੇ ਮਾਮਲੇ ਸਮੇਤ ਸੰਤਾਂ ਦੇ ਅਸਥਾਨ ਦਾ ਪਤਾ ਕਰਕੇ ਪਹੁੰਚ ਗਿਆ। ਸੰਤਾਂ ਕੋਲ ਇਕ ਨੰਬਰਦਾਰ ਬੈਠਾ ਸੀ ਥਾਣੇਦਾਰ ਦੀ ਜਾਣ ਪਛਾਣ ਵਾਲਾ। ਥਾਣੇਦਾਰ ਨੇ ਨੰਬਰਦਾਰ ਨੂੰ ਪੁਛਿਆ ਸੰਤ ਧੰਨਾ ਸਿੰਘ ਜੀ ਕਿਥੇ ਹਨ।"

ਨੰਬਰਦਾਰ ਨੇ ਜਵਾਬ ਦਿੱਤਾ "ਕਿ ਇਹੀ ਸੰਤ ਧੰਨਾ ਸਿੰਘ ਜੀ ਹਨ ਜਿਨ੍ਹਾਂ ਪਾਸ ਮੈਂ ਬੈਠਾ ਹਾਂ।" ਥਾਣੇਦਾਰ ਨੇ ਨੰਬਰਦਾਰ ਨੂੰ ਮਹਾਂਰਾਜੇ ਦਾ ਹੁਕਮ ਸੁਣਾਇਆ। ਨੰਬਰਦਾਰ ਕਹਿਣ ਲੱਗਾ ਥਾਣੇਦਾਰ ਸਾਹਿਬ ਤੁਸੀਂ ਮੇਰੇ

ਘਰ ਚੱਲੋ ਪ੍ਰਸ਼ਾਦਾ ਪਾਣੀ ਛਕੋ ਅਤੇ ਕੁਝ ਦੇਰ ਲਈ ਰੁਕ ਜਾਉ ਅਤੇ ਅਰਾਮ ਕਰੋ। ਮੈਂ ਸੰਤਾਂ ਦੇ ਗੁਰੂਦੇਵ ਭੁਚੋ ਵਾਲਿਆਂ ਨੂੰ ਇਹ ਮਹਾਰਾਜੇ ਦੇ ਹੁਕਮ ਬਾਰੇ ਦੱਸ ਆਵਾਂ। ਥਾਣੇਦਾਰ ਸਾਹਿਬ ਇਹ ਕੋਈ ਆਮ ਮਾਮੂਲੀ ਸਾਧ ਨਹੀਂ ਹੈ ਆਪਣੀ ਸ਼ਕਤੀ ਵਿਚ ਸੰਪੂਰਨ ਹੈ ਐਵੇਂ ਕੋਈ ਅਸ਼ੁਭ ਬਚਨ ਨਾ ਹੋ ਜਾਣ।

ਥਾਣੇਦਾਰ ਇਹ ਸੁਣ ਕੇ ਨੰਬਰਦਾਰ ਦੇ ਘਰ ਚਲਾ ਗਿਆ ਅਤੇ ਨੰਬਰਦਾਰ ਦੀ ਉਡੀਕ ਕਰਨ ਲੱਗਾ।

ਨੰਬਰਦਾਰ ਉਸੇ ਵੇਲੇ ਹੀ ਘੋੜੇ ਉਪਰ ਸਵਾਰ ਹੋ ਕੇ ਹਜੂਰ ਬਾਬਾ ਮਹਾਂਹਰਨਾਮ ਸਿੰਘ ਜੀ ਕੋਲ ਭੁਚੋ ਪਹੁੰਚ ਗਿਆ। ਹੁਣ ਆਗਿਆ ਲੈ ਕੇ ਟਿੱਲਾ ਸਾਹਿਬ ਉਪਰ ਪਹੁੰਚ ਕੇ ਮੱਥਾ ਟੇਕਿਆ ਅਤੇ ਬੇਨਤੀ ਕਰਨ ਲੱਗਾ "ਮਹਾਰਾਜ ਜੀ! ਮੈਂ ਭਾਈ ਰੂਪੇ ਤੋਂ ਸੰਤ ਧੰਨਾ ਸਿੰਘ ਜੀ ਕੋਲੋ ਆਇਆ ਹਾਂ। ਮਹਾਰਾਜਾ ਨਾਭਾ ਨੇ ਥਾਣੇਦਾਰ ਫੂਲ ਨੂੰ ਹੁਕਮ ਭੇਜਿਆ ਹੈ ਕਿ ਸੰਤ ਧੰਨਾ ਸਿੰਘ ਨੂੰ ਹੱਥਕੜੀ ਲਾ ਕੇ ਮੇਰੇ ਦਰਬਾਰ ਵਿਚ ਪੇਸ਼ ਕੀਤਾ ਜਾਵੇ। ਉਹ ਸੰਤਾਂ ਨੂੰ ਲੈਣ ਆਇਆ ਹੈ। ਮੈਂ ਉਸ ਨੂੰ ਰੋਕ ਕੇ ਆਇਆ ਹਾਂ ਕਿ ਮੈਂ ਇਨ੍ਹਾਂ ਸੰਤਾਂ ਦੇ ਗੁਰੂਦੇਵ ਭੁਚੋ ਵਾਲਿਆਂ ਕੋਲ ਖਬਰ ਕਰਕੇ ਆਉਂਦਾ ਹਾਂ ਫਿਰ ਜੋ ਤੇਰੀ ਇਛਾ ਹੈ ਉਹ ਕਾਰਵਾਈ ਕਰੀ। "ਹੁਣ ਮਹਾਰਾਜ ਜੀ! ਕੀ ਹੁਕਮ ਹੈ।"

ਬਾਬਾ ਜੀ ਨੇ ਨੰਬਰਦਾਰ ਨੂੰ ਕੁਝ ਰੁਪਏ ਦਿੱਤੇ ਅਤੇ ਹੁਕਮ ਫੁਰਮਾਇਆ ਕਿ "ਭੁਚੋ ਸਟੇਸ਼ਨ ਤੇ ਪਹੁੰਚ ਕੇ ਮਹਾਰਾਜਾ ਨਾਭੇ ਨੂੰ ਤਾਰ ਭੇਜ ਕੇ ਪਤਾ ਕਰੋ ਕਿ ਤੁਹਾਡੇ ਟਿੱਕਾ ਰਿਪੁਦਮਨ ਸਿੰਘ ਦੀ ਕੀ ਹਾਲਤ ਹੈ। ਤਾਰ ਦਾ ਜਵਾਬ ਲੈ ਕੇ ਹੀ ਵਾਪਿਸ ਆਉਣਾ।"

ਭੁੱਚੋ ਮੰਡੀ ਰੇਲਵੇ ਸਟੇਸ਼ਨ ਤੋਂ ਨੰਬਰਦਾਰ ਨੇ ਤਾਰ ਭੇਜੀ। ਜਵਾਬ ਵਿਚ ਮਹਾਰਾਜੇ ਨੇ ਪੁੱਛਿਆ "ਕਿ ਸੰਤਾਂ ਦਾ ਟਿੱਕਾ ਦੀ ਹਾਲਤ ਪੁੱਛਣ ਦਾ ਕੀ ਮਤਲਬ ਹੈ।

ਜਵਾਬ ਸੁਣਕੇ ਨੰਬਰਦਾਰ ਨੂੰ ਬਾਬਾ ਜੀ ਨੇ ਹੋਰ ਰੁਪਏ ਦੇ ਕੇ ਨਾਭੇ ਸਮਝਾ ਕੇ ਭੇਜ ਦਿੱਤਾ ਕਿ "ਤੁਸੀਂ ਸਾਡੇ ਚਾਟੜੇ ਧੰਨਾ ਸਿੰਘ ਦੇ ਹਥਕੜੀ ਲਾਉਣ ਦਾ ਹੁਕਮ ਭੇਜਿਆ ਹੈ, ਤੁਹਾਡੇ ਟਿੱਕਾ ਦੇ ਪਹਿਲਾ ਹੀ ਹੱਥਕੜੀ ਲੱਗੀ ਪਈ ਹੈ।"

ਰੇਲ ਗੱਡੀ ਰਾਹੀਂ ਨੰਬਰਦਾਰ ਨਾਭੇ ਪਹੁੰਚ ਗਿਆ ਅਤੇ ਮਹਾਰਾਜੇ ਨੂੰ ਮਿਲ ਕੇ ਹਜ਼ੂਰ ਬਾਬਾ ਜੀ ਨੇ ਬਚਨ ਸੁਣਾ ਦਿੱਤੇ।

ਮਹਾਰਾਜ ਜੀ, ਬਾਬਾ ਜੀ ਨੇ ਬਚਨ ਕੀਤਾ ਹੈ ਕਿ "ਅੱਗੇ ਲਈ ਤੁਸੀਂ ਜਿਹੋ ਜਿਹਾ ਬੁਰਾ ਸਲੂਕ ਤੁਸੀਂ ਸਾਡੇ ਚਾਟੜੇ ਨਾਲ ਕਰੋਗੇ ਉਹੀ ਤੁਹਾਡੇ ਟਿੱਕਾ ਸਾਹਿਬ ਨਾਲ ਹੋਵੇਗਾ।" ਮਹਾਰਾਜਾ ਨੇ ਬਾਬਾ ਜੀ ਦੀ ਰਹਿਤ ਬਾਰੇ ਜਾਣਕਾਰੀ ਲੈ ਕੇ ਕਿਹਾ "ਮੱਝਾ ਦਾ ਦੁੱਧ ਪੀ ਪੀ ਕੇ ਸਾਧਾਂ ਦੀ ਅਕਲ ਮੋਟੀ ਹੋ ਜਾਂਦੀ ਹੈ। ਇਹ ਨਹੀਂ ਹੋ ਸਕਦਾ ਮੈਂ ਦੇਖਦਾ ਹਾਂ।"

ਜਦ ਮਹਾਰਾਜਾ ਟਿੱਕਾ ਦੇ ਕੋਲ ਗਿਆ ਤਾਂ ਉਹ ਸੱਚਮੁੱਚ ਹੀ ਹੱਥਕੜੀਆਂ ਵਿਚ ਜਕੜਿਆ ਹੋਇਆ ਸੀ। ਮਹਾਰਾਜਾ ਉਸੇ ਵੇਲੇ ਸਮਝ ਗਿਆ ਕਿ ਇਹ ਤਾਂ ਸੰਤ ਮਹਾਤਮਾ ਪ੍ਰਮਾਤਮਾ ਰੂਪ ਹੀ ਹਨ। ਭੁੱਲ ਬਖਸ਼ਾਈ ਜਾਵੇ। ਉਸੇ ਵੇਲੇ ਆਪਣਾ ਭੇਜਿਆ ਹੋਇਆ ਹੁਕਮ ਵਾਪਿਸ ਲੈ ਲਿਆ ਅਤੇ ਨੰਬਰਦਾਰ ਨੂੰ ਕਹਿਣ ਲੱਗਾ "ਬਾਬਾ ਜੀ ਮਹਾਰਾਜ ਨੂੰ ਸਾਡੇ ਵੱਲੋਂ ਮੱਥਾ ਟੇਕਣਾ ਤੇ ਕਹਿਣਾ ਹੁਕਮ ਵਾਪਿਸ ਲੈ ਲਿਆ ਹੈ। ਹੁਣ ਅਸੀਂ ਛੇਤੀ ਹੀ ਹਜ਼ੂਰ ਬਾਬਾ ਜੀ ਦੇ ਦਰਸ਼ਨ ਕਰਨ ਆਵਾਂਗੇ।

**ਸਲੋਕ ਮਃ ੩ ॥**

**ਇਹੁ ਜਲੁ ਸਭ ਤੈ ਵਰਸਦਾ ਵਰਸੈ ਭਾਇ ਸੁਭਾਇ ॥**
**ਸੇ ਬਿਰਖਾ ਹਰੀਆਵਲੇ ਜੋ ਗੁਰਮੁਖਿ ਰਹੇ ਸਮਾਇ ॥**
**ਨਾਨਕ ਨਦਰੀ ਸੁਖੁ ਹੋਇ ਏਨਾ ਜੰਤਾ ਕਾ ਦੁਖੁ ਜਾਇ ॥** (ਅੰਗ ੧੨੮੨)

ਨੰਬਰਦਾਰ ਨਾਭੇ ਤੋਂ ਵਾਪਿਸ ਆਇਆ ਅਤੇ ਸਾਰੀ ਵਾਰਤਾ ਬਾਬਾ ਜੀ ਨੂੰ ਜਾ ਸੁਣਾਈ ਅਤੇ ਆਗਿਆ ਲੈ ਕੇ ਭਾਈ ਰੂਪੇ ਚਲਾ ਗਿਆ। ਏਧਰ ਹਜ਼ੂਰ ਬਾਬਾ ਜੀ ਨੇ ਭੇਜੀ ਹੋਈ ਸ਼ਕਤੀ ਵਾਪਿਸ ਲੈ ਲਈ।

ਕੁਝ ਦਿਨਾਂ ਬਾਅਦ ਮਹਾਰਾਜਾ ਹੀਰਾ ਸਿੰਘ ਜੀ ਨਾਭਾ ਦਰਸ਼ਨਾਂ ਲਈ ਆਇਆ। ਹਜ਼ੂਰ ਬਾਬਾ ਜੀ ਦੇ ਚਰਨਾਂ ਉਤੇ ਮੱਥਾ ਟੇਕਿਆ ਅਤੇ ਬਚਨ ਸੁਨਣ, ਸੁਨਾਉਣ ਤੋਂ ਬਾਅਦ ਸੋ ਰੁਪਏ (100 ਰੁ:) ਭੇਟਾ ਕਰ ਗਿਆ। ਉਸ ਦੇ ਜਾਣ ਤੋਂ ਬਾਅਦ ਬਾਬਾ ਜੀ ਮਹਾਰਾਜ ਨੇ ਪੰਜ ਰੁਪਏ ਖਜ਼ਾਨੇ ਵਿਚੋਂ ਲਿਆ ਕੇ ਇਕ ਸੌ ਪੰਜ ਕਰਕੇ ਵਾਪਿਸ ਭੇਜ ਦਿੱਤੇ। ਇਸ ਤਰ੍ਹਾਂ ਪੰਜ ਸਾਲ ਸੌ ਰੁਪਏ ਦੇ ਬਦਲੇ ਇਕ ਸੌ ਪੰਜ ਰੁਪਏ ਮੋੜਦੇ ਰਹੇ। ਫਿਰ ਸੌ ਰੁਪਏ ਦੇ ਸੌ ਰੁਪਏ ਹੀ ਮੋੜਦੇ ਰਹੇ।

(ਸੰਤ ਧੰਨਾ ਸਿੰਘ ਜੀ ਦੀ ਇਹ ਸਾਖੀ ਪਹਿਲਾ ਵੀ ਲਿਖੀ ਹੈ ਪਰ ਇਹ ਸਾਖੀ ਮੁਨਸੀ ਜੀ ਦੀ ਲਿਖਤ ਵਿੱਚ ਵੀ ਹੈ।)

(23)

## ਕਰਹੁ ਕ੍ਰਿਪਾ ਭ੍ਰਮ ਚੂਕਈ ਮੈ ਸੁਮਤਿ ਦੇਹੁ ਸਮਝਾਇ ॥ (ਅੰਗ ੩੪੬)

### ਨਾਭਾ ਅਨਵਰ ਜੀ ਨੂੰ ਨਸੀਅਤ!

ਮੁਨਸ਼ੀ ਹਰਦਿੱਤ ਸਿੰਘ ਜੀ ਦੀ ਰਿਆਸਤ ਨਾਭਾ ਦੇ ਅਨਵਰ ਜੀ ਦੇ ਨਾਨਾ ਸ: ਪ੍ਰੇਮ ਸਿੰਘ ਜੀ ਦੇ ਨਾਲ ਕਾਫੀ ਨੇੜਤਾ ਸੀ। ਉਨ੍ਹਾਂ ਦੇ ਪਿਆਰ ਕਰਕੇ ਮੁਨਸ਼ੀ ਜੀ ਨਾਭੇ ਦੇ ਅਨਵਰ ਜੀ ਨੂੰ ਬਾਬਾ ਜੀ ਦੀਆਂ ਸ਼ਕਤੀਆਂ ਬਾਰੇ ਦੱਸਦੇ ਰਹਿੰਦੇ ਸਨ।

ਮਹਾਰਾਜਾ ਹੀਰਾ ਸਿੰਘ ਜੀ ਡੇਰਾ ਰੂੰਮੀਵਾਲਾ ਭੁੱਚੋ ਕਲਾਂ ਵਿਖੇ ਬਾਬਾ ਜੀ ਦੀ ਸੇਵਾ ਵਿਚ ਭੇਟਾ ਭੇਜਿਆ ਕਰਦੇ ਸਨ ਪਰ ਮਹਾਂਪੁਰਖ ਬਾਬਾ ਜੀ ਸਵੀਕਾਰ ਨਹੀਂ ਕਰਦੇ ਸਨ।

ਮਹਾਰਾਜਾ ਸਾਧਾਂ ਸੰਤਾਂ ਦਾ ਸੰਗੀ ਤਾਂ ਜ਼ਰੂਰ ਸੀ ਪਰ ਇਹ ਵਿਚਾਰ ਅੰਦਰ ਰੱਖਦਾ ਸੀ ਕਿ "ਸਾਧੂ, ਸੰਤ ਹੋਣ ਵਾਲੀ ਤਕਲੀਫ ਪਹਿਲਾਂ ਕਿਉਂ ਨਹੀਂ ਦੱਸਦੇ ਤਾਂ ਕਿ ਉਸ ਦਾ ਉਪਾਉ ਹੋ ਸਕੇ। ਪੁੰਨ ਦਾਨ ਕਰਕੇ ਆਉਣ ਵਾਲੀ ਤਕਲੀਫ ਤੋਂ ਛੁਟਕਾਰਾ ਪਾਇਆ ਜਾ ਸਕੇ।"

ਮੁਨਸ਼ੀ ਜੀ ਲਿਖਦੇ ਹਨ ਕਿ ਇਹ ਰਾਜੇ ਮਹਾਰਾਜੇ ਮਹਾਂਪੁਰਸ਼ਾਂ ਵਲੋਂ ਕੀਤੀ ਭਵਿੱਖ ਬਾਣੀ ਨੂੰ ਪਹਿਲਾਂ ਤਾਂ ਬਕਵਾਸ ਹੀ ਸਮਝਦੇ ਹਨ, ਪਰ ਜਦ ਤਕਲੀਫ ਹੋ ਜਾਂਦੀ ਹੈ ਫਿਰ ਬੰਦੇ ਭੇਜ ਭੇਜ ਕੇ ਭੁੱਲਾਂ ਬਖਸ਼ਾਉਂਦੇ ਹਨ ਅਤੇ ਤਕਲੀਫਾਂ ਤੋਂ ਰਾਹਤ ਪਾਉਣ ਲਈ ਉਪਾਉ ਪੁੱਛਦੇ ਰਹਿੰਦੇ ਹਨ। ਜਿਵੇਂ ਮਹਾਰਾਜਾ ਭੁਪਿੰਦਰ ਸਿੰਘ ਜੀ ਬਾਅਦ ਵਿਚ, ਵਜ਼ੀਰ ਤੇ ਸਨਬੰਧੀ ਭੇਜਦੇ ਰਹੇ। ਨਾਭਾ ਵਾਲੇ ਮਹਾਰਾਜਾ ਦਾ ਟਿੱਕਾ ਰਿਪੁਦਮਨ ਸਿੰਘ ਕਸ਼ਟ ਨਿਵਾਰਣ ਲਈ ਸੇਵਾਵਾਂ ਪੁੱਛਦਾ ਰਿਹਾ।

ਉਪਰੋਕਤ ਸਿਖਿਆ ਬਾਬਾ ਜੀ ਨੇ ਨਾਭਾ ਰਿਆਸਤ ਦੇ ਅਨਵਰ ਸਾਹਿਬ ਨੂੰ ਦਿੱਤੀ ਤਾਂ ਕਿ ਜੋ ਤਕਲੀਫਾਂ ਵਡੇਰਿਆਂ ਨੇ ਬੇ ਸਮਝੀ ਵਿਚ ਕੀਤੀਆਂ ਹਨ ਉਹ ਦੁਹਰਾਈਆਂ ਜਾਣ। ਸੰਤ ਮਹਾਂਪੁਰਖ ਤਾਂ ਪਰਉਪਕਾਰੀ, ਨਿਰਵੈਰ ਹੁੰਦੇ ਹਨ ਦਿਆਲਤਾ ਦੇ ਘਰ ਵਿਚ ਆ ਕੇ ਸਰਬੱਤ ਦਾ ਭਲਾ ਲੋਚਦੇ ਹਨ। ਮਹਾਂਪੁਰਖ ਤਾਂ ਦੁਖੀਆਂ ਦੇ ਕਸ਼ਟ ਨਿਵਾਰਨ, ਪ੍ਰਮਾਤਮਾ ਦੀ ਹੋਂਦ ਨੂੰ ਦਰਸਾਉਣ ਲਈ ਹੀ ਅਵਤਾਰ ਧਾਰਦੇ ਹਨ।

(24)

## ਸਾਧੂ ਸੰਗਿ ਸਿਖਾਇਓ ਨਾਮੁ ॥ ਸਰਬ ਮਨੋਰਥ ਪੂਰਨ ਕਾਮ ॥

(ਅੰਗ ੩੯੪)

### ਕਰਮ ਧਰਮ ਵਿਚ ਪੂਰਾ ਹੋਣਾ।

ਮਹਾਰਾਣੀ ਜੀ ਪਟਿਆਲਾ ਨੇ ਹਜ਼ੂਰ ਬਾਬਾ ਜੀ ਦੇ ਚਰਨਾਂ ਵਿਚ ਬੇਨਤੀ ਲਿਖ ਕਰ ਕੇ ਭੇਜੀ ਕਿ "ਮਹਾਰਾਜ ਜੀ ਦਰਸ਼ਨ ਕਰਕੇ ਅਤੇ ਮੱਥਾ ਟੇਕਣ ਦੀ ਆਗਿਆ ਬਖਸ਼ੋਂ।"

ਸੱਚੇ ਪਾਤਸ਼ਾਹ ਜੀ ਨੇ ਫੁਰਮਾਇਆ "ਮੁਨਸ਼ੀ ਜੀ ਨੂੰ ਆ ਜਾਣ ਦਿਉ ਫਿਰ ਆ ਜਾਣਾ ਅਤੇ ਸੇਵਾ ਵੀ ਮਨਜ਼ੂਰ ਕਰਵਾ ਜਾਇਉ।"

ਮਹਾਰਾਣੀ ਜੀ ਨੇ ਮੁਨਸ਼ੀ ਜੀ ਨੂੰ ਪਟਿਆਲੇ ਬੁਲਾ ਕੇ ਸੱਚੇ ਪਾਤਸ਼ਾਹ ਜੀ ਦਾ ਹੁਕਮ ਸੁਣਾਇਆ। ਮੁਨਸ਼ੀ ਹਰਦਿੱਤ ਸਿੰਘ ਬਹੁਤ ਪ੍ਰਸੰਨ ਹੋਏ ਕਿ "ਸੇਵਾ ਮਨਜ਼ੂਰ ਕਰ ਲਈ ਹੈ ਅਤੇ ਪਟਿਆਲੇ ਆਣ ਦੀ ਇਜ਼ਾਜਤ ਮਿਲ ਗਈ ਹੈ ਦਰਸ਼ਨ ਕਰਨ ਅਤੇ ਮੱਥਾ ਟੇਕਣ ਦੀ ਇਜ਼ਾਜਤ ਵੀ ਮਿਲ ਗਈ ਹੈ।"

ਸੇਵਾ ਮਨਜ਼ੂਰ ਹੋਣ ਤੋਂ ਖੁਸ਼ ਹੋ ਕੇ ਮਾਲਕਾਂ ਨੇ ਮੁਨਸ਼ੀ ਜੀ ਦੇ ਬੇਟੇ ਨੂੰ ਨੌਂਕਰੀ ਦੇ ਦਿੱਤੀ ਅਤੇ ਇਹ ਛੋਟ ਦੇ ਦਿੱਤੀ ਕਿ ਬਾਬਾ ਜੀ ਮਹਾਰਾਜ ਦੀ ਹਜ਼ੂਰੀ ਵਿਚ ਰਹਿਣਾ ਪਸੰਦ ਕਰੇ ਜਾਂ ਪਟਿਆਲੇ ਦਰਬਾਰ ਵਿਚ ਇਹ ਉਸ ਦੀ ਆਪਣੀ ਇੱਛਾ ਹੈ।

ਮਹਾਰਾਣੀ ਜੀ (ਦਾਦੀ ਜੀ) ਨੇ ਸਲਾਹ ਦਿੱਤੀ ਕਿ "ਮੁਨਸ਼ੀ ਜੀ! ਸਰਦਾਰ ਗੁਰਨਾਮ ਸਿੰਘ ਦੀ ਧੀ ਮਹਿੰਦਰ ਕੌਰ ਪਟਰਾਣੀ ਨੂੰ ਕਹੋ ਕਿ ਪਹਿਲਾ ਵਾਲਾ ਸੁੱਖ ਭੋਗਣਾ ਹੈ, ਹੁਕਮ ਚਲਾਉਣਾ ਹੈ ਤਾਂ ਤਕੜੇ ਹੋ ਕੇ ਬਾਬਾ ਜੀ ਰੂੰਮੀ ਵਾਲਿਆਂ ਦੀ ਸੇਵਾ ਵਿਚ ਲੱਗ ਜਾਣ।"

**ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥** (ਅੰਗ ੨੮੭)

ਹਜ਼ੂਰ ਬਾਬਾ ਜੀ ਫੁਰਮਾਉਂਦੇ ਸਨ ਕਿ ਸਭ ਤੋਂ ਵੱਡੀ ਸੇਵਾ ਗੁਰੂ ਦਾ ਹੁਕਮ ਮੰਨਣਾ ਹੈ ਇਸੇ ਵਿਚ ਗੁਰੂ ਦੀ ਖੁਸ਼ੀ ਹੈ। ਇਕ ਦਿਨ ਸਾਧੂ ਦੇ ਕੀਤੇ ਬਚਨਾਂ ਦੀ ਸਾਖੀ ਹਜ਼ੂਰ ਬਾਬਾ ਜੀ ਨੇ ਸੁਣਾਈ। ਇਹ ਸਾਖੀ ਸੁਣਾ ਕੇ ਮਹਾਪੁਰਖ ਬਾਬਾ ਜੀ

ਨੇ ਫੁਰਮਾਇਆ ਕਿ "ਇਸ ਤਰ੍ਹਾਂ ਦੀ ਸਾਖੀ ਸੁਨਾਉਣ ਨਾਲ ਪਟਰਾਣੀ ਮਹਿੰਦਰ ਕੌਰ ਦਾ ਕਲੇਜਾ ਠੰਡਾ ਅਤੇ ਸੀਤਲ ਰੱਖਣ ਦਾ ਯਤਨ ਹੈ ਕਿਉਂਕਿ ਇਹ ਸੇਵਾ ਵਿਚ ਲੱਗ ਗਈ ਤਾਂ ਇਨ੍ਹਾਂ ਦੀ ਸਹਾਇਤਾ ਕਰਨਾ ਸਾਡਾ ਫਰਜ਼ ਹੈ।

ਸੱਚੇ ਪਾਤਸ਼ਾਹ ਜੀ ਸਾਖੀ ਸੁਨਾਉਣ ਲੱਗੇ। ਇਕ ਸੇਠ ਸ਼ਾਹੂਕਾਰ ਆਪਣੇ ਕਰਮ ਧਰਮ ਵਿਚ ਪੱਕਾ ਸੀ। ਵਪਾਰ ਕਰਦਾ ਹੋਇਆ ਆਪਣਾ ਸਮੁੰਦਰੀ ਜਹਾਜ਼ ਵਸਤੂਆਂ ਨਾਲ ਭਰ ਕੇ ਕਿਸੇ ਹੋਰ ਦੇਸ਼ ਲਈ ਤੁਰਨ ਲੱਗਿਆ ਤਾਂ ਅੱਗੋਂ ਇਕ ਮਹਾਤਮਾ ਆ ਗਏ ਤੇ ਕਹਿਣ ਲੱਗੇ "ਸੇਠ ਜੀ ਅਸੀਂ ਸਮੁੰਦਰ ਦੀ ਸੈਰ ਕਰਨੀ ਹੈ ਆਪਣੇ ਜਹਾਜ਼ ਵਿਚ ਮੈਨੂੰ ਵੀ ਨਾਲ ਲੈ ਚੱਲੋ।"

ਸੇਠ ਸੰਤ ਸੇਵੀ ਸੁਭਾਅ ਦਾ ਮਾਲਕ ਸੀ ਉਸ ਨੇ ਮਹਾਤਮਾ ਨੂੰ ਨਮਸ਼ਕਾਰ ਕੀਤੀ ਅਤੇ "ਸਤਿਬਚਨ ਮਹਾਰਾਜ" ਕਹਿਕੇ ਜਹਾਜ਼ ਵਿਚ ਉਨ੍ਹਾਂ ਨੂੰ ਸਵਾਰ ਕਰ ਲਿਆ ਤੇ ਰਸਤੇ ਵੱਲ ਚੱਲ ਪਏ। ਜਦ ਭੋਜਨ ਦਾ ਸਮਾਂ ਹੋਇਆ ਤਾਂ ਸ਼ਾਹੂਕਾਰ ਨੇ ਮਹਾਤਮਾ ਨੂੰ ਭੋਜਨ ਛਕਾਇਆ। ਮਹਾਤਮਾ ਜੀ ਨੇ ਭੋਜਨ ਛੱਕ ਲਿਆ ਤਾਂ ਸੇਠ ਨੇ ਬੇਨਤੀ ਕੀਤੀ "ਪਾਤਸ਼ਾਹੋ ਖਾਣਾ ਖਾਦਾ ਹੈ, ਹੁਣ ਤੁਸੀਂ ਅਰਾਮ ਕਰਨ ਲਈ ਲੇਟ ਜਾਉ।"

ਮਹਾਤਮਾ ਬੋਲੇ "ਅਰਾਮ ਕਰਨਾ ਤਾਂ ਤੁਹਾਡਾ ਸ਼ਾਹੂਕਾਰਾਂ ਦਾ ਕੰਮ ਹੈ ਅਸੀਂ ਤਾਂ ਕੁਝ ਬਚਨ ਕਰਕੇ ਭਜਨ ਕਰਨਾ ਹੈ।" ਮਹਾਤਮਾ ਜੀ ਬਚਨ ਕਰਨ ਲੱਗੇ ਸੇਠ ਜੀ ਧਿਆਨ ਨਾਲ ਸੁਨਣ ਲੱਗ ਪਏ।

1. ਪ੍ਰਦੇਸ਼ ਵਿਚ ਜੇਕਰ ਕਿਸੇ ਕੋਲ ਕੋਈ ਕੋਡੀ ਪੈਸਾ ਨਾ ਹੋਵੈ ਤਾਂ ਮਜ਼ਦੂਰੀ ਕਰ ਲੈਣੀ ਚਾਹੀਦੀ ਹੈ ਕੋਈ ਮੇਹਣਾ ਨਹੀਂ।
2. ਕੋਈ ਆਦਮੀ ਤੁਹਾਡੇ ਤੋਂ ਅਹੁਦੇ ਵਿੱਚ ਛੋਟਾ ਹੈ ਪ੍ਰਮਾਤਮਾ ਉਸ ਨੂੰ ਵੱਡਾ ਬਣਾ ਦਿੰਦਾ ਹੈ ਤਾਂ ਉਸਨੂੰ ਨਮਸਕਾਰ ਕਰਨੀ ਚਾਹੀਦੀ ਹੈ।
3. ਜਿਥੇ ਵੀ ਕੋਈ ਆਖੇ ਭੋਜਨ ਤਿਆਰ ਹੈ ਛੱਕ ਲਉ। ਜੇ ਕਰ ਤੁਸੀਂ ਭੋਜਨ ਛੱਕਿਆ ਹੋਇਆ ਵੀ ਹੈ ਤਾਂ ਵੀ ਥੋੜਾ ਛੱਕ ਲਉ ਜਵਾਬ ਨਾ ਦਿਉ।
4. ਜਿਥੇ ਤੁਹਾਡੇ ਨਾਲ ਕਿਸੇ ਸਨਬੰਧੀ ਦਾ ਫਰਕ ਪੈ ਜਾਏ ਉਥੇ ਕਦੇ ਨ ਰਹੋ।

**ਉਤਮ ਸਲੋਕ ਸਾਧ ਕੇ ਬਚਨ ॥ ਅਮੁਲੀਕ ਲਾਲ ਏਹਿ ਰਤਨ ॥** (ਅੰਗ ੨੯੫)

ਮਹਾਤਮਾ ਜੀ ਨਸੀਅਤਾਂ ਦੇ ਕੇ ਜਹਾਜ਼ ਦੇ ਕਿਸੇ ਜਗ੍ਹਾਂ ਬੈਠ ਕੇ ਭਜਨ ਕਰਨ ਲੱਗ ਪਏ। ਸ਼ਾਹੂਕਾਰ ਅਤੇ ਉਸ ਦਾ ਨੌਕਰ ਜੋ ਹਰ ਵੇਲੇ ਉਸ ਦੇ ਨਾਲ

ਰਹਿੰਦਾ ਸੀ ਦੋਨੋਂ ਸੋਂ ਗਏ। ਅਚਾਨਕ ਰਾਤ ਦੇ ਸਮੇਂ ਬਹੁਤ ਹੀ ਭਿਆਨਕ ਤੂਫਾਨ ਆਇਆ। ਜਹਾਜ਼ ਨੂੰ ਤੂਫਾਨ ਖਿੱਚ ਕੇ ਕਿਨਾਰੇ ਵੱਲ ਲੈ ਗਿਆ ਪਰ ਤੇਜ ਹਵਾ ਕਰਕੇ ਜਹਾਜ਼ ਪਹਾੜੀ ਨਾਲ ਟਕਰਾ ਗਿਆ ਅਤੇ ਟੁਕੜੇ ਟੁਕੜੇ ਹੋ ਗਿਆ। ਜਿਸ ਹਿੱਸੇ ਵਿਚ ਸ਼ਾਹੂਕਾਰ ਅਤੇ ਨੌਕਰ ਸੁੱਤੇ ਪਏ ਸਨ ਉਹ ਟੁਕੜਾ ਪਾਣੀ ਦੇ ਵਹਾਅ ਨਾਲ ਕਿਨਾਰੇ ਉਪਰ ਪਹੁੰਚ ਗਿਆ। ਸ਼ਾਹੂਕਾਰ ਤੇ ਨੌਕਰ ਵਿਚਾਰਦੇ ਹਨ ਕਿ ਮਹਾਤਮਾ ਜੀ ਦੇ ਸਵਾਰ ਹੋਣ ਕਰਕੇ ਵੀ ਇਸ ਤਰ੍ਹਾਂ ਕਿਉਂ ਹੋਇਆ ਹੈ। ਮਹਾਤਮਾ ਤਾਂ ਮਿਲੇ ਨਹੀਂ ਜਿੰਦਾ ਵੀ ਹਨ ਜਾਂ ਡੁੱਬ ਗਏ ਹਨ। ਕੀ ਇਹ ਸਾਡੇ ਪੁੰਨ ਸਾਨੂੰ ਤਾਰ ਗਏ ਹਨ।

ਦਿਨ ਚੜ੍ਹਿਆ ਤਾਂ ਉਨ੍ਹਾਂ ਨੂੰ ਨੇੜੇ ਹੀ ਇਕ ਬਸਤੀ ਦਿਖਾਈ ਦਿੱਤੀ। ਉਹ ਬਸਤੀ ਵਿਚ ਪਹੁੰਚ ਗਏ। ਇਕ ਤਲਾਬ ਦੇ ਨਾਲ ਹੀ ਧਰਮਸ਼ਾਲਾ ਵਿਚ ਠਹਿਰ ਗਏ। ਉਨ੍ਹਾਂ ਕੋਲ ਕੁਝ ਨਹੀਂ ਸੀ ਸਿਰਫ ਜ਼ਿੰਦਗੀ ਹੀ ਬਚੀ ਸੀ। ਥੋੜ੍ਹੀ ਦੇਰ ਬਾਅਦ ਧਰਮਸ਼ਾਲਾ ਦਾ ਚੌਂਕੀਦਾਰ ਆਇਆ ਅਤੇ ਬੋਲਿਆ "ਕੋਈ ਆਦਮੀ ਸਰਾਂਅ (ਧਰਮਸ਼ਾਲਾ) ਵਿਚ ਮਰਿਆ ਪਿਆ ਹੈ ਇਸ ਨੂੰ ਸਮੁੰਦਰ ਵਿਚ ਸੁੱਟ ਕੇ ਆਉਣਾ ਹੈ। ਜੋ ਆਦਮੀ ਇਸ ਨੂੰ ਲੈ ਕੇ ਜਾਵੇਗਾ ਉਸ ਨੂੰ ਮਜ਼ਦੂਰੀ ਦਿੱਤੀ ਜਾਵੇਗੀ।" ਸ਼ਾਹੂਕਾਰ ਨੂੰ ਮਹਾਤਮਾ ਜੀ ਦਾ ਪਹਿਲਾ ਬਚਨ ਯਾਦ ਆਇਆ। ਉਹ ਆਪਣੇ ਨੌਕਰ ਨੂੰ ਨਾਲ ਲੈ ਕੇ ਮੁਰਦਾ ਸੁੱਟਣ ਲਈ ਮਜ਼ਦੂਰੀ ਲੈ ਕੇ ਸਮੁੰਦਰ ਵੱਲ ਚੱਲ ਪਇਆ।

ਰਸਤੇ ਵਿਚ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਮੁਰਦੇ ਦੀ ਕਮਰ ਨਾਲ ਕੁਝ ਬੰਨਿਆ ਹੋਇਆ ਹੈ। ਸਮੁੰਦਰ ਦੇ ਕਿਨਾਰੇ ਉੱਪਰ ਉਸ ਨੂੰ ਰੱਖ ਕੇ ਜਦ ਉਨ੍ਹਾਂ ਨੇ ਕਮਰ ਵਾਲਾ ਕੱਪੜਾ ਖੋਲਿਆ ਤਾਂ ਉਸ ਵਿਚੋਂ ਮੋਹਰਾਂ ਨਿਕਲੀਆਂ। ਮੁਰਦਾ ਉਨ੍ਹਾਂ ਸਮੁੰਦਰ ਵਿੱਚ ਰੋੜ੍ਹ ਦਿੱਤਾ। ਮੋਹਰਾਂ ਲੈ ਕੇ ਉਹ ਸ਼ਹਿਰ ਵੱਲ ਚੱਲ ਪਏ। ਸ਼ਾਹੂਕਾਰ ਨੇ ਨੌਕਰ ਨੂੰ ਕਿਹਾ "ਇਕ ਮੋਹਰ ਲੈ ਜਾ ਅਤੇ ਇਸ ਨਾਲ ਕੋਈ ਖਾਣ ਲਈ ਚੀਜ਼ਾਂ ਲੈ ਆਵੀਂ।"

ਨੌਕਰ ਮੋਹਰ ਲੈ ਕੇ ਬਜ਼ਾਰ ਵਿੱਚ ਗਿਆ ਤੇ ਹਲਵਾਈ ਦੀ ਦੁਕਾਨ ਤੋਂ ਮਠਿਆਈਆਂ ਲੈਣ ਲਈ ਮੋਹਰ ਦੁਕਾਨਦਾਰ ਨੂੰ ਦੇ ਦਿੱਤੀ। ਪਰ ਉਸ ਨੇ ਦੇਖਿਆ ਕਿ ਬਜ਼ਾਰ ਦੇ ਚੌਂਕ ਵਿਚ ਲੋਕਾਂ ਦਾ ਇੱਕਠ ਕਿਵੇਂ ਹੋਇਆ ਹੈ। ਨੌਕਰ ਉਸ ਵੇਲੇ

ਹੀ ਮਠਿਆਈ ਲਏ ਬਿਨਾਂ ਹੀ ਭੱਜ ਕੇ ਇਕੱਠ ਵਿਚ ਜਾ ਵੜਿਆ। ਢੋਲ ਵੱਜ ਰਿਹਾ ਸੀ। ਉਸ ਨੇ ਕਿਸੇ ਨੂੰ ਪੁੱਛਿਆ ਕਿ "ਇਹ ਕੀ ਹੋ ਰਿਹਾ ਹੈ।"

ਜਵਾਬ ਮਿਲਿਆ ਕਿ "ਇਸ ਨਗਰੀ ਦਾ ਰਾਜਾ ਮਰ ਗਿਆ ਹੈ, ਨਵੇਂ ਰਾਜੇ ਦੀ ਚੋਣ ਕਰਨੀ ਹੈ। ਇਹ ਇਕ ਬਾਜ ਛੱਡਿਆ ਜਾਵੇਗਾ। ਇਹ ਬਾਜ ਜਿਸ ਆਦਮੀ ਦੇ ਸਿਰ ਉਤੇ ਬੈਠ ਗਿਆ ਉਸ ਨੂੰ ਰਾਜਾ ਮੰਨ ਲਿਆ ਜਾਵੇਗਾ।"

ਬਾਜ ਉਡਾਇਆ ਗਿਆ। ਉਡਦਾ ਹੋਇਆ ਬਾਜ ਸ਼ਾਹੂਕਾਰ ਦੇ ਨੌਕਰ ਦੇ ਸਿਰ ਉਪਰ ਹੀ ਬੈਠ ਗਿਆ। ਲੋਕਾਂ ਨੇ ਉਸੇ ਵੇਲੇ ਹੀ ਨੌਕਰ ਨੂੰ ਰਾਜਾ ਮੰਨ ਲਿਆ ਅਤੇ ਮਹਿਲਾਂ ਵਿਚ ਲੈ ਗਏ। ਇਸ਼ਨਾਨ ਕਰਵਾ ਕੇ ਨਵੇਂ ਬਸਤਰ ਪੁਆ ਕੇ ਸਿੰਘਾਸਨ ਉੱਪਰ ਬਿਠਾ ਦਿੱਤਾ। ਜਦੋਂ ਕਾਫੀ ਦੇਰ ਬਾਅਦ ਨੌਕਰ ਵਾਪਿਸ ਨਾ ਆਇਆ ਤਾਂ ਸ਼ਾਹੂਕਾਰ ਨੂੰ ਖਿਆਲ ਆਇਆ ਕਿ ਨੌਕਰ ਵੀ ਧੋਖਾ ਦੇ ਗਿਆ ਹੈ।

ਜਦ ਨੌਕਰ ਨਾ ਆਇਆ ਤਾਂ ਸ਼ਾਹੂਕਾਰ ਸ਼ਹਿਰ ਵੱਲ ਤੁਰ ਪਿਆ। ਅਚਾਨਕ ਉਸੇ ਹਲਵਾਈ ਦੀ ਦੁਕਾਨ ਉਤੇ ਪਹੁੰਚ ਗਿਆ। ਗੱਲਬਾਤ ਹੋਣ ਤੋਂ ਬਾਅਦ ਹਲਵਾਈ ਨੇ ਦੱਸਿਆ ਕਿ "ਉਹ ਤੁਹਾਡਾ ਨੌਕਰ ਤਾਂ ਨਗਰੀ ਦਾ ਰਾਜਾ ਬਣ ਗਿਆ ਹੈ।" ਇਕ ਸੋਨੇ ਦੀ ਮੋਹਰ ਵੀ ਇਥੇ ਹੀ ਛੱਡ ਗਿਆ ਹੈ।

ਹੁਣ ਸ਼ਾਹੂਕਾਰ ਨੂੰ ਮਹਾਤਮਾ ਜੀ ਦਾ ਦੂਸਰਾ ਬਚਨ ਯਾਦ ਆਇਆ ਕਿ ਨਮਸ਼ਕਾਰ ਕਰਨੀ ਚਾਹੀਦੀ ਹੈ। ਉਸ ਨੇ ਹਲਵਾਈ ਤੋਂ ਇਕ ਥਾਲ ਮਠਿਆਈ ਦਾ ਤਿਆਰ ਕਰਵਾਇਆ। ਕੁਝ ਮੋਹਰਾਂ ਉੱਪਰ ਰੱਖ ਕੇ ਰੁਮਾਲ ਨਾਲ ਢੱਕ ਕੇ, ਰਾਜੇ ਦੇ ਦਰਬਾਰ ਵਿਚ ਪਹੁੰਚ ਕੇ ਰਾਜੇ ਨੂੰ ਮੱਥਾ ਟੇਕਿਆ। ਰਾਜੇ ਨੇ ਸ਼ਾਹੂਕਾਰ ਦਾ ਬਹੁਤ ਆਦਰ, ਸਤਿਕਾਰ ਕੀਤਾ। ਰਾਜਾ ਨੇ ਸ਼ਾਹੂਕਾਰ ਨੂੰ ਆਪਣੇ ਕੋਲ ਹੀ ਵਜ਼ੀਰ ਦਾ ਅਹੁਦਾ ਦੇ ਕੇ ਰੱਖ ਲਿਆ। ਅਹਿਲਕਾਰਾਂ ਨੇ ਇਸ ਨੂੰ ਬੁਰਾ ਮਨਾਇਆ ਪਰ ਬੋਲੇ ਨਹੀਂ। ਉਨ੍ਹਾਂ ਵਿਚਾਰ ਕੀਤੀ ਕਿ "ਰਾਜਧਾਨੀ ਦੇ ਅਸੂਲਾ ਮੁਤਾਬਿਕ ਰਾਜਾ ਤਾਂ ਠੀਕ ਬਨਣਾ ਹੀ ਸੀ ਪਰ ਇਹ ਵਜ਼ੀਰ ਕਿਉਂ ਬਣਾ ਦਿੱਤਾ। ਕੁਝ ਸਮਾਂ ਬੀਤ ਜਾਣ ਤੋਂ ਬਾਅਦ ਅਹਿਲਕਾਰਾਂ ਨੇ ਰਾਜੇ ਦੇ ਕੰਨ ਭਰ ਦਿੱਤੇ ਕਿ "ਇਹ ਵਜ਼ੀਰ ਤੁਹਾਡਾ ਆਦਰ ਸਤਿਕਾਰ ਨਹੀਂ ਕਰਦਾ ਅਤੇ ਹੁਕਮ ਵੀ ਨਹੀਂ ਮੰਨਦਾ।"

ਰਾਜੇ ਨੇ ਸੋਚਿਆ "ਹੋ ਸਕਦਾ ਹੈ ਇਹ ਮੈਨੂੰ ਆਪਣਾ ਨੌਕਰ ਹੀ ਸਮਝਦਾ ਹੋਵੇ ਤਾਂ ਹੀ ਹੁਕਮ ਨਹੀਂ ਮੰਨਦਾ ਕਿਤੇ ਰਾਜ ਹੀ ਨਾ ਖੋਹ ਲਵੇ।"

ਰਾਜੇ ਨੇ ਅਹਿਲਕਾਰਾਂ ਨੂੰ ਪੁੱਛਿਆ ਇਸ ਨੂੰ ਹੁਕਮ ਅਦੂਲੀ ਦੀ ਕੀ ਸਜ਼ਾ ਦਿੱਤੀ ਜਾਵੇ। ਅਹਿਲਕਾਰ ਕਹਿਣ ਲੱਗੇ "ਮਹਾਰਾਜ! ਇਸ ਤੋਂ ਤੁਹਾਡੇ ਰਾਜਪਾਟ ਨੂੰ ਖਤਰਾ ਹੈ ਕਿਉਂ ਨਾ ਇਸ ਨੂੰ ਕਤਲ ਕਰ ਦਿੱਤਾ ਜਾਵੇ।"

ਰਾਜੇ ਨੇ ਹੁਕਮ ਦਿੱਤਾ "ਇਸ ਨੂੰ ਕਿਤੇ ਦੂਰ ਲਿਜਾ ਕੇ ਕਤਲ ਕੀਤਾ ਜਾਵੇ।" ਅਹਿਲਕਾਰਾਂ ਨੇ ਸਲਾਹ ਦਿੱਤੀ "ਇਸ ਨੂੰ ਦੂਰ ਮਰਾਸਲਾ ਦੇ ਕੇ ਭੇਜ ਦਿਉ ਅਤੇ ਮਰਾਸਲੇ ਵਿਚ ਲਿਖ ਦਿਉ ਕਿ ਜੋ ਇਹ ਮਰਾਸਲਾ ਲੈ ਕੇ ਆਇਆ ਹੈ ਇਸ ਨੂੰ ਕਤਲ ਕਰ ਦਿੱਤਾ ਜਾਵੇ।"

ਮਰਾਸਲਾ ਵਿੱਚ ਇਹ ਲਿਖਵਾ ਕੇ ਨੌਕਰ ਰਾਜਾ ਨੇ ਵਜ਼ੀਰ (ਸ਼ਾਹੂਕਾਰ) ਨੂੰ ਹੁਕਮ ਦਿੱਤਾ ਇਹ ਦੂਸਰੀ ਰਿਆਸਤ ਦੇ ਰਾਜੇ ਨੂੰ ਕੇ ਕਰ ਆਉ। ਇਸ ਦਾ ਜਵਾਬ ਲੈ ਕੇ ਆਉਣਾ ਹੈ।"

ਵਜ਼ੀਰ ਸ਼ਾਹੀ ਦਸਤੂਰ ਦੇ ਮੁਤਾਬਿਕ ਊਠਨੀ (ਸਾਂਡਨੀ) ਤੇ ਸਵਾਰ ਹੋ ਕੇ ਨੌਕਰ ਨਾਲ ਲੈ ਕੇ ਦੂਜੇ ਰਾਜੇ ਵੱਲ ਚੱਲ ਪਿਆ। ਰਸਤੇ ਵਿਚ ਕੁਝ ਸਾਧੂਆਂ ਦੀ ਮੰਡਲੀ ਉਤਰੀ ਹੋਈ ਸੀ। ਵਜ਼ੀਰ ਸਾਧੂਆਂ ਕੋਲ ਚਲਾ ਗਿਆ। ਕੁਝ ਭੇਟਾ ਮੱਥਾ ਟੇਕ ਕੇ ਬੈਠ ਗਿਆ। ਜਦੋਂ ਤੁਰਨ ਲੱਗੇ ਤਾਂ ਸਾਧੂਆਂ ਨੇ ਕਿਹਾ "ਭੋਜਨ ਤਿਆਰ ਹੈ ਛੱਕ ਕੇ ਜਾਣਾ।"

ਉਸ ਵੇਲੇ ਸ਼ਾਹੂਕਾਰ ਨੂੰ ਮਹਾਤਮਾ ਜੀ ਦਾ ਤੀਸਰਾ ਬਚਨ ਯਾਦ ਆ ਗਿਆ। ਉਸ ਨੇ ਸੋਚਿਆ ਭੋਜਨ ਵੀ ਛੱਕਣਾ ਹੈ ਪਰ ਮਰਾਸਲਾ ਵੀ ਸਮੇਂ ਸਿਰ ਪਹੁੰਚਾਉਣਾ ਹੈ। ਉਸ ਨੇ ਨੌਕਰ ਨੂੰ ਕਿਹਾ "ਮੈਂ ਭੋਜਨ ਛੱਕ ਕੇ ਆਉਂਦਾ ਹਾਂ। ਮਰਾਸਲਾ ਦੇ ਪਹੁੰਚਣ ਵਿਚ ਦੇਰੀ ਨਾ ਹੋ ਜਾਏ। ਇਸ ਕਰਕੇ ਤੂੰ ਇਹ ਮਰਾਸਲਾ ਲੈ ਕੇ ਰਾਜੇ ਕੋਲ ਪਹੁੰਚ ਮੈਂ ਛੇਤੀ ਆ ਰਿਹਾ ਹਾਂ।"

ਮਰਾਸਲਾ ਲੈ ਕੇ ਨੌਕਰ ਊਠਨੀ ਉਤੇ ਸਵਾਰ ਹੋ ਕੇ ਰਾਜੇ ਕੋਲ ਪਹੁੰਚ ਗਿਆ। ਏਧਰ ਵਜ਼ੀਰ ਭੋਜਨ ਛੱਕ ਕੇ ਤੁਰ ਪਿਆ।

ਦੂਜੇ ਪਾਸੇ ਨੌਕਰ ਵੱਲੋਂ ਮਰਾਸਲਾ ਰਾਜੇ ਦੇ ਪੇਸ਼ ਕੀਤਾ ਗਿਆ। ਜਦ ਰਾਜੇ ਨੇ ਮਰਾਸਲਾ ਪੜਿਆ ਤਾਂ ਉਸੇ ਵੇਲੇ ਹੀ ਨੌਕਰ ਨੂੰ ਕਤਲ ਕਰਵਾ ਦਿੱਤਾ। ਜਦੋਂ ਵਜ਼ੀਰ ਭੋਜਨ ਛੱਕ ਕੇ ਰਾਜੇ ਕੋਲ ਪਹੁੰਚਿਆ ਤਾਂ ਮਰਾਸਲੇ ਦਾ ਜਵਾਬ ਮੰਗਿਆ।

ਰਾਜੇ ਨੇ ਕਿਹਾ "ਕਿ ਜਵਾਬ ਦੇ ਦਿੱਤਾ ਹੈ। ਉਸ ਵਿਚ ਲਿਖਿਆ ਸੀ ਜੋ

ਇਹ ਮਰਾਸਲਾ ਲੈ ਕੇ ਆ ਰਿਹਾ ਹੈ, ਉਸ ਨੂੰ ਕਤਲ ਕਰ ਦਿੱਤਾ ਜਾਵੇ। ਸੋ ਅਸੀਂ ਉਸ ਮਰਾਸਲੇ ਵਾਲੇ ਨੂੰ ਕਤਲ ਕਰ ਦਿੱਤਾ ਹੈ।"

ਇਹ ਦੇਖ ਕੇ ਸ਼ਾਹੂਕਾਰ ਨੂੰ ਮਹਾਤਮਾ ਜੀ ਦਾ ਚੌਥਾ ਬਚਨ ਵੀ ਯਾਦ ਆਇਆ। ਉਹ ਵਾਪਿਸ ਆਇਆ ਅਤੇ ਰਾਜਾ ਨੂੰ ਨਮਸ਼ਕਾਰ ਕਰਕੇ ਅਰਜ਼ ਕਰਨ ਲੱਗਾ "ਕਿ ਹੁਣ ਮੇਰਾ ਇਥੇ ਰਹਿਣਾ ਠੀਕ ਨਹੀਂ ਹੈ। ਮੈਨੂੰ ਆਗਿਆ ਦਿੱਤੀ ਜਾਵੇ।" ਵਜ਼ੀਰ ਨੇ ਰਾਜੇ ਨੂੰ ਸਾਰੀ ਵਾਰਤਾ ਸੁਣਾ ਦਿੱਤੀ।

ਰਾਜੇ ਨੇ ਗਲਤੀ ਮੰਨੀ ਅਤੇ ਵਜ਼ੀਰ ਸ਼ਾਹੂਕਾਰ ਨੂੰ ਰੋਕਣਾ ਚਾਹਿਆ ਤੇ ਕਿਹਾ "ਅੱਗੇ ਤੋਂ ਇਸ ਤਰ੍ਹਾਂ ਨਹੀਂ ਹੋਵੇਗਾ।"

ਪਰ ਸ਼ਾਹੂਕਾਰ ਨੇ ਜਵਾਬ ਵਿਚ ਕਿਹਾ "ਆਪ ਦੇ ਹਿਰਦੇ ਵਿਚ ਫਰਕ ਪੈ ਗਿਆ ਹੈ ਮੇਰਾ ਇਥੇ ਰਹਿਣਾ ਹੁਣ ਠੀਕ ਨਹੀਂ। ਕਿਉਂਕਿ ਮਹਾਤਮਾ ਜੀ ਦੀਆਂ ਚਾਰ ਨਸੀਅਤਾਂ ਸੱਚੀਆਂ ਹੋ ਗਈਆਂ ਹਨ। ਮੈਂ ਉਨ੍ਹਾਂ ਨਸੀਅਤਾਂ ਉਪਰ ਪੂਰਾ ਪੂਰਾ ਅਮਲ ਕੀਤਾ ਹੈ ਅਤੇ ਕਰਦਾ ਵੀ ਰਹਾਂਗਾ।"

ਰਾਜਾ ਨੇ ਸ਼ਾਹੂਕਾਰ ਨੂੰ ਕਾਫੀ ਪੈਸਾ ਜਹਾਜ਼ ਲੈਣ ਲਈ ਦੇ ਕੇ ਵਿਦਾ ਕੀਤਾ।

ਬਾਬਾ ਜੀ ਮਹਾਰਾਜ ਨੇ ਇਹ ਸਾਖੀ ਸੁਨਾਉਣ ਤੋਂ ਬਾਅਦ ਫੁਰਮਾਇਆ ਕਿ ਬੰਦੇ ਦੇ ਪੁੰਨ ਇਸ ਤਰ੍ਹਾਂ ਤਾਰ ਦਿੰਦੇ ਹਨ। ਜਹਾਜ਼ ਨੇ ਤਾਂ ਡੁੱਬ ਜਾਣਾ ਸੀ ਪਰ ਸ਼ਾਹੂਕਾਰ ਤੇ ਨੌਕਰ ਦੇ ਪੁੰਨਾ ਨੇ ਉਨ੍ਹਾਂ ਨੂੰ ਡੁੱਬਣ ਤੋਂ ਬਚਾ ਲਿਆ ਅਤੇ ਹਰ ਔਕੜ ਵਿਚ ਉਨ੍ਹਾਂ ਦੀ ਸਹਾਇਤਾ ਕੀਤੀ। ਉਨ੍ਹਾਂ ਦੇ ਪੁੰਨ ਹੀ ਮਹਾਤਮਾ ਬਣ ਕੇ ਆਏ ਸਨ। ਜਹਾਜ਼ ਦਾ ਟੁੱਟਿਆ ਟੁਕੜਾ ਕਿਨਾਰੇ ਲੱਗਣਾ, ਮੋਹਰਾ ਦਾ ਮਿਲਣਾ, ਬਾਜ ਦਾ ਨੌਕਰ ਉਤੇ ਬੈਠਣਾ, ਸਾਧੂ ਮੰਡਲੀ ਦਾ ਮਿਲਣਾ ਇਹ ਸਭ ਪੁੰਨ ਰੂਪ ਧਾਰਨ ਕੀਤੇ ਸਨ।

ਹਜ਼ੂਰ ਬਾਬਾ ਜੀ ਦਾ ਮੁਨਸ਼ੀ ਜੀ ਨੂੰ ਇਹ ਸਾਖੀ ਸੁਨਾਉਣ ਦਾ ਇਹ ਭਾਵ ਸੀ ਕਿ ਰਿਆਸਤ ਪਟਿਆਲਾ ਦੇ ਪਰਿਵਾਰ ਦੇ ਪੂਰਬਲੇ ਪੁੰਨਾ ਸਦਕਾ ਹੀ ਸਾਨੂੰ ਇਨ੍ਹਾਂ ਦੀ ਆਉਣ ਵਾਲੀਆਂ ਆਫ਼ਤਾਂ, ਮੁਸ਼ਕਲਾਂ ਸਰੀਰਕ ਕਸ਼ਟਾਂ ਦੀ ਨਿਵਿਰਤੀ ਕਰਨੀ ਪੈਂਦੀ ਹੈ। ਕਿਉਂਕਿ ਅਸੀਂ ਮਹਾਰਾਜਾ ਭੁਪਿੰਦਰ ਸਿੰਘ ਦੇ ਪੂਰਬਲੇ ਜਨਮਾਂ ਦੀ ਭਗਤੀ ਨੂੰ ਕਸ਼ਟਾਂ ਸਮੇਂ ਅੱਗੇ ਰੱਖਦੇ ਹਾਂ।"

**ਤੁਮ੍ਰੀ ਕ੍ਰਿਪਾ ਤੇ ਮੋਹੁ ਮਾਨੁ ਛੂਟੈ ਬਿਨਸਿ ਜਾਇ ਭਰਮਾਈ ॥ ਅਨਦ ਰੂਪੁ ਰਵਿਓ ਸਭ ਮਧੇ ਜਤ ਕਤ ਪੇਖਉ ਜਾਈ ॥੨॥ ਤੁਮ੍ ਦਇਆਲ ਕਿਰਪਾਲ ਕ੍ਰਿਪਾ ਨਿਧਿ ਪਤਿਤ ਪਾਵਨ ਗੋਸਾਈ ॥ ਕੋਟਿ ਸੂਖ ਆਨੰਦ ਰਾਜ ਪਾਏ ਮੁਖ ਤੇ ਨਿਮਖ ਬੁਲਾਈ ॥੩॥ ਜਾਪ ਤਾਪ ਭਗਤਿ ਸਾ ਪੂਰੀ ਜੋ ਪ੍ਰਭ ਕੈ ਮਨਿ ਭਾਈ॥ ਨਾਮੁ ਜਪਤ ਤ੍ਰਿਸਨਾ ਸਭ ਬੁਝੀ ਹੈ ਨਾਨਕ ਤ੍ਰਿਪਤਿ ਅਘਾਈ ॥** (ਅੰਗ ੬੭੩)

(25)

# ਸੁਭ ਕਰਮਨ ਤੇ ਕਬਹੂੰ ਨ ਟਰੋਂ

## ਪ੍ਰਣ ਕਰਨਾ ਹੀ ਧਰਮ ਕਮਾਉਣਾ ਹੈ

ਮਨੁੱਖ ਵੱਲੋਂ ਆਪਣੀ ਜਬਾਨ ਤੋਂ ਦਿੱਤੇ ਬਚਨਾਂ ਨੂੰ ਨਿਭਾਉਣਾ ਹੀ ਸੱਚਾ ਧਰਮ ਹੈ। ਸ. ਹਰਬਖਸ਼ ਸਿੰਘ ਦੇ ਕਹਿਣ ਦੇ ਅਨੁਸਾਰ ਕਿ ਮਹਾਰਾਜੇ ਦੇ ਵਡੇਰੇ ਉਸ ਦੀ ਕਦਰ ਨਹੀਂ ਕਰਦੇ, ਉਸ ਨਾਲ ਈਰਖਾ ਭਾਵਨਾ ਰੱਖਦੇ ਹਨ। ਇਨ੍ਹਾਂ ਦੇ ਵਤੀਰੇ ਬਾਰੇ ਮੁਨਸ਼ੀ ਹਰਦਿੱਤ ਸਿੰਘ ਜੀ ਤੁਸੀਂ ਮਹਾਂਪੁਰਸ਼ਾਂ ਅੱਗੇ ਬੇਨਤੀ ਕਰੋ।

ਮੁਨਸ਼ੀ ਜੀ ਨੇ ਸਾਰੇ ਹਾਲਾਤਾਂ ਬਾਰੇ ਬਾਬਾ ਜੀ ਮਹਾਰਾਜ ਅੱਗੇ ਬੇਨਤੀ ਕਰ ਦਿੱਤੀ। ਬੇਨਤੀ ਸੁਨਣ ਉਪਰੰਤ ਹਜ਼ੂਰ ਬਾਬਾ ਜੀ ਨੇ ਫੁਰਮਾਇਆ "ਮੁਨਸ਼ੀ ਸਾਡਾ ਤਾਂ ਕਹਿਣਾ ਉਹੀ ਰਹੇਗਾ ਜੋ ਪਹਿਲੇ ਦਿਨ ਕਿਹਾ ਸੀ ਕਿ ਵੱਡੇ ਆਪਣੀ ਤਰਫੋਂ ਬਾਦਸ਼ਾਹ ਦਾ ਬੁਰਾ ਨਾ ਚਿਤਵਣ। ਪ੍ਰਣ ਰੱਖਣਾ ਚੰਗਾ ਹੁੰਦਾ ਹੈ।" ਫਿਰ ਇਕ ਸਾਖੀ ਸੁਨਾਉਣ ਲੱਗੇ।

ਇਕ ਬਾਦਸ਼ਾਹ ਨੇ ਇਕ ਪ੍ਰਣ ਕੀਤਾ ਹੋਇਆ ਸੀ ਕਿ ਜੋ ਵੀ ਉਸ ਦੇ ਦਰ ਤੇ ਆ ਕੇ ਸਵਾਲ ਕਰੇਗਾ ਉਹ ਉਸ ਦਾ ਹੱਲ ਜ਼ਰੂਰ ਲੱਭ ਕੇ ਦੇਵੇਗਾ। ਇਕ ਸਾਧੂ ਨੇ ਰਾਜੇ ਦੇ ਸਿਦਕ ਬਾਰੇ ਸੁਣਿਆ ਅਤੇ ਰਾਜੇ ਨੂੰ ਪਰਖਣ ਵਾਸਤੇ ਰਾਜੇ ਦੇ ਦਰਬਾਰ ਵਿਚ ਆਇਆ। ਪਹਿਰੇ ਵਾਲੇ ਨੂੰ ਕਿਹਾ ਕਿ "ਮੈਂ ਬਾਦਸ਼ਾਹ ਨਾਲ ਕੋਈ ਜ਼ਰੂਰੀ ਗੱਲ ਕਰਨੀ ਹੈ।"

ਪਹਿਰੇਦਾਰ ਨੇ ਜਾ ਕੇ ਰਾਜੇ ਪਾਸ ਬੇਨਤੀ ਕੀਤੀ ਤਾਂ ਅੱਗੋ ਰਾਜੇ ਹੁਕਮ ਅਨੁਸਾਰ ਪਹਿਰੇਦਾਰ ਮਹਾਤਮਾ ਨੂੰ ਅੰਦਰ ਲੈ ਆਇਆ। ਰਾਜੇ ਨੇ ਮਹਾਤਮਾ ਨੂੰ ਨਮਸ਼ਕਾਰ ਕੀਤੀ ਅਤੇ ਮਹਾਤਮਾ ਜੀ ਨੂੰ ਆਦਰ ਸਤਿਕਾਰ ਨਾਲ

ਬਿਠਾਇਆ। ਥੋੜ੍ਹੀ ਸੇਵਾ ਕਰਨ ਤੋਂ ਬਾਅਦ ਰਾਜੇ ਅਤੇ ਸਾਧੂ ਵਿਚ ਬਚਨ ਬਲਾਸ ਹੋਣ ਲੱਗੇ।

ਸਾਧੂ ਨੇ ਬਚਨ ਕੀਤਾ, "ਰਾਜਨ ਤੁਹਾਡੇ ਕੋਲ ਦੋ ਹਨ ਇਕ ਮੈਨੂੰ ਦੇ ਦਿਉ।"

ਮਹਾਰਾਜੇ ਨੇ ਮਹਾਤਮਾ ਜੀ ਨੂੰ ਗੱਦੀ ਉਤੇ ਬਿਠਾ ਦਿੱਤਾ ਅਤੇ ਬੇਨਤੀ ਕੀਤੀ "ਤੁਸੀਂ ਇਥੇ ਬੈਠੋ, ਮੈਂ ਆਪਣੇ ਵਜ਼ੀਰਾਂ, ਅਹਿਲਕਾਰਾਂ ਨਾਲ ਸਲਾਹ ਕਰ ਲਵਾਂ ਕਿ ਮੇਰੇ ਕੋਲ ਕਿਹੜੀਆਂ ਦੋ ਚੀਜ਼ਾਂ ਹਨ। ਇਨ੍ਹਾਂ ਵਿਚੋਂ ਕਿਹੜੀ ਤੁਹਾਨੂੰ ਦੇਵਾਂ।"

ਅਹਿਲਕਾਰਾਂ ਨੇ ਆਪਣੀ ਆਪਣੀ ਬੁੱਧੀ ਅਨੁਸਾਰ ਮਸ਼ਵਰੇ ਦਿੱਤੇ ਪਰ ਰਾਜੇ ਦੀ ਤਸੱਲੀ ਨਾ ਹੋਈ। ਉਹ ਦਰਬਾਰ ਵਿਚੋਂ ਉਠ ਕੇ ਮਹਿਲਾਂ ਵਿਚ ਚਲਾ ਆਇਆ। ਨਿਰਾਸ਼ ਹੋ ਕੇ ਪਲੰਘ ਦੇ ਉੱਪਰ ਲੇਟ ਗਿਆ। ਉਸ ਦੀ ਰਾਣੀ ਬਹੁਤ ਸੁਝਵਾਨ ਅਤੇ ਸਤਵੰਤੀ ਸੀ। ਉਹ ਸਮਝ ਗਈ ਕਿ ਮਹਾਰਾਜ ਕਿਸੇ ਗਹਿਰੀ ਚਿੰਤਾ ਵਿਚ ਹਨ। ਉਸ ਨੇ ਹੱਥ ਬੰਨ ਕੇ ਬੇਨਤੀ ਕੀਤੀ। "ਮਹਾਰਾਜ! ਤੁਸੀਂ ਦਰਬਾਰ ਵਿਚੋਂ ਬੜੇ ਚਿੰਤਾਤੁਰ ਹੋ ਕੇ ਮਹਿਲਾਂ ਵਿਚ ਆਏ ਹੋ। ਹੁਕਮ ਹੋਵੇ ਤਾਂ ਚਿੰਤਾ ਦਾ ਕਾਰਨ ਦਾਸੀ ਪੁੱਛ ਸਕਦੀ ਹੈ ?"

ਮਹਾਰਾਜੇ ਨੇ ਕਿਹਾ "ਮਹਾਰਾਣੀ ! ਅੱਜ ਇਕ ਸਾਧੂ ਆਏ ਹਨ। ਉਨ੍ਹਾਂ ਇਕ ਸਵਾਲ ਕੀਤਾ ਹੈ ਜਿਸ ਦਾ ਹੱਲ ਮੇਰੇ ਕੋਲ ਨਹੀਂ ਅਤੇ ਨਾ ਹੀ ਕਿਸੇ ਅਹਿਲਕਾਰ ਜਾਂ ਦਰਬਾਰੀ ਕੋਲੋਂ ਹੀ ਮਿਲਿਆ ਹੈ। ਇਸ ਲਈ ਮੈਂ ਚਿੰਤਾਤੁਰ ਹਾਂ ਕਿ ਉਹ ਦੋ ਚੀਜ਼ਾਂ ਕੀ ਹਨ ਜੋ ਮੇਰੇ ਕੋਲ ਹਨ।" ਸਾਧੂ ਕਹਿੰਦੇ ਹਨ "ਰਾਜਨ ਤੇਰੇ ਕੋਲ ਦੋ ਹਨ ਇਕ ਮੈਨੂੰ ਦੇ ਦੇ।"

ਰਾਣੀ ਨੇ ਅਰਜ਼ ਕੀਤੀ "ਮਹਾਰਾਜ! ਜੇ ਹੁਕਮ ਹੋਵੇ ਤਾਂ ਦਾਸੀ ਆਪਣੀ ਬੁੱਧੀ ਅਨੁਸਾਰ ਖਿਆਲ ਪ੍ਰਗਟ ਕਰੇ।"

"ਹਾਂ ਦੱਸੋ"

"ਮਹਾਰਾਜ ! ਤੁਹਾਡੇ ਕੋਲ ਦੋ ਚੀਜ਼ਾਂ ਹਨ ਰਾਜ ਅਤੇ ਧਰਮ" ਰਾਣੀ ਨੇ ਕਿਹਾ।

ਮਹਾਰਾਜੇ ਨੇ ਰਾਣੀ ਦੀ ਸਿਆਣਪ ਦੀ ਦਾਦ ਦਿੱਤੀ ਅਤੇ ਕਹਿਣ ਲੱਗਾ

"ਬਿਲਕੁਲ ਠੀਕ। ਇਹੀ ਦੋ ਚੀਜ਼ਾਂ ਮੇਰੇ ਕੋਲ ਹਨ। ਇਹ ਦੱਸੋ ਕਿ ਮੈਂ ਕਿਹੜੀ ਚੀਜ਼ ਸਾਧੂ ਨੂੰ ਦਿਆਂ ਅਤੇ ਕਿਹੜੀ ਆਪਣੇ ਕੋਲ ਰੱਖਾਂ।"

ਰਾਣੀ ਨੇ ਸਲਾਹ ਦਿੱਤੀ "ਮਹਾਰਾਜ ! ਧਰਮ ਰੱਖੋ, ਰਾਜ ਦੇ ਦਿਓ।" ਰਾਜਾ ਇਹ ਸੁਣ ਕੇ ਬਹੁਤ ਖੁਸ਼ ਹੋਇਆ ਅਤੇ ਆਖਣ ਲੱਗਾ "ਮੈਂ ਕਿੰਨਾ ਖੁਸ਼-ਨਸੀਬ ਹਾਂ ਜਿਸ ਨੂੰ ਇਤਨੀ ਸੂਝਵਾਨ ਅਤੇ ਸਤਵੰਤੀ ਰਾਣੀ ਮਿਲੀ ਹੈ।"

ਰਾਜਾ ਵਾਪਿਸ ਦਰਬਾਰ ਵਿਚ ਆਇਆ। ਸੋਨੇ ਦਾ ਬਣਿਆ ਗੰਗਾਸਾਗਰ ਜਲ ਦਾ ਭਰਿਆ ਅਤੇ ਸਾਧੂ ਨੂੰ ਰਾਜ ਦੇਣ ਦਾ ਸੰਕਲਪ ਕਰਕੇ ਰਾਣੀ ਨੂੰ ਨਾਲ ਲੈ ਕੇ ਰਾਜਧਾਨੀ ਤੋਂ ਬਾਹਰ ਨਿਕਲ ਤੁਰਿਆ। ਥੋੜ੍ਹੀ ਦੂਰ ਹੀ ਚੱਲੇ ਸਨ ਕਿ ਰਾਣੀ ਦੇ ਪੈਰਾਂ ਵਿਚ ਛਾਲੇ ਪੈ ਗਏ, ਚੇਹਰਾ ਕੁਮਲਾ ਗਿਆ ਅਤੇ ਤੁਰਨ ਵਿਚ ਔਖਿਆਈ ਮਹਿਸੂਸ ਕਰਨ ਲੱਗੀ। ਰਾਜੇ ਨੂੰ ਰਾਣੀ ਦੀ ਇਹ ਹਾਲਤ ਦੇਖ ਕੇ ਦੁੱਖ ਹੋਇਆ। ਉਸਨੇ ਰਾਣੀ ਨੂੰ ਸਲਾਹ ਦਿੱਤੀ ਕਿ ਆਪਣੇ ਪਿਤਾ ਕੋਲ ਪੇਕੇ ਘਰ ਰਹਿਣ ਲੱਗ ਜਾਏ, ਜੰਗਲਾਂ ਵਿੱਚ ਮੇਰੇ ਨਾਲ ਦੁੱਖੀ ਹੋਵੇਂਗੀ। ਪਹਿਲਾ ਤਾਂ ਰਾਣੀ ਦੁੱਖ ਸੁੱਖ ਵਿਚ ਸਾਥ ਨਿਭਾਉਣ ਦੀ ਜ਼ਿੱਦ ਕਰਦੀ ਰਹੀ ਆਖਰ ਰਾਜਾ ਦੇ ਵਾਰ ਵਾਰ ਕਹਿਣ ਤੇ ਮੰਨ ਗਈ। ਰਾਜਾ ਉਸ ਨੂੰ ਆਪਣੇ ਸਹੁਰੇ ਘਰ ਛੱਡ ਆਇਆ। ਰਾਣੀ ਨੂੰ ਛੱਡ ਕੇ ਰਾਜਾ ਘਣੇ ਜੰਗਲਾਂ ਵਿਚ ਚਲਾ ਗਿਆ। ਉਸ ਨੂੰ ਪਿਆਸ ਬਹੁਤ ਸਤਾਉਣ ਲੱਗੀ। ਪਾਣੀ ਦੀ ਤਲਾਸ਼ ਵਿੱਚ ਇਕ ਉੱਚੇ ਬ੍ਰਿਛ ਤੇ ਚੜ੍ਹ ਗਿਆ ਤੇ ਆਸੇ ਪਾਸੇ ਦੇਖਣ ਲੱਗਾ। ਇਕ ਪਾਸੇ ਉਸਨੂੰ ਹਰੇ ਦਰਖਤਾਂ ਦਾ ਝੁੰਡ ਦਿਸਿਆ ਅਤੇ ਕੁਝ ਪੰਛੀਆਂ ਦੀਆਂ ਅਵਾਜ਼ਾਂ ਵੀ ਸੁਣਾਈ ਦਿੱਤੀਆਂ। ਰਾਜਾ ਉਧਰ ਨੂੰ ਚਲ ਪਿਆ। ਨੇੜੇ ਪਹੁੰਚ ਕੇ ਕੀ ਦੇਖਦਾ ਹੈ ਕਿ ਇਕ ਨਿਰਮਲ ਜਲ ਦਾ ਤਲਾਬ ਭਰਿਆ ਹੋਇਆ ਹੈ। ਰਾਜੇ ਨੇ ਪਾਣੀ ਪੀਤਾ, ਮੂੰਹ ਹੱਥ ਵੀ ਧੋਤੇ ਅਤੇ ਤਲਾਬ ਦੇ ਕਿਨਾਰੇ ਇਕ ਬ੍ਰਿਛ ਹੇਠ ਬੈਠ ਗਿਆ। ਕੁਝ ਅਰਾਮ ਕਰਨ ਤੋਂ ਬਾਅਦ ਜਲ ਛੱਕ ਕੇ ਤੁਰ ਪਿਆ। ਅਜੇ ਦੋ ਚਾਰ ਕਦਮ ਹੀ ਪੁੱਟੇ ਹੋਣਗੇ ਕਿ ਪਿਛੋਂ ਆਵਾਜ਼ ਆਈ "ਰਾਜਨ ! ਬਹੁਤ ਦੇਰ ਉਡੀਕਦੀ ਨੂੰ ਹੋ ਗਈ ਕਿ ਆਉਗੇ। ਜੇ ਆਏ ਹੋ ਤਾਂ ਤੱਕਿਆ ਵੀ ਨਹੀਂ। ਆਵਾਜ਼ ਸੁਣ ਕੇ ਰਾਜੇ ਨੇ ਪਿੱਛੇ ਮੁੜ ਕੇ ਦੇਖਿਆ ਤਾਂ ਇਕ ਔਰਤ ਜੋ ਪਾਣੀ ਦੇ ਵਿਚ ਗਲੇ ਤੱਕ ਡੁੱਬੀ ਖੜੀ ਸੀ

ਸਿਰਫ ਚੇਹਰਾ ਹੀ ਦਿਖਾਈ ਦਿੰਦਾ ਸੀ। ਰਾਜਾ ਰੁੱਕ ਗਿਆ ਅਤੇ ਪੁੱਛਣ ਲੱਗਾ "ਕਿ ਤੂੰ ਕੌਣ ਹੈ ਅਤੇ ਇਸ ਤਲਾਬ ਦੇ ਵਿਚ ਕਿਵੇਂ ਪ੍ਰਗਟ ਹੋਈ ਹੈਂ।"

ਰਾਜਨ! ਮੇਰੇ ਸਰੀਰ ਦੇ ਉਪਰ ਕਪੜਾ ਨਹੀਂ ਹੈ ਪਹਿਲਾਂ ਮੈਨੂੰ ਸਰੀਰ ਢੱਕਣ ਲਈ ਕੋਈ ਕਪੜਾ ਦਿਉ, ਫਿਰ ਮੈਂ ਬਾਹਰ ਆ ਕੇ ਦੱਸਾਂਗੀ ਮੈਂ ਕੌਣ ਹਾਂ।"

ਰਾਜੇ ਨੇ ਆਪਣੇ ਕੋਲ ਜੋ ਚਾਦਰ ਰੱਖੀ ਹੋਈ ਸੀ ਉਹ ਕਿਨਾਰੇ ਪਰ ਰੱਖ ਦਿੱਤੀ ਅਤੇ ਆਪ ਇਕ ਦਰੱਖਤ ਦੇ ਪਿੱਛੇ ਹੋ ਗਿਆ। ਔਰਤ ਬਦਨ ਉਪਰ ਚਾਦਰ ਲੈ ਕੇ ਰਾਜੇ ਕੋਲ ਆ ਕੇ ਧੰਨਵਾਦ ਕਰਨ ਲੱਗੀ ਤੇ ਕਿਹਾ "ਤੁਸੀਂ ਮੈਨੂੰ ਸਰੀਰ ਢੱਕਣ ਲਈ ਕਪੜਾ ਦਿੱਤਾ ਹੈ ਮੈਂ ਤੁਹਾਡੀ ਕੀ ਸੇਵਾ ਕਰ ਸਕਦੀ ਹਾਂ।"

"ਤੂੰ ਕਿਸ ਦੀ ਬੇਟੀ ਜਾਂ ਪਤਨੀ ਹੈਂ। ਪਹਿਲਾ ਆਪਣੇ ਬਾਰੇ ਦੱਸ" ਰਾਜੇ ਨੇ ਪ੍ਰਸ਼ਨ ਕੀਤਾ।

"ਸਮਾਂ ਆਉਣ ਉਤੇ ਮੈਂ ਆਪਣੇ ਬਾਰੇ ਸਭ ਕੁਝ ਦੱਸ ਦੇਵਾਂਗੀ ਪਰ ਇਸ ਸਮੇਂ ਮੈਂ ਤੁਹਾਡੀ ਸਹਾਇਤਾ ਕਰਨੀ ਹੈ ਅਤੇ ਤੁਹਾਡੇ ਨਾਲ ਰਹਿਣਾ ਹੈ। ਕੀ ਤੁਹਾਨੂੰ ਮਨਜ਼ੂਰ ਹੈ।" ਔਰਤ ਬੋਲੀ।

ਰਾਜੇ ਨੇ ਕਿਹਾ "ਜਿਵੇਂ ਤੁਹਾਡੀ ਇੱਛਾ ਹੈ।"

"ਅਸੀਂ ਜੰਗਲ ਵਿਚੋਂ ਨਿਕਲ ਕੇ ਬਾਹਰ ਇਕ ਨਗਰ ਵੱਸਦਾ ਹੈ ਉਥੇ ਚਲਦੇ ਹਾਂ ਤੁਸੀਂ ਮੇਰੇ ਨਾਲ ਤੁਰਦੇ ਆਉ" ਕਹਿੰਦੀ ਹੋਈ ਔਰਤ ਅੱਗੇ ਤੁਰ ਪਈ ਰਾਜਾ ਉਸ ਦੇ ਪਿੱਛੇ ਪਿੱਛੇ ਤੁਰ ਪਿਆ। ਰਸਤੇ ਵਿਚ ਰਾਜਾ ਪੁੱਛਦਾ ਹੈ "ਕਿ ਤੁਹਾਨੂੰ ਕਿਵੇਂ ਪਤਾ ਚੱਲਿਆ ਕਿ ਮੈਂ ਰਾਜੇ ਦਾ ਪੁੱਤਰ ਰਾਜਾ ਹਾਂ।"

"ਤੁਹਾਡੇ ਬੋਲਣ ਦੇ ਸਲੀਕੇ ਤੋਂ ਚੇਹਰੇ ਅਤੇ ਸਰੀਰ ਉਤੇ ਪਹਿਨੇ ਕਪੜਿਆਂ ਤੋਂ ਮਹਿਸੂਸ ਹੁੰਦਾ ਹੈ ਕਿ ਤੁਸੀਂ ਰਾਜਾ ਹੋ" ਔਰਤ ਬੋਲੀ। ਫਿਰ ਰਾਜੇ ਨੂੰ ਸਵਾਲ ਕਰਦੀ ਹੈ "ਕਿ ਤੁਸੀਂ ਰਾਜਾ ਹੋ ਕੇ ਇਕੱਲੇ ਹੀ ਇਸ ਜੰਗਲ ਵਿਚ ਕਿਸ ਤਰ੍ਹਾਂ ਭਟਕਦੇ ਫਿਰਦੇ ਹੋ। ਕੀ ਤੁਹਾਡੇ ਨਾਲ ਕੋਈ ਅਣਹੋਣੀ ਹੋਈ ਹੈ।"

ਰਾਜਾ ਨੇ ਆਪਣੀ ਸਾਰੀ ਵਾਰਤਾ ਧਰਮ ਰੱਖਣ ਅਤੇ ਰਾਜ ਛੱਡਣ ਦੀ ਸੁਣਾ ਦਿੱਤੀ।

ਔਰਤ ਬੋਲੀ "ਮੇਰੇ ਧੰਨ ਭਾਗ ਜਿਸ ਨੂੰ ਇਹੋ ਜਿਹੇ ਧਰਮਾਤਮਾ, ਧਰਮੀ ਰਾਜੇ ਦੀ ਸੇਵਾ ਦਾ ਮੌਕਾ ਮਿਲਿਆ ਹੈ। ਪਰ ਮੈਨੂੰ ਬਚਨ ਦਿਉ ਕਿ ਮੈਂ ਜੋ ਕੰਮ

ਕਹਾਂਗੀ ਉਹ ਤੁਹਾਨੂੰ ਕਰਨਾ ਪਵੇਗਾ। ਕਿਸੇ ਵੀ ਤਰ੍ਹਾਂ ਦਾ ਕਿਤੂੰ ਪਰੰਤੂ ਨਹੀਂ ਕਰਨਾ।"

ਰਾਜਾ ਤਾਂ ਪਹਿਲਾਂ ਹੀ ਬਚਨ ਦਾ ਪੁਜਾਰੀ ਸੀ ਉਸ ਨੇ ਕਿਹਾ "ਤੁਸੀਂ ਜੋ ਆਖੋਗੇ ਮੈਂ ਉਹ ਹੀ ਕਰਾਂਗਾ।"

ਹੁਣ ਔਰਤ ਨੇ ਇਕ ਅਗੂੰਠੀ ਦਿੱਤੀ ਅਤੇ ਕਿਹਾ "ਜਾਉ ਇਸ ਅਗੂੰਠੀ ਦੀ ਕੀਮਤ ਸਵਾ ਲੱਖ ਹੈ ਇਸ ਨੂੰ ਬਜ਼ਾਰ ਵਿਚ ਵੇਚ ਆਉ। ਇਸ ਦੇ ਪੈਸਿਆਂ ਨਾਲ ਇਕ ਮਕਾਨ ਕਿਰਾਏ ਉਪਰ ਐਸਾ ਲੈਣਾ ਜੋ ਰਾਜਿਆਂ ਮਹਾਰਾਜਿਆਂ ਦੇ ਰਹਿਣ ਵਾਲਾ ਹੋਏ। ਜਿਸ ਦੇ ਅੰਦਰ ਰੌਸ਼ਨੀ ਦਾ ਪ੍ਰਬੰਧ ਹੋਵੇ। ਮੇਰੇ ਪਹਿਨਣ ਲਈ ਬਸਤਰ ਤਿਆਰ ਕਰਵਾ ਲੈਣਾ ਅਤੇ ਕੁਝ ਚੀਜ਼ਾਂ ਖਾਣ ਪੀਣ ਲਈ ਖਰੀਦ ਲੈਣੀਆਂ। ਫਿਰ ਮੈਨੂੰ ਇਥੋਂ ਆ ਕੇ ਲੈ ਜਾਣਾ। ਮੈਂ ਤੁਹਾਡੀ ਉਡੀਕ ਕਰਾਂਗੀ।"

ਰਾਜਾ ਪ੍ਰਣ ਦਿੱਤਾ ਕਰਕੇ ਕੁਝ ਬੋਲ ਨਹੀਂ ਸਕਦਾ ਸੀ ਉਹ ਚੁੱਪ ਕਰ ਕੇ ਅਗੂੰਠੀ ਲੈ ਕੇ ਤੁਰ ਪਿਆ। ਸ਼ਹਿਰ ਵਿਚ ਜਾ ਕੇ ਉਸ ਨੇ ਅਗੂੰਠੀ ਵੇਚੀ ਅਤੇ ਮਕਾਨ ਕਿਰਾਏ ਦਾ ਲੈ ਕੇ ਕਪੜੇ ਤੇ ਖਾਣ ਪੀਣ ਦੀਆਂ ਚੀਜ਼ਾਂ ਲੈ ਕੇ ਰਾਣੀ ਔਰਤ ਕੋਲ ਆ ਗਿਆ। ਰਾਣੀ ਔਰਤ ਨੇ ਕਪੜੇ ਪਹਿਨੇ ਅਤੇ ਕੁਝ ਖਾ ਪੀ ਕੇ ਦੋਨੋਂ ਜਣੇ ਮਕਾਨ ਵੱਲ ਚੱਲ ਪਏ। ਮਕਾਨ ਵਿਚ ਰਹਿਣ ਦੇ ਚਾਰ ਕੁ ਦਿਨ ਬੀਤਣ ਤੋਂ ਬਾਅਦ ਔਰਤ ਰਾਣੀ ਨੇ ਰਾਜੇ ਨੂੰ ਕਿਹਾ, "ਤੁਸੀਂ ਨਗਰੀ ਦੇ ਰਾਜ ਦਰਬਾਰ ਵਿਚ ਜਾਇਆ ਕਰੋ। ਜਦੋਂ ਰਾਜਾ ਪੁੱਛੇ ਕਿ ਤੁਸੀਂ ਨੌਕਰੀ ਕਰਨੀ ਹੈ ਤਾਂ ਇਹੀ ਕਹਿਣਾ ਕਿ ਨੌਕਰੀ ਤਾਂ ਕਰਨੀ ਹੈ ਪਰ ਤੁਹਾਡੇ ਕੋਲ ਰਹਿਣ ਦੀ ਨੌਕਰੀ ਕਰਨੀ ਹੈ।"

ਇਹ ਸੁਣ ਕੇ ਇਹ ਰਾਜਾ ਉਥੋਂ ਦੇ ਰਾਜ ਦਰਬਾਰ ਵਿਚ ਰੋਜ਼ ਜਾਣ ਲੱਗ ਪਿਆ। ਇੱਕ ਦਿਨ ਨਗਰੀ ਦੇ ਬਾਦਸ਼ਾਹ ਨੇ ਪੁੱਛਿਆ ਤੂੰ ਰੋਜ਼ ਆਉਂਦਾ ਹੈ ਕੀ ਕੋਈ ਨੌਕਰੀ ਕਰਨੀ ਹੈ। ਰਾਜੇ ਨੇ ਕਿਹਾ "ਹਾਂ ਜੀ ਨੌਕਰੀ ਤਾਂ ਕਰਨੀ ਹੈ ਪਰ ਤੁਹਾਡੇ ਕੋਲ ਰਹਿਣ ਵਾਲੀ।"

ਬਾਦਸ਼ਾਹ ਨੇ ਉਸ ਨੂੰ ਆਪਣਾ ਮਸਾਹਿਬ (ਸਲਾਹਕਾਰ) ਬਣਾ ਲਿਆ। ਰਾਜਾ ਸਮੇਂ ਸਮੇਂ ਨਾਲ ਸਲਾਹ ਦਿੰਦਾ ਰਹਿੰਦਾ ਕਿਉਂਕਿ ਇਕ ਤਾਂ ਰਾਜਾ ਸੀ

ਦੂਸਰਾ ਧਰਮਾਤਮਾ ਅਤੇ ਸੀਂਖਸ਼ਣ ਬੁੱਧੀ ਦਾ ਮਾਲਕ ਸੀ। ਕਿਸੇ ਵੀ ਔਕੜ ਦਾ ਹੱਲ ਲੱਭਣ ਵਿਚ ਉਸ ਨੂੰ ਦਿੱਕਤ ਨਾ ਆਉਂਦੀ। ਵਿਦਵਾਨ, ਬੁੱਧੀਮਾਨ, ਚਤੁਰ ਦੇਖ ਕੇ ਬਾਦਸ਼ਾਹ ਨੇ ਛੇਤੀ ਹੀ ਉਸ ਨੂੰ ਆਪਣਾ ਵਜ਼ੀਰ ਬਣਾ ਲਿਆ। ਦੂਜੇ ਅਹਿਲਕਾਰਾਂ ਨੂੰ ਰਾਜੇ ਦਾ ਵਜ਼ੀਰ ਬਣਨਾ ਰੜਕਣ ਲੱਗਾ। ਉਨ੍ਹਾਂ ਸੋਚਿਆ ਕਿ ਕਿਉਂ ਨਾ ਬਾਦਸ਼ਾਹ ਕੋਲ ਇਸ ਨੂੰ ਨੀਵਾ ਦਿਖਾਇਆ ਜਾਵੇ। ਅਹਿਲਕਾਰਾਂ ਨੇ ਬਾਦਸ਼ਾਹ ਨੂੰ ਅਰਜ਼ ਕੀਤੀ "ਮਹਾਰਾਜ ! ਵਜ਼ੀਰ ਸਾਹਿਬ ਦੀ ਘਰ ਵਾਲੀ ਅਤੀ ਚਲਾਕ ਅਤੇ ਸੁੰਦਰ ਹੈ।"

ਬਾਦਸ਼ਾਹ ਮਨ ਵਿਚ ਮੈਲ ਲੈ ਕੇ ਵਜ਼ੀਰ ਰਾਜਾ ਨੂੰ ਕਹਿਣ ਲੱਗਾ "ਵਜ਼ੀਰ ਸਾਹਿਬ ਆਪ ਨੂੰ ਮੇਰੇ ਵੱਲੋਂ ਮਹਿਲਾਂ ਵਿਚ ਖਾਣੇ ਦੀ ਦਾਅਵਤ ਹੈ। ਤੁਸੀਂ ਮੇਰੇ ਨਾਲ ਪ੍ਰਸ਼ਾਦ ਛਕੋਗੇ ਅਤੇ ਤੁਹਾਡੇ ਘਰ ਵਾਲੀ ਰਾਣੀ ਸਾਹਿਬਾਂ ਨਾਲ ਭੋਜਨ ਛਕੇਗੀ।"

ਮਹਿਲਾਂ ਵਿਚ ਪ੍ਰਸ਼ਾਦ ਛੱਕਣ ਦੀ ਵਜ਼ੀਰ ਰਾਜਾ ਨੂੰ ਖੁਸ਼ੀ ਤਾਂ ਬਹੁਤ ਹੋਈ ਪਰ ਦਿਲ ਵਿਚ ਨਿਰਾਸ਼ਤਾ ਵੀ ਹੋਈ ਕਿ ਅਸੀਂ ਤਾਂ ਬਾਦਸ਼ਾਹ ਦੀ ਦਾਹਵਤ ਦਾ ਪ੍ਰਸਾਦ ਛੱਕ ਲਵਾਂਗੇ, ਪਰ ਜੇ ਬਾਦਸ਼ਾਹ ਤੇ ਉਸ ਦੇ ਅਹਿਲਕਾਰਾਂ ਨੂੰ ਭੋਜਨ ਕਰਵਾਉਣਾ ਪਿਆ ਅਸੀਂ ਕਿਵੇਂ ਕਰਵਾਂਗੇ, ਬਾਦਸ਼ਾਹ ਦੇ ਖਾਣੇ ਦੀ ਦਾਅਵਤ ਵਜ਼ੀਰ ਰਾਜਾ ਨੇ ਘਰ ਜਾ ਕੇ ਰਾਣੀ ਨੂੰ ਸੁਣਾਈ ਅਤੇ ਆਪਣੀ ਚਿੰਤਾ ਬਾਰੇ ਵੀ ਦੱਸਿਆ।

ਰਾਣੀ ਨੇ ਕਿਹਾ "ਤੁਸੀਂ ਫਿਕਰ ਨਾ ਕਰੋ ਮੈਂ ਸਭ ਤਰ੍ਹਾਂ ਦਾ ਪ੍ਰਬੰਧ ਕਰ ਦਿਆਂਗੀ। ਅਸੀਂ ਬਾਦਸ਼ਾਹ ਦੇ ਖਾਣਾ ਵੀ ਖਾਣ ਜਾਵਾਂਗੇ। ਬਾਦਸ਼ਾਹ ਦੀ ਦਾਅਵਤ ਤੇ ਦੋਨੋਂ ਮਹਿਲਾਂ ਵਿਚ ਪਹੁੰਚ ਗਏ। ਵਜ਼ੀਰ ਰਾਜਾ ਅਹਿਲਕਾਰਾਂ ਅਤੇ ਬਾਦਸ਼ਾਹ ਨਾਲ ਭੋਜਨ ਕਰਨ ਲੱਗਾ ਅਤੇ ਔਰਤ ਰਾਣੀ ਮਹਾਰਾਣੀ ਨਾਲ ਚਲੀ ਗਈ। ਜਿਸ ਤਰ੍ਹਾਂ ਅਹਿਲਕਾਰਾ ਨੇ ਬਾਦਸ਼ਾਹ ਨੂੰ ਪੱਟੀ ਪੜ੍ਹਾਈ ਸੀ ਉਸ ਦੇ ਉਲਟ ਬਾਦਸ਼ਾਹ ਅੱਖ ਉੱਚੀ ਕਰਕੇ ਵੀ ਨਾ ਦੇਖ ਸਕਿਆ। ਭੋਜਨ ਕਰਨ ਤੋਂ ਬਾਅਦ ਰਾਣੀ ਔਰਤ ਨੇ ਵਜ਼ੀਰ ਰਾਜਾ ਨੂੰ ਕਿਹਾ ਕਿ "ਬਾਦਸ਼ਾਹ ਨੂੰ ਵੀ ਆਪਣੀ ਤਰਫ ਤੋਂ ਪਰਸੋਂ ਸ਼ਾਮ ਦੇ ਖਾਣੇ ਦਾ ਸੱਦਾ ਦੇ ਦਿਉ। ਅਰਜ ਕਰਨਾ ਕਿ ਸੁਭਾ ਅੱਠ ਵਜੇ ਪਹਿਲਾ ਹਜ਼ੂਰ ਦਾ ਅਮਲਾ ਪ੍ਰਸ਼ਾਦ ਛਕਣਗੇ। ਉਸ ਤੋਂ ਬਾਅਦ ਅਹਿਲਕਾਰ

ਆਉਣ ਫਿਰ ਬਾਦਸ਼ਾਹ ਗਰੀਬਖਾਨੇ ਵਿਚ ਪਵਿੱਤਰ ਚਰਨ ਪਾਉਣ ਅਤੇ ਪ੍ਰਸ਼ਾਦ ਛੱਕਣ।"

ਵਜ਼ੀਰ ਰਾਜਾ ਨੇ ਬਾਦਸ਼ਾਹ ਅੱਗੇ ਅਰਜ ਕਰ ਦਿੱਤੀ ਅਤੇ ਉਨ੍ਹਾਂ ਮਨਜ਼ੂਰ ਕਰ ਲਈ। ਤੀਸਰੇ ਦਿਨ ਸਵੇਰੇ ਹੀ ਵਜ਼ੀਰ ਰਾਜਾ ਬਾਦਸ਼ਾਹ ਨੂੰ ਖਾਣੇ ਬਾਰੇ ਬੇਨਤੀ ਕਰਕੇ ਘਰ ਆ ਗਿਆ। ਏਧਰ ਔਰਤ ਰਾਣੀ ਨੇ ਰਾਜੇ ਨੂੰ ਕਿਹਾ "ਆਉ ਇਸ ਕੋਠੜੀ ਵਿਚ ਦਰੀਆਂ ਵਛਾਉਣੇ, ਕੱਢ ਕੇ ਅਮਲੇ ਲਈ ਵਿਛਾ ਦੇਈਏ। ਉਨ੍ਹਾਂ ਕੋਠੜੀ ਖੋਲ੍ਹੀ ਤਾਂ ਵਜ਼ੀਰ ਰਾਜਾ ਕੀ ਦੇਖਦਾ ਹੈ ਕਿ ਕੋਠੜੀ ਦਰੀਆ ਨਾਲ ਭਰੀ ਪਈ ਸੀ ਹੈਰਾਨਗੀ ਨਾਲ ਉਸ ਨੇ ਦਰੀਆਂ ਕੱਢੀਆਂ ਅਤੇ ਵਿਛਾਉਣੀਆਂ ਸ਼ੁਰੂ ਕਰ ਦਿੱਤੀਆਂ। ਪਰ ਪ੍ਰਣ ਕਰਨ ਕਰਕੇ ਪੁਛ ਕੁਝ ਵੀ ਨਹੀਂ ਸਕਦਾ ਸੀ। ਬਾਦਸ਼ਾਹ ਦਾ ਅਮਲਾ ਪਹੁੰਚ ਗਿਆ ਅਤੇ ਦਰੀਆਂ ਉਪਰ ਬੈਠ ਗਿਆ ਔਰਤ ਰਾਣੀ ਬੋਲੀ "ਵਜ਼ੀਰ ਰਾਜਾ ਮੈਂ ਕੋਠੜੀ ਵਿਚੋਂ ਥਾਲ ਫੜਾਵਾਂਗੀ ਤੁਸੀਂ ਅੱਗੇ ਪਰੋਸੀ ਜਾਣੇ।"

ਔਰਤ ਰਾਣੀ ਪਰਦਾ ਚੁੱਕ ਅੰਦਰ ਚਲੀ ਗਈ ਅਤੇ ਪਰਦੇ ਦੇ ਪਿੱਛੋਂ ਭੋਜਨ ਨਾਲ ਭਰੇ ਹੋਏ ਚਾਂਦੀ ਦੇ ਥਾਲ ਅਤੇ ਸ਼ਰਬਤ ਦੇ ਭਰੇ ਹੋਏ ਗਲਾਸ ਵਜ਼ੀਰ ਰਾਜਾ ਨੂੰ ਫੜਾ ਦਿੰਦੀ ਤੇ ਉਹ ਅੱਗੇ ਅਮਲੇ ਦੇ ਮੈਂਬਰਾਂ ਨੂੰ ਪਰੋਸੀ ਜਾਂਦਾ। ਜਦ ਸਭ ਨੇ ਭੋਜਨ ਛੱਕ ਲਿਆ ਤਾਂ ਅੰਦਰੋਂ ਔਰਤ ਰਾਣੀ ਨੇ ਆਵਾਜ਼ ਦਿੱਤੀ ਕਿ "ਵਜ਼ੀਰ ਰਾਜਾ! ਜੋ ਥਾਲ ਤੇ ਗਲਾਸ ਭੋਜਨ ਛੱਕਣ ਲਈ ਅਮਲੇ ਨੂੰ ਦਿੱਤੇ ਹਨ ਇਹ ਇਨ੍ਹਾਂ ਦੀ ਨਜ਼ਰ ਹੈ। ਇਨ੍ਹਾਂ ਨੂੰ ਕਹੋ ਕਿ ਸਭ ਥਾਲ ਅਤੇ ਗਲਾਸ ਆਪਣੇ ਨਾਲ ਹੀ ਲੈ ਜਾਣ।"

ਵਜ਼ੀਰ ਰਾਜਾ ਨੇ ਸਾਰੇ ਅਮਲੇ ਨੂੰ ਬਰਤਨ ਲੈ ਕੇ ਜਾਣ ਦੀ ਅਰਜ਼ ਕਰ ਦਿੱਤੀ। ਸਾਰੇ ਆਪਣੇ ਆਪਣੇ ਬਰਤਨ ਲੈ ਗਏ।

ਉਨ੍ਹਾਂ ਤੋਂ ਬਾਅਦ ਅਹਿਲਕਾਰ ਖਾਣੇ ਲਈ ਪਹੁੰਚ ਗਏ। ਉਸੇ ਤਰ੍ਹਾਂ ਔਰਤ ਰਾਣੀ ਨੇ ਅੰਦਰੋਂ ਪਰਦੇ ਨਾਲ ਸੋਨੇ ਦੇ ਥਾਲ ਅਤੇ ਸ਼ਰਬਤ ਭਰੇ ਗਲਾਸ ਅਤੇ ਛੱਤੀ ਪ੍ਰਕਾਰ ਦੇ ਭੋਜਨ ਪ੍ਰੋਸ ਦਿੱਤੇ ਅਤੇ ਉਸੇ ਹੀ ਤਰ੍ਹਾਂ ਥਾਲ ਅਤੇ ਗਲਾਸ ਅਹਿਲਕਾਰਾਂ ਦੀ ਨਜ਼ਰ ਕਰ ਦਿੱਤੇ। ਅਹਿਲਕਾਰਾਂ ਦੇ ਜਾਣ ਤੋਂ ਬਾਅਦ ਬਾਦਸ਼ਾਹ ਅਤੇ ਮਹਾਰਾਣੀ ਖਾਣੇ ਲਈ ਆਏ। ਬਾਦਸ਼ਾਹ ਲਈ ਇਕ ਕਮਰਾ ਕਿਰਾਏ ਵਾਲੇ

ਮਕਾਨ ਵਿਚੋਂ ਹੀਰੇ ਮੋਤੀਆਂ ਨਾਲ ਜੜਿਆਂ ਫਰਸ਼ ਤੇ ਮੇਜ ਕੁਰਸੀਆਂ ਵਾਲਾ ਖੋਲ੍ਹਿਆ ਗਿਆ। ਰੌਸ਼ਨੀ ਵਾਲੇ ਕਮਰੇ ਵਿੱਚ ਬਾਦਸ਼ਾਹ ਨੂੰ ਬਿਠਾਇਆ ਗਿਆ। ਮਹਾਰਾਜਾ ਦੇਖ ਕੇ ਹੈਰਾਨ ਤਾਂ ਹੋ ਰਿਹਾ ਸੀ ਕਿ ਮੇਰਾ ਵਜ਼ੀਰ ਬਹੁਤ ਅਮੀਰ ਕਿਸ ਤਰ੍ਹਾਂ ਹੈ ਇਸ ਨੇ ਤਾਂ ਮੇਰੇ ਮਹਿਲ ਵਿਚ ਨੌਕਰੀ ਕੀਤੀ ਹੈ ਕੋਈ ਬੇਇਮਾਨੀ ਵੀ ਨਹੀਂ ਕੀਤੀ। ਬਾਦਸ਼ਾਹ ਸੋਚਾਂ ਵਿਚ ਡੁੱਬਿਆ ਹੋਇਆ ਸੀ ਕਿ ਔਰਤ ਰਾਣੀ ਨੇ ਹੀਰੇ ਮੋਤੀਆਂ ਜੜਾਉ ਥਾਲ ਛੱਤੀ ਪ੍ਰਕਾਰ ਦੀਆਂ ਮਠਿਆਈਆਂ ਅਤੇ ਭੋਜਨ ਨਾਲ ਭਰਿਆ ਵੱਡੇ ਅਕਾਰ ਦਾ ਹੀਰਿਆ ਜੜਤ ਰੁਮਾਲ ਨਾਲ ਢੱਕਿਆ ਹੋਇਆ ਬਾਦਸ਼ਾਹ ਅੱਗੇ ਪੇਸ਼ ਕੀਤਾ। ਰਾਜਾ ਵਜ਼ੀਰ ਨੇ ਬਾਦਸ਼ਾਹ ਦੇ ਅੱਗੇ ਮੇਜ ਉਪਰ ਪਰੋਸ ਦਿੱਤਾ। ਜਦ ਵਜ਼ੀਰ ਨੇ ਰੁਮਾਲ ਚੁੱਕ ਕੇ ਬਾਦਸ਼ਾਹ ਨੂੰ ਭੋਜਨ ਛੱਕਣ ਲਈ ਕਿਹਾ ਤਾਂ ਬਾਦਸ਼ਾਹ ਸਜਾਵਟ ਦੇਖ ਕੇ ਹੈਰਾਨ ਹੋ ਰਿਹਾ ਸੀ ਅਤੇ ਸਭ ਕੁਝ ਦੇਖ ਕੇ ਆਪਣੀ ਸ਼ੁਧ ਬੁਧ ਗਵਾ ਬੈਠਾ ਉਸ ਨੂੰ ਸਮਝ ਨ ਆਵੇ ਕਿ ਮੈਂ ਇਹ ਕੀ ਕੁਝ ਦੇਖ ਰਿਹਾ ਹਾਂ ਜੋ ਮੈਂ ਬਾਦਸ਼ਾਹ ਹੁੰਦੇ ਹੋਏ ਵੀ ਨਹੀਂ ਦੇਖ ਸਕਿਆ। ਇਤਨੇ ਨੂੰ ਔਰਤ ਰਾਣੀ ਰਾਜੇ ਦੇ ਸਾਹਮਣੇ ਆ ਕੇ ਬੇਨਤੀ ਕਰਨ ਲੱਗੀ "ਬਾਦਸ਼ਾਹ ! ਤੁਸੀਂ ਸਾਡੇ ਅੰਨ ਦਾਤਾ ਹੋ ਅਸੀਂ ਤੁਹਾਡੇ ਗੁਲਾਮ ਹਾਂ ਤੁਸੀਂ ਭੋਜਨ ਨਹੀਂ ਛੱਕਦੇ, ਕੀ ਪਸੰਦ ਨਹੀਂ। ਜੇ ਠੀਕ ਨਹੀਂ ਲੱਗਿਆ ਤਾਂ ਹੋਰ ਭੋਜਨ ਤਿਆਰ ਕਰ ਦਿੰਦੇ ਹਾਂ।" ਬਾਦਸ਼ਾਹ ਨੇ ਔਰਤ ਰਾਣੀ ਦੀ ਬੇਨਤੀ ਸੁਣ ਕੇ ਥੋੜ੍ਹਾ ਸ਼ਰਮਸਾਰ ਜਿਹਾ ਹੋ ਕੇ ਇਕ ਚਮਚ ਥਾਲ ਵਿਚੋਂ ਭਰ ਕੇ ਛੱਕ ਲਿਆ। ਚੁੱਪ ਚਾਪ ਉਠ ਕੇ ਮਹਿਲਾਂ ਵਿਚ ਚਲਾ ਗਿਆ। ਉਦਾਸ ਜਿਹਾ ਹੋ ਕੇ ਪਲੰਘ ਉਪਰ ਲੇਟ ਗਿਆ। ਉਸ ਦੀ ਉਦਾਸੀ ਦੇਖ ਕੇ ਰਾਣੀ ਨੇ ਬੇਨਤੀ ਕੀਤੀ "ਬਾਦਸ਼ਾਹ ਸਲਾਮਤ ਵਜ਼ੀਰ ਦੇ ਘਰ ਤੋਂ ਖਾਣਾ ਵਿਚੇ ਹੀ ਛੱਡ ਕੇ ਆ ਕੇ ਉਦਾਸ ਲੱਗ ਰਹੇ ਹੋ ਕੀ ਗੱਲ ਹੈ।"

ਬਾਦਸ਼ਾਹ ਬੋਲਿਆ "ਰਾਣੀ ਸਾਹਿਬ ! ਰਾਜਿਆਂ ਦਾ ਧਰਮ ਹੁੰਦਾ ਹੈ ਕਿ ਜਦੋਂ ਵੀ ਕੋਈ ਰਾਜਾ ਕਿਸੇ ਹੋਰ ਰਾਜੇ ਜਾਂ ਵਜ਼ੀਰ ਅਹਿਲਕਾਰ ਦੇ ਘਰ ਜਾ ਕੇ ਆਵੇ ਤਾਂ ਕੁਝ ਉਸ ਨੂੰ ਇਨਾਮ, ਨਜ਼ਰਾਨਾ ਦੇ ਕੇ ਆਵੇ। ਪਰ ਮੈਂ ਵਜ਼ੀਰ ਨੂੰ ਕੀ ਦੇ ਸਕਦਾ ਹਾਂ ਉਸ ਦੇ ਘਰ ਤਾਂ ਇਹੋ ਜਿਹੀਆਂ ਅਮੋਲਕ ਚੀਜ਼ਾਂ ਪਈਆਂ ਹਨ ਜੋ ਮੇਰੇ ਤੋਸ਼ੇਖਾਨੇ ਤੇ ਜਲੋਖਾਨੇ ਵਿਚ ਮੌਜੂਦ ਨਹੀਂ। ਮੈਨੂੰ ਇਹ ਚਿੰਤਾ ਵੱਡ ਵੱਡ ਖਾ ਰਹੀ ਹੈ ਕਿ ਮੈਂ ਵਜ਼ੀਰ ਨੂੰ ਕੀ ਭੇਟਾਂ ਦੇਵਾਂ।"

ਰਾਣੀ ਆਪਣੇ ਕ੍ਰਮ ਧਰਮ ਵਿਚ ਪੂਰਨ ਸੀ। ਜੋ ਇਸਤਰੀ ਜਾਂ ਪੁਰਸ਼ ਆਪਣੇ ਕਰਮ ਧਰਮ ਵਿਚ ਪੂਰਨ ਹੈ ਸੰਕਟ ਵੇਲੇ ਪ੍ਰਮਾਤਮਾ ਉਸ ਦੀ ਸਹਾਇਤਾ ਕਰਦਾ ਹੈ। ਰਾਣੀ ਬੋਲੀ "ਬਾਦਸ਼ਾਹ ! ਸਾਰੀਆਂ ਚੀਜ਼ਾਂ ਤੋਂ ਉਪਰ ਕੰਨਿਆ ਦਾਨ ਹੈ। ਜੇ ਆਪਣੇ ਕੋਲ ਉਸ ਤੋਂ ਵੱਧ ਕੋਈ ਚੀਜ਼ ਨਹੀਂ ਤਾਂ ਆਪਾ ਉਸ ਨੂੰ ਧੀ ਦੀ ਡੋਲੀ ਦੇ ਦਿੰਦੇ ਹਾਂ।"

ਰਾਜੇ ਨੂੰ ਕੁਝ ਸ਼ਾਂਤੀ ਆਈ ਕਿ ਮੈਂ ਧਰਮ ਨਹੀਂ ਹਾਰ ਸਕਦਾ। ਸਵੇਰੇ ਇਸ਼ਨਾਨ ਕਰਕੇ ਪੂਜਾ ਪਾਠ ਕਰਕੇ ਰਾਜਾ ਦਰਬਾਰ ਵਿਚ ਆਇਆ। ਉਸ ਨੇ ਵਜ਼ੀਰ ਨੂੰ ਬੁਲਾਇਆ ਅਤੇ ਕਹਿਣ ਲੱਗਾ "ਵਜ਼ੀਰ ਸਾਹਿਬ ! ਅਸੀਂ ਤੁਹਾਡੇ ਘਰ ਭੋਜਨ ਕਰਕੇ ਆਏ ਹਾਂ। ਉਸ ਦੀ ਬਦੋਲਤ ਅਸੀਂ ਤੁਹਾਨੂੰ ਕੋਈ ਨਜ਼ਰਾਨਾ ਪੇਸ਼ ਕਰਨਾ ਸੀ ਪਰ ਕੀ ਕਰੀਏ ਜੋ ਕੁਝ ਤੁਹਾਡੇ ਕੋਲ ਹੈ ਉਸ ਤੋਂ ਉਪਰ ਸਾਡੇ ਰਾਜ ਵਿਚ ਕੋਈ ਪਦਾਰਥ ਨਹੀਂ ਹੈ। ਹੁਣ ਸਾਡਾ ਧਰਮ ਹੈ ਕਿ ਅਸੀਂ ਕੋਈ ਨਜ਼ਰਾਨਾ ਜ਼ਰੂਰ ਦੇਈਏ ਨਹੀਂ ਤਾਂ ਸਾਡਾ ਧਰਮ ਹਾਰਦਾ ਹੈ। ਹੁਣ ਮੇਰੀ ਅਤੇ ਮਹਾਰਾਣੀ ਦੀ ਸਲਾਹ ਹੈ ਕਿ ਤੁਹਾਨੂੰ ਆਪਣੀ ਲੜਕੀ ਦਾ ਰਿਸ਼ਤਾ ਦੇ ਦੇਈਏ। ਰਾਜਕੁਮਾਰੀ ਤੋਂ ਵੱਡੀ ਚੀਜ਼ ਸਾਡੇ ਕੋਲ ਕੋਈ ਨਹੀਂ ਹੈ। ਤੁਸੀਂ ਇਸ ਨਜ਼ਰ ਨੂੰ ਮਨਜ਼ੂਰ ਕਰੋ।

ਵਜ਼ੀਰ ਨੇ ਕਿਹਾ, "ਬਾਦਸ਼ਾਹ ਮੈਂ ਆਪਣੇ ਘਰ ਔਰਤ ਰਾਣੀ ਨਾਲ ਸਲਾਹ ਮਸ਼ਵਰਾ ਕਰ ਆਵਾਂ।"

ਵਜ਼ੀਰ ਘਰ ਪਹੁੰਚ ਗਿਆ ਅਤੇ ਔਰਤ ਰਾਣੀ ਨੂੰ ਆਖਣ ਲੱਗਾ, "ਕਿ ਬਾਦਸ਼ਾਹ ਨੇ ਮੇਰੇ ਅੱਗੇ ਨਜ਼ਰਾਨੇ ਦੇ ਤੌਰ ਤੇ ਆਪਣੀ ਰਾਜਕੁਮਾਰੀ ਦਾ ਡੋਲਾ ਰੱਖਿਆ ਹੈ। ਇਸ ਵਿਚ ਤੁਹਾਡੀ ਕੀ ਇੱਛਾ ਹੈ।"

ਔਰਤ ਰਾਣੀ ਬਹੁਤ ਖੁਸ਼ ਹੋਈ ਅਤੇ ਬੋਲੀ "ਇਸ ਤੋਂ ਚੰਗੀ ਸੋਗਾਤ ਕੀ ਹੋ ਸਕਦੀ ਹੈ। ਇਸ ਨੂੰ ਸਵੀਕਾਰ ਕਰ ਲਵੋ।"

ਰਾਜੇ ਦਾ ਮੁੰਡਾ ਹੋਣ ਕਰਕੇ ਬਾਦਸ਼ਾਹ ਦਾ ਰਿਸ਼ਤਾ ਜੋੜਨ ਵਿੱਚ ਉਸ ਵਜ਼ੀਰ ਨੂੰ ਖੁਸ਼ੀ ਸੀ ਪਰ ਉਹ ਔਰਤ ਰਾਣੀ ਦੀ ਸਹਿਮਤੀ ਚਾਹੁੰਦਾ ਸੀ। ਕਿਉਂਕਿ ਇਹ ਸਭ ਕੁਝ ਉਸ ਦੀ ਕ੍ਰਿਪਾ ਨਾਲ ਹੀ ਮਿਲ ਰਿਹਾ ਸੀ। ਵਜ਼ੀਰ ਨੇ ਵਾਪਿਸ ਮਹਿਲਾਂ ਵਿਚ ਜਾ ਕੇ ਸਹਿਮਤੀ ਦੇ ਦਿੱਤੀ। ਬਾਦਸ਼ਾਹ ਨੇ ਸਾਰੇ ਅਹਿਲਕਾਰਾਂ ਅਤੇ ਦਰਬਾਰੀਆਂ ਦੇ ਸਾਹਮਣੇ ਭਰੀ ਸਭਾ ਵਿਚ ਵਜ਼ੀਰ ਨੂੰ ਰਾਜਕੁਮਾਰੀ ਦਾ

ਰਿਸ਼ਤਾ ਦੇਣ ਦਾ ਐਲਾਨ ਕਰਦੇ ਹੋਏ ਬੋਲਿਆ, "ਅੱਜ ਤੋਂ ਵਜ਼ੀਰ ਸਾਹਿਬ ਮੇਰੇ ਜਵਾਈ ਹੋ ਗਏ ਅਤੇ ਮੇਰੇ ਤੋਂ ਬਾਅਦ ਮੇਰੇ ਰਾਜ ਦੇ ਮਾਲਕ ਹੋਣਗੇ।"

ਵਿਆਹ ਦੀ ਰਸਮ ਬੜੀ ਸ਼ਾਨੋਂ ਸ਼ੌਂਕਤ ਨਾਲ ਪੂਰੀ ਕੀਤੀ ਗਈ। ਕੁਝ ਸਮੇਂ ਬਾਅਦ ਪਿਛਲਾ ਰਾਜ ਜੋ ਵਜ਼ੀਰ ਰਾਜਾ ਇੱਕ ਸਾਧੂ ਨੂੰ ਸੌਂਪ ਕੇ ਆਇਆ ਸੀ, ਉਸ ਫ਼ਕੀਰ ਨੂੰ ਖਿਆਲ ਆਇਆ ਕਿ "ਮੈਂ ਕਿਉਂ ਰਾਜ ਭਾਗ ਸੰਭਾਲ ਕੇ ਮੁਸ਼ਕਲਾਂ ਵਿਚ ਪੈ ਗਿਆ ਹਾਂ। ਅਸੀਂ ਤਾਂ ਫ਼ਕੀਰ ਹਾਂ ਭਜਨ-ਬੰਦਗੀ ਕਰਨੀ ਸੀ ਇਹ ਦੁਨਿਆਵੀ ਰੁਝੇਵਿਆਂ ਵਿਚ ਕਿਉਂ ਪੈ ਗਏ ਹਾਂ।" ਸਾਧੂ ਰਾਜ ਭਾਗ ਛੱਡ ਕੇ ਰਾਜੇ ਦੀ ਤਲਾਸ਼ ਵਿਚ ਚੱਲ ਪਿਆ। ਕੋਸ਼ਿਸ ਕਰਨ ਤੋਂ ਬਾਅਦ ਉਹ ਉਸੇ ਰਿਆਸਤ ਵਿੱਚ ਪਹੁੰਚ ਗਿਆ ਜਿਥੇ ਇਹ ਵਜ਼ੀਰ ਰਾਜਾ ਰਹਿੰਦਾ ਸੀ। ਉਸਨੇ ਇਕ ਮੰਦਰ ਵਿੱਚ ਰਿਹਾਇਸ਼ ਕਰ ਲਈ। ਇਕ ਦਿਨ ਮੰਦਰ ਵਿਚੋਂ ਬਾਹਰ ਨਿਕਲ ਰਿਹਾ ਸੀ ਤਾਂ ਸਾਹਮਣੇ ਤੋਂ ਰਾਜਾ (ਵਜ਼ੀਰ ਰਾਜਾ) ਆ ਰਿਹਾ ਸੀ। ਅੱਗੇ ਪਿੱਛੇ ਘੋੜ ਦਲ ਦੇ ਸਵਾਰ ਤੇ ਧੌਸ਼ਾਂ ਵਜਾਈ ਜਾ ਰਹੇ ਸਨ। ਉਸ ਨੇ ਪਛਾਣ ਲਿਆ ਕਿ ਇਹ ਤਾਂ ਉਹ ਰਾਜਾ ਹੈ ਜਿਸ ਦਾ ਮੈਂ ਰਾਜ ਭਾਗ ਸੰਭਾਲਿਆ ਸੀ। ਸਾਧੂ ਉਸ ਲਸ਼ਕਰ ਦੇ ਪਿੱਛੇ ਤੁਰ ਪਿਆ। ਰਾਜਾ ਲਸ਼ਕਰ ਸਮੇਤ ਮਹਿਲਾਂ ਵਿਚ ਪਹੁੰਚ ਗਿਆ। ਫਕੀਰ ਵੀ ਮਹਿਲਾਂ ਦੇ ਬਾਹਰ ਖੜਾ ਹੋ ਗਿਆ ਤੇ ਉਸ ਨੇ ਪਹਿਰੇਦਾਰ ਨੂੰ ਬੇਨਤੀ ਕੀਤੀ "ਕਿ ਮੈਂ ਰਾਜੇ ਨੂੰ ਮਿਲਣਾ ਹੈ।"

ਪਹਿਰੇਦਾਰ ਨੇ ਰਾਜੇ ਨੂੰ ਖ਼ਬਰ ਕਰ ਦਿੱਤੀ ਕਿ ਕੋਈ ਸਾਧੂ ਮਿਲਣ ਆਇਆ ਹੈ। ਵਜ਼ੀਰ ਰਾਜਾ ਨੇ ਆ ਕੇ ਸਾਧ ਨੂੰ ਪਛਾਣ ਲਿਆ ਮੱਥਾ ਟੇਕ ਕੇ ਕਹਿਣ ਲੱਗਾ "ਮਹਾਤਮਾ ਜੀ ਤੁਸੀ ਕਿਸ ਤਰ੍ਹਾਂ ਰਾਜ ਪਾਟ ਛੱਡ ਕੇ ਆ ਗਏ ਹੋ।"

ਸਾਧੂ ਬੋਲੇ "ਰਾਜਾ ਤੂੰ ਕ੍ਰਮ ਧਰਮ ਦਾ ਪੂਰਾ ਹੈ ਡੋਲਿਆ ਨਹੀਂ। ਮੈਂ ਤੇਰਾ ਰਾਜ ਤੈਨੂੰ ਵਾਪਿਸ ਕਰਨ ਆਇਆ ਹਾਂ। ਤੁਸੀਂ ਆਪਣਾ ਰਾਜਪਾਟ ਸੰਭਾਲੋ।" "ਮਹਾਤਮਾ ਜੀ ਤੁਸੀਂ ਮੇਰੇ ਕੋਲ ਕੁਝ ਸਮਾਂ ਠਹਿਰੋ।"

ਸਾਧੂ ਦੀ ਸੇਵਾ ਵਿਚ ਰਾਜਾ ਨੇ ਨੌਕਰ ਛੱਡ ਦਿੱਤੇ। ਵਜ਼ੀਰ ਨੇ ਮਹਿਲਾ ਵਿਚ ਜਾ ਕੇ ਸਾਧੂ ਦੇ ਆਉਣ ਦੇ ਕਾਰਨ ਬਾਰੇ ਸਾਰੀ ਗੱਲ ਦੱਸ ਦਿੱਤੀ। ਰਾਜ ਕੁਮਾਰੀ, ਬਾਦਸ਼ਾਹ ਅਤੇ ਮਹਾਰਾਣੀ ਸੁਣ ਕੇ ਬਹੁਤ ਖੁਸ਼ ਹੋਏ ਕਿ ਜੋ ਅਸੀਂ ਵਰ ਟੋਲਿਆ ਹੈ ਉਹ ਵੀ ਇਕ ਰਾਜਾ ਹੈ।

ਵਜ਼ੀਰ ਰਾਜਾ ਮਹਿਲਾਂ ਵਿਚ ਰਾਣੀ ਦੇ ਕਮਰੇ ਵਿਚ ਚਲਾ ਗਿਆ ਅਤੇ ਕਹਿਣ ਲੱਗਾ "ਰਾਣੀ ਜੀ! ਜਿਸ ਸਾਧੂ ਨੂੰ ਆਪਣਾ ਰਾਜਪਾਟ ਛੱਡ ਕੇ ਆਇਆ ਸੀ, ਉਹ ਮੇਰਾ ਰਾਜ ਮੈਨੂੰ ਵਾਪਿਸ ਕਰਨ ਆਇਆ ਹੈ, ਤੁਹਾਡਾ ਕੀ ਹੁਕਮ ਹੈ।"

ਰਾਣੀ ਨੇ ਕਿਹਾ "ਮਹਾਤਮਾ ਨੂੰ ਕਹੋ ਕਿ ਜਿਸ ਤਰ੍ਹਾਂ ਮੈਂ ਸੰਕਲਪ ਕਰਕੇ ਰਾਜ ਦਿੱਤਾ ਸੀ ਤੁਸੀਂ ਉਸੇ ਤਰ੍ਹਾਂ ਸੰਕਲਪ ਕਰਕੇ ਵਾਪਿਸ ਕਰਨਾ ਹੈ।"

ਵਜ਼ੀਰ ਰਾਜਾ ਨੇ ਵਾਪਿਸ ਆ ਕੇ ਸਾਧੂ ਨੂੰ ਸੰਕਲਪ ਦੀ ਗੱਲ ਆਖੀ। ਸਾਧੂ ਨੇ ਮਨਜ਼ੂਰ ਕਰ ਲਈ। ਅਗਲੇ ਦਿਨ ਵਜ਼ੀਰ ਰਾਜਾ, ਸਾਧੂ, ਔਰਤ ਰਾਣੀ, ਰਾਣੀ ਅਤੇ ਲਸ਼ਕਰ ਸਮੇਤ ਆਪਣੇ ਸੁਸਰਾਲ ਤੋਂ ਆਗਿਆ ਲੈ ਕੇ ਆਪਣੀ ਰਾਜਧਾਨੀ ਵੱਲ ਤੁਰ ਪਿਆ। ਬਾਦਸ਼ਾਹ, ਮਹਾਰਾਣੀ ਅਤੇ ਅਹਿਲਕਾਰਾਂ ਦਰਬਾਰੀਆਂ ਨੇ ਖ਼ੁਸ਼ੀ ਖ਼ੁਸ਼ੀ ਉਨ੍ਹਾਂ ਨੂੰ ਵਿਦਾ ਕੀਤਾ। ਆਪਣੀ ਰਾਜਧਾਨੀ ਵੱਲ ਚਲਦੇ ਚਲਦੇ ਸੰਘਣੇ ਜੰਗਲ ਵਿਚ ਦੀ ਉਸ ਤਲਾਬ ਉਪਰ ਪਹੁੰਚ ਗਏ ਜਿਥੇ ਔਰਤ ਰਾਣੀ ਪ੍ਰਗਟ ਹੋਈ ਸੀ। ਤੰਬੂ ਲਾ ਦਿੱਤੇ ਗਏ। ਨੌਕਰ ਚਾਕਰ ਆਪਣੇ ਆਪਣੇ ਕੰਮਾਂ ਵਿਚ ਲੱਗ ਗਏ। ਭੋਜਨ ਤਿਆਰ ਕਰਨ ਲੱਗ ਪਏ। ਔਰਤ ਰਾਣੀ ਅਤੇ ਰਾਣੀ ਆਰਾਮ ਕਰਨ ਲੱਗ ਪਏ। ਔਰਤ ਰਾਣੀ ਬੋਲੀ "ਰਾਜੇ ਦੇ ਬੇਟੇ ਇਹ ਤਲਾਬ ਅਤੇ ਇਸ ਦਾ ਜਲ ਮੇਰੇ ਲਈ ਅਤਿਅੰਤ ਪਵਿੱਤਰ ਅਤੇ ਸੁਖਦਾਇਕ ਹੋਇਆ ਹੈ। ਜਿਥੇ ਮੈਨੂੰ ਤੁਹਾਡੇ ਜਿਹਾ ਧਰਮੀ ਪੁਰਸ਼ ਦੂਜੇ ਰਾਜੇ ਦੀ ਸੇਵਾ ਕਰਨ ਵਾਲਾ ਮਿਲਿਆ ਹੈ। ਜਿਸ ਦੇ ਮਿਲਾਪ ਕਰਕੇ ਮੇਰੀ ਵੀ ਸਾਧਨਾ ਸਫਲ ਹੋਈ ਹੈ। ਹੁਣ ਮੇਰਾ ਵਿਚਾਰ ਹੈ ਕਿ ਮੈਂ ਇਸ ਤਲਾਬ ਦੇ ਜਲ ਵਿਚ ਸਮਾ ਜਾਵਾਂ।"

ਰਾਜੇ ਨੇ ਕਿਹਾ "ਹੇ ਰਾਣੀ ਜੀ ਮੈਂ ਤਾਂ ਆਪਣਾ ਰਾਜਪਾਟ ਸੰਤਾਂ ਨੂੰ ਸੰਕਲਪ ਕਰਕੇ ਛੱਡ ਆਇਆ, ਰਾਣੀ ਨੂੰ ਆਪਣੇ ਮਾਂ ਬਾਪ ਕੋਲ ਛੱਡ ਜੰਗਲਾਂ ਵਿਚ ਆ ਗਿਆ। ਜਦ ਤੁਹਾਡੇ ਦਰਸ਼ਨ ਹੋਏ ਤਾਂ ਜੋ ਅੱਗੇ ਮੈਨੂੰ ਮਿਲਿਆ, ਰਾਣੀ ਤੇ ਇਹ ਸਾਰੀਆਂ ਵਸਤੂਆਂ, ਦੂਸਰਾ ਰਾਜ, ਫਿਰ ਸਾਧੂ ਵੱਲੋਂ ਵਾਪਿਸ ਦਿੱਤਾ ਰਾਜਪਾਟ ਇਹ ਸਭ ਤੁਹਾਡੀ ਰਹਿਮਤ ਅਤੇ ਕ੍ਰਿਪਾ ਨਾਲ ਹੀ ਮਿਲਿਆ ਹੈ। ਰਾਣੀ ਸਾਹਿਬ ! ਇਹ ਤਲਾਬ ਤੁਹਾਡੇ ਲਈ ਤਾਂ ਜੋ ਪਵਿੱਤਰ ਅਸਥਾਨ ਹੈ ਇਹ ਸਮਝ ਵਿਚ ਨਹੀਂ ਪਰ ਮੇਰੇ ਲਈ ਤਾਂ ਇਹ ਤਲਾਬ ਬੈਕੁੰਠ ਧਾਮ ਹੈ ਹੀ, ਜਿਸ ਵਿਚੋਂ ਤੁਹਾਡੇ ਵਰਗੀ ਪਤੀਵ੍ਰਤਾ ਤੇ ਨਛੱਤਰ ਵਾਲੀ ਰਾਣੀ ਮਿਲੀ ਹੈ।"

ਔਰਤ ਰਾਣੀ ਬੋਲੀ "ਹੁਣ ਤੁਸੀਂ ਪਹਿਲਾਂ ਇਸ ਤਲਾਬ ਵਿਚ ਇਸ਼ਨਾਨ ਕਰੋ। ਫਿਰ ਮੇਰੇ ਅਤੇ ਰਾਣੀ ਲਈ ਪਰਦਾ ਲਾ ਦਿਉ ਤਾਂ ਕਿ ਅਸੀਂ ਵੀ ਇਸ਼ਨਾਨ ਕਰੀਏ। ਪਰਦਾ ਲਾ ਦਿੱਤਾ ਗਿਆ ਰਾਣੀ ਅਤੇ ਔਰਤ ਰਾਣੀ ਇਸ਼ਨਾਨ ਕਰਨ ਲੱਗ ਪਈਆਂ। ਰਾਜਕੁਮਾਰੀ ਕਿਨਾਰੇ ਉਤੇ ਬੈਠ ਕੇ ਇਸ਼ਨਾਨ ਕਰਦੀ ਰਹੀ ਪਰ ਔਰਤ ਰਾਣੀ ਪਾਣੀ ਵਿਚ ਅਲੋਪ ਹੋਣਾ ਅਤੇ ਪ੍ਰਗਟ ਹੋ ਜਾਣ ਦੀ ਕਿਰਿਆ ਕਰਦੀ ਰਹੀ। ਰਾਜਕੁਮਾਰੀ ਇਸ਼ਨਾਨ ਕਰਕੇ ਬੈਠ ਗਈ ਜਦ ਕਾਫੀ ਦੇਰ ਔਰਤ ਰਾਣੀ ਪਾਣੀ ਵਿਚੋਂ ਬਾਹਰ ਨ ਆਈ ਤਾਂ ਰਾਜਕੁਮਾਰੀ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਰਾਣੀ ਡੁੱਬ ਗਈ, ਰਾਣੀ ਡੁੱਬ ਗਈ। ਇਹ ਸੁਣ ਕੇ ਰਾਜਾ ਭੱਜਾ ਰਾਜਕੁਮਾਰੀ ਕੋਲ ਆਇਆ ਅਤੇ ਪੁਛਿਆ "ਕਿਥੇ ਕੁ ਡੁੱਬੀ ਹੈ।" ਰਾਣੀ ਨੇ ਹੱਥ ਦਾ ਇਸ਼ਾਰਾ ਕਰਕੇ ਦੱਸਿਆ। ਰਾਜੇ ਨੇ ਨੌਕਰਾਂ ਨੂੰ ਕਿਹਾ "ਕਿ ਜੋ ਵੀ ਰਾਣੀ ਨੂੰ ਪਾਣੀ ਵਿਚੋਂ ਕੱਢ ਕੇ ਲਿਆਵੇਗਾ, ਉਸ ਨੂੰ ਬਹੁਤ ਇਨਾਮ ਦਿੱਤਾ ਜਾਵੇਗਾ।" ਨੌਕਰਾਂ ਨੇ ਬਹੁਤ ਕੋਸ਼ਿਸ ਕੀਤੀ ਔਰਤ ਰਾਣੀ ਨੂੰ ਲੱਭਣ ਲਈ ਪਰ ਸਭ ਬੇਅਰਥ ਗਈ। ਗਮ ਵਿਚ ਡੁੱਬਿਆ ਰਾਜਾ ਸਭ ਨੂੰ ਹੁਕਮ ਦੇ ਰਿਹਾ ਹੈ ਕਿ ਸਮਾਨ ਆਪਣੇ-ਆਪਣੇ ਸਾਧਨਾ ਉਪਰ ਰੱਖੋ ਅਤੇ ਇਥੋਂ ਕੂਚ ਕਰੋ। ਸਭ ਨੇ ਸਮਾਨ ਗੱਡਿਆ ਉਪਰ ਰੱਖ ਲਿਆ। ਤੁਰਨ ਸਮੇਂ ਰਾਜੇ ਨੇ ਤਲਾਬ ਦੇ ਕਿਨਾਰੇ ਉਪਰ ਖੜ ਕੇ ਦੋਨੋਂ ਹੱਥ ਜੋੜ ਕੇ ਬੇਨਤੀ ਕੀਤੀ "ਹੇ ਪਰਾਨ ਪੂਰਕ ਰਾਣੀ ਤੂੰ ਇਸ ਤਲਾਬ ਵਿਚੋਂ ਹੀ ਮੈਨੂੰ ਮਿਲੀ ਸੀ ਅਤੇ ਇਥੇ ਹੀ ਆ ਕੇ ਅਲੋਪ ਹੋ ਗਈ ਹੈਂ। ਮੇਰੇ ਉਪਰ ਇਨ੍ਹਾਂ ਉਪਕਾਰ ਕਰਕੇ, ਰਹਿਮਤਾਂ ਬਖਸ਼ ਕੇ ਅਲੋਪ ਹੋ ਗਈ ਹੈਂ। ਮੈਨੂੰ ਇਹ ਤਾਂ ਦੱਸ ਜਾਣਾ ਸੀ ਕਿ ਤੂੰ ਕੌਣ ਸੀ, ਕਿਸ ਦੇਵਤਾ ਦੀ ਪੁੱਤਰੀ ਸੀ।"

ਰਾਜਾ ਇਹ ਬੇਨਤੀ ਕਰ ਰਿਹਾ ਸੀ ਕਿ ਅਚਾਨਕ ਰਾਣੀ ਨੇ ਪਾਣੀ ਵਿਚੋਂ ਸਿਰ ਕੱਢ ਲਿਆ। ਰਾਜਾ ਦੇਖਦੇ ਹੀ ਪਾਣੀ ਵਿਚ ਛਾਲ ਮਾਰਨ ਲੱਗਾ ਸੀ ਕਿ ਰਾਣੀ ਨੇ ਹੱਥ ਉਠਾਇਆ ਅਤੇ ਬੋਲੀ "ਰਾਜਾ ਤਲਾਬ ਵਿਚ ਨਾ ਆਵੀਂ ਭਸਮ ਹੋ ਜਾਏਂਗਾ।" ਹੇ ਰਾਜਨ, ਸੁਣ ਮੈਂ ਔਰਤ ਨਹੀਂ ਹਾਂ ਮੈਂ ਤਾਂ ਰਾਜਾ ਤੇਰਾ ਧਰਮ ਹਾਂ ਜਦ ਰਾਜਾ ਤੂੰ ਮੈਨੂੰ ਨਹੀਂ ਵਿਸਾਰਿਆ ਤਾਂ ਮੇਰਾ ਵੀ ਫ਼ਰਜ਼ ਬਣਦਾ ਸੀ ਕਿ ਮੈਂ ਤੇਰੀ ਮਦਦ ਕਰਾਂ। ਜਾਉ ਹੁਣ ਤੁਹਾਨੂੰ ਦੋ ਰਾਣੀਆਂ ਅਤੇ ਦੋ ਰਾਜ ਬਖਸ਼ੇ। ਚਿੰਤਾ, ਗਮ ਛੱਡ ਕੇ ਆਪਣਾ ਰਾਜ ਪਾਟ ਚਲਾਉ।"

ਇਹ ਬਚਨ ਕਰਕੇ ਔਰਤ ਰਾਣੀ ਚੁੱਬੀ ਮਾਰ ਗਈ। ਰਾਜਾ ਉਥੋਂ ਚਲ ਪਿਆ ਅਤੇ ਆਪਣੇ ਰਾਜ ਵਿਚ ਆ ਕੇ ਸਾਧੂ ਤੋਂ ਉਸੇ ਤਰ੍ਹਾਂ ਸੰਕਲਪ ਲੈ ਕੇ ਸਿੰਘਾਸਨ ਉਪਰ ਬੈਠ ਗਿਆ।

ਇਸ ਤਰ੍ਹਾਂ ਕੋਈ ਵੀ ਮਨੁੱਖ ਜਾਂ ਇਸਤਰੀ ਮੁਸੀਬਤ ਵੇਲੇ ਆਪਣੇ ਕਰਮ ਧਰਮ ਵਿਚ ਸੰਪੂਰਨ ਰਹੇ ਤਾਂ ਪ੍ਰਮਾਤਮਾ ਖੁਦ ਪ੍ਰਗਟ ਹੋ ਕੇ ਉਸ ਦੀ ਹਰ ਤਰ੍ਹਾਂ ਨਾਲ ਸਹਾਇਤਾ ਕਰਦਾ ਹੈ। ਪ੍ਰਮੇਸ਼ਰ ਉਪਰ ਭਰੋਸਾ ਰੱਖ ਕੇ ਫਰਿਆਦ ਕੀਤੀ ਸੁਖ ਦਾ ਕਾਰਨ ਬਣਦੀ ਹੈ।

**ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥ ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ ॥੨॥ ਉਸਤਤਿ ਕਰਹੁ ਸਦਾ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ ॥ ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰ ਕੀ ਸਚੁ ਸਾਖੀ ॥੩॥ ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ ॥ ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ ॥**

(ਅੰਗ ੬੨੧)

(26)

## ਸਭ ਕਿਛੁ ਜਾਣੈ ਸਿਰਜਣਹਾਰੁ (ਅੰਗ ੧੧੪੦)

### ਪੂਰਬਲਾ ਜਨਮ ਦੱਸਣਾ

ਸਾਧੂ ਮਹਾਤਮਾ ਪੂਰਬਲੇ ਜਨਮ ਦੀ ਤਪੱਸਿਆ ਸਦਕਾ ਬਚਪਨ ਵਿਚ ਹੀ ਮਹਾਂਪੁਰਖ ਹੋਣ ਦੇ ਸੰਕੇਤ ਦਿੰਦੇ ਹਨ। ਇਸੇ ਹੀ ਤਰ੍ਹਾਂ ਪਿੰਡ ਭਦੌੜ ਦਾ ਵਾਸੀ ਇਬਰਾਹੀਮ ਖਾਨ ਦਾ ਲੜਕਾ 11 ਸਾਲ ਦੀ ਉਮਰ ਵਿਚ ਹੀ ਸਾਧੂਆਂ ਵਾਲੀਆਂ ਹਰਕਤਾ ਕਰਦਾ ਸੀ। ਕੋਈ ਘਰ ਦਾ ਮੈਂਬਰ ਜਾਂ ਰਿਸ਼ਤੇਦਾਰ ਝਿੜਕ ਦਿੰਦਾ ਤਾਂ ਬੀਮਾਰ ਹੋ ਜਾਂਦਾ ਅਤੇ ਨਾਲਿਆਂ ਦਾ ਪਾਣੀ ਪੀਣ ਲੱਗ ਜਾਂਦਾ। ਨੀਂਦ ਬਹੁਤ ਹੀ ਘੱਟ ਆਉਂਦੀ ਸੀ। ਅੱਖਾਂ ਦੇ ਕੌਏ (ਕਿਨਾਰੇ) ਨਾਲ ਰਹਿੰਦੇ ਸਨ ਦਿਨ ਦੇ ਸਮੇਂ ਘੱਟ ਦਿਖਾਈ ਦਿੰਦਾ ਸੀ ਰਾਤ ਨੂੰ ਜ਼ਿਆਦਾ। ਜਦੋਂ ਵੀ ਬੋਲਦੇ ਸੀ ਅੱਲ੍ਹਾ ਅੱਲ੍ਹਾ ਹੀ ਬੋਲਦਾ ਸੀ। ਛੋਟੀ ਅਵਸਥਾ ਵਿਚ ਵੀਰਵਾਰ ਦੇ ਦਿਨ ਦੁੱਧ ਨਹੀਂ ਚੁੰਘਦਾ ਸੀ। ਮਾਤਾ ਪਿਤਾ ਨੇ ਇਲਾਜ ਕਰਵਾਉਣਾ ਚਾਹਿਆ ਅਤੇ ਲੋਕਾਂ ਨੂੰ ਦੱਸਣਾ

ਸ਼ੁਰੂ ਕੀਤਾ ਤਾਂ ਇਕ ਡੰਗ ਹੀ ਦੁੱਧ ਚੁੰਘਣ ਲੱਗ ਪਇਆ। ਇਸ ਦੇ ਸਿਰ ਦੇ ਵਾਲ ਬਿਲਕੁਲ ਸਫੈਦ ਹੋ ਗਏ। ਜਦੋਂ ਕੋਈ ਸ਼ਰਾਰਤ ਕਰਦਾ ਹੈ ਤਾਂ ਉਸ ਦੀਆਂ ਲੱਤਾਂ ਨੂੰ ਬੰਨ ਕੇ ਜ਼ੋਰ ਨਾਲ ਦੰਦੀ ਵੱਢ ਦਿੰਦਾ ਹੈ। ਸਰਦੀ ਦੀ ਰੁੱਤ ਵਿਚ ਕਪੜਾ ਪਹਿਨਦਾ ਨਹੀਂ ਅਗਰ ਕੋਈ ਜ਼ਬਰਦਸਤੀ ਪੁਆ ਵੀ ਦਿੰਦਾ ਤਾਂ ਉਸ ਨੂੰ ਪਾੜ ਕੇ ਅੱਗ ਵਿਚ ਸੁੱਟ ਦਿੰਦਾ ਹੈ। ਇਹ ਵਾਰਤਾ ਗੁਰਬਚਨ ਸਿੰਘ ਪੁੱਤਰ ਸ੍ਰ. ਨੱਥਾ ਸਿੰਘ ਨੇ ਹਜ਼ੂਰ ਬਾਬਾ ਜੀ ਨੂੰ ਸੁਣਾਈ ਕਿ ਮਹਾਂਪੁਰਸ਼ੋਂ ਇਸ ਤਰ੍ਹਾਂ ਭਦੋੜ ਵਿਚ ਫ਼ੱਕਰ ਹੈ ਜਿਸ ਦਾ ਘਰ ਵਾਲਿਆ ਕੋਈ ਨਾਮ ਨਹੀਂ ਰੱਖਿਆ।"

ਹਜ਼ੂਰ ਬਾਬਾ ਜੀ ਨੇ ਬਚਨ ਕੀਤਾ "ਇਸ ਮਸਤ ਜੀ ਦਾ ਪਿਛਲਾ ਜਨਮ ਸਦਨੇ ਕਸਾਈ ਦਾ ਹੈ।

(27)

## ਨੈਂ ਲੰਘੀ ਖਵਾਜਾ ਬਿਸਰਿਆ

ਧੰਨ ਧੰਨ ਬਾਬਾ ਮਹਾਂਹਰਨਾਮ ਸਿੰਘ ਜੀ ਸਾਰੀ ਸੰਗਤ ਦੇ ਸਾਹਮਣੇ ਫੁਰਮਾਇਆ ਕਰਦੇ ਸਨ ਕਿ "ਪੱਟ ਪਊ ਪਟਿਆਲੇ, ਨਾਭਾ ਧਾਹਾਂ ਮਾਰੂ ਉਇ॥" ਇਹ ਬਚਨ ਸਾਰੀ ਸੰਗਤ ਨੂੰ ਸੁਣਾਉਣ ਦਾ ਭਾਵ ਮਹਾਂਪੁਰਸ਼ਾਂ ਦਾ ਇਹ ਸੀ ਕਿ ਇਨ੍ਹਾਂ ਰਿਆਸਤਾਂ ਦੇ ਮਾਲਿਕ ਕੋਈ ਪੁੰਨ ਦਾਨ ਕਰਕੇ, ਪ੍ਰਮਾਤਮਾ ਦਾ ਸਿਮਰਨ ਕਰਕੇ, ਆਫ਼ਤਾਂ ਤੋਂ ਬਚ ਸਕਣ, ਜੋ ਆਉਣ ਵਾਲੀਆਂ ਆਫਤਾਂ ਦਾ ਸੰਕੇਤ ਬਾਬਾ ਜੀ ਇਸ਼ਾਰਾ ਦੇ ਰਹੇ ਸਨ। ਮੁਨਸ਼ੀ ਹਰਦਿੱਤ ਸਿੰਘ ਜੀ ਦੇ ਵਾਰ ਵਾਰ ਬੇਨਤੀ ਕਰਨ ਕਰਕੇ ਮਹਾਰਾਜਾ ਪਟਿਆਲਾ ਹਜ਼ੂਰ ਮਹਾਂਪੁਰਸ਼ ਬਾਬਾ ਮਹਾਂਹਰਨਾਮ ਸਿੰਘ ਜੀ ਦੇ ਦਰਬਾਰ ਵਿੱਚ ਆ ਕੇ ਅਸ਼ੀਰਵਾਦ ਲੈ ਗਿਆ ਅਤੇ ਕੁਝ ਉਪਾਊ ਕਰਾ ਗਿਆ। ਜਿਸ ਦੇ ਕਰਕੇ ਬਾਬਾ ਜੀ ਨੇ ਠੰਡੇ ਜਲ ਦੀ ਮੱਟੀ ਭਰ ਕੇ ਉਸ ਵਿਚ ਮਹਾਰਾਜੇ ਦਾ ਅਕਸ਼ ਦੇਖ ਕੇ, ਆਪਣੀ ਮੇਹਰ ਦੀ ਨਿਗਾਹ ਮਾਰ ਕੇ, ਧਰਤੀ ਵਿਚ ਗੱਲ ਤੱਕ ਦਬਾ ਦਿੱਤੀ ਸੀ। ਮਹਾਰਾਜੇ ਨੂੰ ਸਰੀਰਕ ਤਕਲੀਫ ਤੋਂ ਬਚਾਉਣ ਲਈ ਸਵਾ ਲੱਖ ਜਪੁਜੀ ਸਾਹਿਬ ਦਾ ਪਾਠ ਵੀ ਕਰਵਾਇਆ ਸੀ। ਪਰ ਨਾਭਾ ਰਿਆਸਤ ਦਾ ਮਹਾਰਾਜਾ ਨਹੀਂ ਆਇਆ ਜਿਸ ਕਰਕੇ ਉਸ ਨੂੰ ਧਾਹਾਂ ਮਾਰਨੀਆਂ ਪਈਆਂ।

ਸੰਤ ਅਚਿੰਤ ਰਾਮ ਜੀ ਵੀ ਫੁਰਮਾਉਂਦੇ ਸਨ ਕਿ "ਪਟਿਆਲੇ ਵਾਲਾ

ਬਾਦਸ਼ਾਹ ਵਿਲੈਤ ਜਾਣ ਲਈ ਭੱਜਿਆ ਫਿਰਦਾ ਹੈ। ਵਿਲੈਤ ਵਿਚ ਕੀ ਧਰਿਆ ਪਿਆ ਹੈ। ਪਹਿਲਾ ਬਾਬਾ ਜੀ ਦੇ ਸਿੰਘਾਸਨ ਤੇ ਆ ਕੇ ਮੱਥਾ ਟੇਕ ਕੇ ਜਾਵੇ। ਸੰਤ ਅਚਿੰਤ ਰਾਮ ਜੀ ਨੂੰ ਮਹਾਰਾਜੇ ਉਪਰ ਹੋਣ ਵਾਲੇ ਹਮਲੇ ਬਾਰੇ ਬੋਧ ਸੀ ਤਾਂ ਕਿ ਉਸ ਨੂੰ ਟਾਲਿਆ ਜਾ ਸਕੇ।

ਪੂਰਬਲੇ ਜਨਮਾਂ ਦੀ ਸਾਂਝ ਕਰਕੇ ਬਾਬਾ ਜੀ ਮਹਾਰਾਜ ਪਟਿਆਲਾ ਰਿਆਸਤ ਦੇ ਮਹਾਰਾਜੇ ਭੁਪਿੰਦਰ ਸਿੰਘ ਦਾ ਖਿਆਲ ਰੱਖਦੇ ਸਨ। ਉਸ ਦੇ ਖਜ਼ਾਨੇ ਦੀ ਬਰਕਤ ਲਈ ਸੰਮਤ 1974 ਵਿਚ ਹਜ਼ੂਰ ਨੇ ਪੰਡਤ ਸਿਰੀ ਰਾਮ ਸਿੰਘ ਜੀ ਨੂੰ 101 ਰੁਪਏ ਦੇ ਕੇ ਪਟਿਆਲੇ ਭੇਜਿਆ ਸੀ ਅਤੇ ਫੁਰਮਾਇਆ ਸੀ ਮਹਾਰਾਜੇ ਨੂੰ ਕਹਿਣਾ ਕਿ ਇਸ ਇਕ ਸੌ ਇਕ ਰੁਪਏ ਨੂੰ ਚਿੱਟੇ ਕੱਪੜੇ ਵਿਚ ਬੰਨ ਕੇ ਖਜ਼ਾਨੇ ਵਿਚ ਰੱਖ ਦੇਵੇ ਕਦੇ ਤੋਟ ਨਹੀਂ ਆਵੇਗੀ।" ਇਹ ਵਰ ਵੀ ਬਖਸ਼ਿਆ –

**ਅਜੈਪਾਲ ਸੁਤਿ ਬਿਨੇਪਾਲ ਪੂਰਬ ਜਨਮ ਤੁਮਾਰਾ ॥**
**ਸਭ ਭੂਪਨ ਸਿਰ ਮੌਰ ਹੋ ਜੈ ਜੈ ਕ੍ਰਿਸ਼ਨ ਮੁਰਾਰਾ ॥**

ਬਾਬਾ ਜੀ ਫੁਰਮਾਉਂਦੇ ਸਨ ਕਿ ਅਸੀਂ ਆਪਣੇ ਦਾਦਾ ਗੁਰੂ ਮੱਲ ਸਿੰਘ ਜੀ ਨਾਲ ਪਟਿਆਲੇ ਆਏ ਸੀ ਅਤੇ ਚਮਾਸੇ ਵਿਚ ਭੋਜਨ ਛਕੇ ਸਨ ਇਸ ਕਰਕੇ ਵਰ ਬਖਸ਼ਦੇ ਹਾਂ।"

ਮਹਾਰਾਜਾ ਉਪਾਉ ਕਰਨ ਦੀ ਅਣਗਹਿਲੀ ਕਰਦਾ ਰਿਹਾ। ਤਿੰਨ ਵਾਰ ਸ. ਜੈ ਸਿੰਘ ਨੇ ਬੇਨਤੀ ਕੀਤੀ, ਫਿਰ ਸ. ਹੀਰਾ ਸਿੰਘ ਨੇ ਅਰਜ ਕੀਤੀ। ਅਖੀਰ ਸ. ਜੈ ਸਿੰਘ ਕੱਤਕ 1974 ਨੂੰ ਇਕ ਉਵਰਸੀਅਰ ਨੂੰ ਨਕਸ਼ਾ ਬਣਾਉਣ ਲਈ ਸਿਧੇ ਪਹਾੜ ਤੋਂ ਇਥੇ ਲੈ ਆਏ ਅਤੇ ਪੁੱਛਣ ਲੱਗੇ "ਕਿ ਕਿਹੜਾ ਤਲਾਬ ਪੱਕਾ ਕਰਨਾ ਹੈ ਅਤੇ ਕਿਹੜੀ ਭਾਈ ਦਿਆਲ-ਚੰਦ ਦੀ ਸਮਾਧ ਅਤੇ ਮਹਾਰਾਜਾ ਆਲਾ ਸਿੰਘ ਜੀ ਦੀ ਸਮਾਧ ਦੀ ਮੁਰੰਮਤ ਕਰਨੀ ਹੈ।"

ਮੁਨਸ਼ੀ ਜੀ ਨੇ ਬਾਬਾ ਜੀ ਪਾਸ ਬੇਨਤੀ ਕਰ ਦਿੱਤੀ "ਕਿ ਮਹਾਰਾਜ ਸ੍ਰ. ਜੈ ਸਿੰਘ ਸਮਾਧਾਂ ਬਾਰੇ ਅਤੇ ਤਲਾਬ ਪੱਕਾ ਕਰਨ ਬਾਰੇ ਨਕਸ਼ਾ ਬਣਾਉਣ ਆਇਆ ਹੈ। ਕੀ ਹੁਕਮ ਹੈ।"

ਹਜ਼ੂਰ ਬਾਬਾ ਜੀ ਫੁਰਮਾਇਆ "ਚੁੱਪ, ਖਾਮੋਸ਼ ਨੈਂ ਲੰਘੀ ਤੇ ਖਵਾਜਾ ਬਿਸਰਿਆ। ਅਗਲਾ ਭੀੜ ਪਈ ਤੇ ਰਾਮ ਚਿਤਾਰਦਾ ਹੈ। ਪਰ ਭੀੜ ਵੀ ਅਜੇ ਕੁਝ ਨਹੀਂ ਵਿਗਾੜ ਸਕਦੀ ਜਦ ਤੱਕ ਸਾਡੀ ਨਿਗਾਹ ਦਾ ਜਲ ਮੱਟ ਵਿਚ ਪੈਂਦਾ ਹੈ।"

ਮੁਨਸ਼ੀ ਜੀ ਦੇ ਲਿਖ ਕੇ ਭੇਜਣ ਦਾ ਤਾਂ ਮਹਾਰਾਜੇ ਨੇ ਕੀ ਅਮਲ ਕਰਨਾ ਸੀ ਉਸ ਨੇ ਤਾਂ ਆਪਣੇ ਅਹਿਲਕਾਰਾਂ ਸ੍ਰ. ਹੀਰਾ ਸਿੰਘ ਅਤੇ ਜੈ ਸਿੰਘ ਦਾ ਵੀ ਯਕੀਨ ਨਹੀਂ ਕੀਤਾ। ਤਕਲੀਫ ਹੋਈ ਤਾਂ ਬਾਬਾ ਜੀ ਅੱਗੇ ਅਰਜੋਈਆਂ, ਨਹੀਂ ਤਾਂ ਕੋਈ ਖਿਆਲ ਨਹੀਂ।

**ਦੁੱਖ ਮੇਂ ਸਿਮਰਨ ਸਭ ਕਰੇ ਸੁੱਖ ਮੇਂ ਕਰੇ ਨਾ ਕੋਇ**
**ਜੇ ਸੁੱਖ ਮੇਂ ਸਿਮਰਨ ਕਰੇ ਦੁੱਖ ਕਾਹੇ ਕੋ ਹੋਇ ॥**

ਬਾਬਾ ਜੀ ਨੇ ਮਹਾਰਾਜੇ ਨੂੰ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ। ਪ੍ਰਤੱਖ ਕੌਤਕ ਵਰਤਾਏ ਜਿਵੇਂ ਇੰਗਲੈਂਡ ਵਿਚ ਮਹਾਰਾਜੇ ਨੂੰ ਬੰਬ ਤੋਂ ਬਚਾਉਣਾ, ਆਫ਼ਤ ਤੋਂ ਛੁਟਕਾਰੇ ਲਈ ਮੱਟੀ ਵਿਚ ਪਾਣੀ ਪਾਉਣਾ, ਕੌਰ ਸਾਹਿਬ ਦੀ ਲੱਤ ਦਾ ਟੁੱਟਣਾ, ਮਹਾਰਾਜੇ ਨੂੰ ਵਲੈਤ ਵਿਚ ਕੌਰ ਸਾਹਿਬ ਦੇ ਨਾਲ ਜਾਣ ਦਾ ਹੁਕਮ ਦੇਣਾ ਪਰ ਨਾ ਜਾਣ ਕਰਕੇ ਵੀ ਮੇਹਰ ਦੀ ਨਿਗਾਹ ਕਰਨੀ, ਖਜ਼ਾਨੇ ਵਿਚ ਇਕ ਸੋ ਇਕ ਰੁਪਿਆ ਆਪਣੇ ਕੋਲੋਂ ਭੇਜ ਕੇ ਰਖਵਾਉਣਾ ਅਤੇ ਖਜ਼ਾਨੇ ਦੀ ਬਰਕਤ ਦਾ ਬਚਨ ਕਰਨਾ ਆਦਿ। ਇੰਗਲੈਂਡ ਭੇਜਣ ਸਮੇਂ ਸਵਾ ਲੱਖ ਜਪੁਜੀ ਸਾਹਿਬ ਦੇ ਪਾਠ ਕਰਵਾ ਕੇ ਜਾਣਾ ਜਾਂ ਕਰਵਾਉਣ ਦਾ ਬੰਦੋਬਸਤ ਕਰਕੇ ਜਾਣਾ। ਇੰਗਲੈਂਡ ਦੀ ਪਾਰਲੀਮੈਂਟ ਵਿਚ ਮਹਾਰਾਜੇ ਦੇ ਸੱਜੇ ਪਾਸੇ ਖੜ ਕੇ ਕਾਮਯਾਬ ਭਾਸ਼ਨ ਕਰਵਾਉਣਾ। ਇਤਨੀਆਂ ਕਰਾਮਾਤਾਂ ਦੇਖ ਕੇ ਵੀ ਮਹਾਰਾਜੇ ਨੇ ਸੇਵਾ ਲਈ ਨਾ ਮੰਨਣਾ ਮਨਮੱਤ ਦਾ ਸਬੂਤ ਹੈ।

**ਬਿਨੁ ਪ੍ਰੀਤੀ ਕਰਹਿ ਬਹੁ ਬਾਤਾ ਕੂੜੁ ਬੋਲਿ ਕੂੜੋ ਫਲੁ ਪਾਵੈ ॥** (ਅੰਗ ੮੮੧)

ਇਸ ਤਰ੍ਹਾਂ ਮੁਨਸ਼ੀ ਜੀ ਨੇ ਕਦੇ ਸ੍ਰ. ਗੁਰਬਖਸ਼ ਸਿੰਘ ਜੀ ਨੂੰ ਕਦੇ ਸ. ਜਗਤ ਸਿੰਘ ਜੀ ਨੂੰ, ਉਭੇਵਾਲੀ ਮਹਾਰਾਣੀ ਜੀ ਨੂੰ, ਸ੍ਰ. ਜੈ ਸਿੰਘ ਜੀ, ਸ੍ਰ. ਹੀਰਾ ਸਿੰਘ ਜੀ ਰਾਹੀਂ ਬਹੁਤ ਅਰਜੋਈਆਂ ਕੀਤੀਆਂ ਕਿ ਕਿਸੇ ਤਰ੍ਹਾਂ ਰਿਆਸਤ ਦਾ ਭਲਾ ਹੋ ਸਕੇ। ਮਾਈ ਜੀ ਉਭੇਵਾਲੀ ਮਹਾਰਾਣੀ ਦੀ ਮਾਤਾ ਜੀ ਨੇ ਵੀ ਭੁਚੋ ਆਉਣ ਦਾ ਇਰਾਦਾ ਕੀਤਾ ਤਾਂ ਉਸ ਸਮੇਂ ਬਾਬਾ ਜੀ ਅਚਾਨਕ ਜੋਤੀ ਜੋਤ ਸਮਾ ਗਏ। ਫਿਰ ਅਚਿੰਤ ਰਾਮ ਜੀ ਮਹਾਰਾਜ ਤੋਂ ਬਖਸ਼ਾਉਣਾ ਚਾਹਿਆ ਤਾਂ ਉਹ ਵੀ ਹਰਿਦੁਆਰ ਪਹੁੰਚ ਕੇ ਪੰਜਵੇਂ ਦਿਨ ਹੀ ਦਰਗਾਹ ਨੂੰ ਚਲੇ ਗਏ।

**ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥**
**ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥** (ਅੰਗ ੧੩੭੬)
**ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥** (ਅੰਗ ੭੪੭)

ਜਦੋਂ ਬਾਦਸ਼ਾਹ ਦੀ ਹਾਲਤ ਖਰਾਬ ਹੋਣ ਲੱਗੀ ਤਾਂ ਮੁਨਸ਼ੀ ਜੀ ਨੂੰ ਸੇਵਾ ਬਾਰੇ ਪੁੱਛਦੇ ਰਹੇ ਪਰ ਉਸ ਵੇਲੇ ਸਮਾਂ ਲੰਘ ਗਿਆ ਸੀ। ਹੁਣ ਰਾਜਾ ਗੁਰਦਿਤ ਸਿੰਘ, ਕਰਨਲ ਸੰਪਤ ਸਿੰਘ, ਰਾਜਾ ਹਰਿਚੰਦ ਸਿੰਘ ਭਦੌੜ, ਗਿਆਨ ਸਿੰਘ ਰਾੜੇਵਾਲਾ ਵੇਲੇ ਨੂੰ ਪਛਤਾ ਰਹੇ ਸਨ ਕਿ ਕਿਉਂ ਨਾ ਮਹਾਂਪੁਰਸ਼ਾਂ ਦੇ ਬਚਨ ਮੰਨੇ ਗਏ। ਜੇ ਉਸ ਸਮੇਂ 1979 ਸੰਮਤ ਦੇ ਫੁਰਮਾਏ ਹੋਏ ਬਚਨ ਅਮਲ ਵਿਚ ਲਿਆਂਦੇ ਜਾਂਦੇ ਤਾਂ ਅੱਜ ਰਾਜ ਭਾਗ ਅਤੇ ਰਿਆਸਤ ਦੇ ਟੁੱਟਣ ਵਾਲੀਆਂ ਆਫ਼ਤਾਂ ਤੋਂ ਬਚ ਸਕਦੇ ਸੀ ਅਤੇ ਮਹਾਰਾਜਾ ਸਾਹਿਬ ਵੀ ਸਰੀਰਕ ਤੌਰ ਤੇ ਠੀਕ ਠਾਕ ਰਹਿ ਸਕਦੇ ਸਨ।

(28)

## ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥
## ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥ (ਅੰਗ ੪੮੮)

### ਬੰਦਗੀ ਮਨੁੱਖ ਨੂੰ ਸਤਿਕਾਰ ਬਖਸ਼ਦੀ ਹੈ।

ਪ੍ਰਮੇਸ਼ਰ ਦੀ ਬੰਦਗੀ ਮਨੁੱਖ ਵਿਚ ਇਤਨੀ ਬਰਕਤ ਪਾ ਦਿੰਦੀ ਹੈ ਕਿ ਉਸ ਦੇ ਅੱਗੇ ਦੁਨੀਆਦਾਰ ਰਾਜੇ ਮਹਾਰਾਜੇ ਝੁੱਕਣ ਲਈ ਮਜ਼ਬੂਰ ਹੋ ਜਾਂਦੇ ਹਨ। ਇਕ ਜਨਮ ਦੀ ਬੰਦਗੀ ਕਈ ਜਨਮਾਂ ਤੱਕ ਪ੍ਰਮਾਤਮਾ ਦੀ ਰਹਿਮਤ ਦਾ ਪਾਤਰ ਬਣਾਈ ਰੱਖਦੀ ਹੈ ਜਿਵੇਂ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਜੀ ਦੇ ਪੂਰਬਲੇ ਜਨਮਾਂ ਦੀ ਤਪੱਸਿਆ ਇਸ ਜਨਮ ਵਿਚ ਵੀ ਸਹਾਈ ਹੁੰਦੀ ਰਹੀ। ਬਾਬਾ ਮਹਾਂਹਰਿਨਾਮ ਸਿੰਘ ਜੀ ਇਨ੍ਹਾਂ ਦੀ ਤਪੱਸਿਆ ਦੇ ਕਾਰਨ ਹਮੇਸ਼ਾਂ ਇਨ੍ਹਾਂ ਦੀ ਰੱਖਿਆ ਕਰਦੇ ਰਹੇ। ਬਾਬਾ ਜੀ ਬਚਨ ਕਰਿਆ ਕਰਦੇ ਸਨ ਕਿ "ਜਬ ਜਬ ਸਾਡੀ ਨਿਗਾਹ ਦਾ ਜਲ ਸ਼ਾਸ਼ਨ ਮੇ ਪੈਂਦਾ ਹੈ ਕਿਤਨੀਆਂ ਭੀੜਾ ਸੰਘੀੜਾ ਪੈਣ, ਬਾਦਸ਼ਾਹ ਦਾ ਕੁਝ ਨਹੀਂ ਵਿਗਾੜ ਸਕਦੀਆਂ।" ਹਜ਼ੂਰ ਮਹਾਰਾਜ ਬਾਬਾ ਜੀ ਨੇ 1977 ਵਿਚ ਅਨਵਰ ਜੀ ਦੀ ਦੇਹ ਨੂੰ ਪ੍ਰਦੇਸ਼ ਵਿਚ ਆਪਣੇ ਪਵਿੱਤਰ ਖੱਬੇ ਹੱਥ ਨਾਲ ਫੜ ਕੇ ਛਾਤੀ ਨਾਲ ਲਾਇਆ ਅਤੇ ਸੱਜੇ ਹੱਥ ਨਾਲ ਬੰਬ ਫੜ ਕੇ ਦੂਰ ਸੁੱਟਿਆ। ਫਿਰ ਪੱਟ ਪਉ ਪਟਿਆਲੇ ਵਾਲੀ ਆਫ਼ਤ ਤੋਂ ਬਚਾਇਆ। ਸਵਾ ਲੱਖ ਜਪੁਜੀ ਸਾਹਿਬ ਦੇ ਪਾਠ ਕਰਕੇ ਮਨਹੂਸ ਤਕਲੀਫ ਤੋਂ ਬਚਾਇਆ। ਮੁਨਸ਼ੀ ਜੀ ਜੋ ਕਿ ਰਾਜੇ ਕੋਲ ਰਹਿ ਕੇ ਬੇਸ਼ੱਕ ਬਰਬਾਦ ਹੋ ਗਏ ਪਰ ਉਹ ਧੰਨਵਾਦੀ ਸਨ ਅਨਵਰ ਜੀ ਦੇ ਜਿਨ੍ਹਾਂ ਨੇ ਉਸ

ਨੂੰ ਬਾਬਾ ਜੀ ਦੀ ਹਜ਼ੂਰੀ ਵਿਚ ਭੇਜਕੇ ਬੰਦਗੀ ਨਾਲ ਜੋੜਿਆ ਅਤੇ ਮਹਾਂਪੁਰਸ਼ਾਂ ਦੀ ਸੰਗਤ ਬਖਸ਼ਸ਼ ਕੀਤੀ। ਜਿਵੇਂ ਕਿ ਇਕ ਹਰੀਜਨ ਦੀ ਔਰਤ ਮਹਾਰਾਜੇ ਦੇ ਮਹਿਲਾ ਵਿਚ ਨੌਕਰ ਸੀ।

**ਵਾਰਤਾ**

ਕਿਸੇ ਰਾਜੇ ਦੇ ਮਹਿਲ ਵਿਚ ਇਕ ਹਰੀਜਨ ਔਰਤ ਚੌਂਕੀ ਸਾਫ ਕਰਨ ਦਾ ਕੰਮ ਕਰਦੀ ਸੀ। ਇਕ ਦਿਨ ਉਹ ਬੀਮਾਰ ਹੋ ਗਈ। ਉਸਨੇ ਆਪਣੇ ਪਤੀ ਨੂੰ ਕਿਹਾ ਕਿ "ਮੈਂ ਬੀਮਾਰ ਹਾਂ ਅੱਜ ਤੁਸੀਂ ਜਾ ਕੇ ਚੌਂਕੀ ਸਾਫ ਕਰ ਆਉ।"

ਨੌਕਰ ਮਹਿਲਾਂ ਵਿੱਚ ਚਲਾ ਗਿਆ ਅਤੇ ਦੁਆਰਪਾਲ ਨੂੰ ਬੇਨਤੀ ਕੀਤੀ ਕਿ "ਮੈਂ ਚੌਂਕੀ ਸਾਫ ਕਰਨ ਆਇਆ ਹਾਂ ਮੇਰੀ ਪਤਨੀ ਬੀਮਾਰ ਹੋ ਗਈ ਹੈ।" ਦੁਆਰਪਾਲ ਨੇ ਆਗਿਆ ਲੈ ਕੇ ਉਸ ਨੂੰ ਅੱਗੇ ਭੇਜ ਦਿੱਤਾ। ਜਦੋਂ ਅੰਦਰ ਪਹੁੰਚਿਆ ਤਾਂ ਸਾਹਮਣੇ ਰਾਣੀ ਸਾਹਿਬਾਂ ਪਾਠ ਕਰ ਰਹੀ ਸੀ। ਦੇਖਦੇ ਹੀ ਆਪਣੇ ਹੋਸ਼ ਗਵਾ ਬੈਠਾ ਉਸ ਨੂੰ ਪਤਾ ਨਹੀਂ ਸੀ ਕਿ ਇਹ ਰਾਣੀ ਸਾਹਿਬਾ ਹੈ। ਉਸ ਨੇ ਜਲਦੀ ਜਲਦੀ ਚੌਂਕੀ ਸਾਫ ਕੀਤੀ ਅਤੇ ਆਪਣੇ ਘਰ ਵਾਪਿਸ ਆ ਗਿਆ। ਘਰ ਪਹੁੰਚ ਕੇ ਮੰਜੇ ਉਪਰ ਕੱਪੜਾ ਲੈ ਕੇ ਲੇਟ ਗਿਆ। ਪਤਨੀ ਨੇ ਪੁੱਛਿਆ "ਕੀ ਗੱਲ ਆਉਂਦੇ ਹੀ ਕੱਪੜਾ ਲੈ ਕੇ ਪੈ ਗਏ ਖੈਰ ਤਾਂ ਹੈ, ਕੋਈ ਤਕਲੀਫ ਹੋ ਗਈ ਹੈ।

"ਤਕਲੀਫ ਕੀ! ਮੈਂ ਤਾਂ ਜਦੋਂ ਤੱਕ ਉਸ ਔਰਤ ਨਾਲ ਗੱਲਾਂ ਨਹੀਂ ਕਰ ਲੈਂਦਾ ਜੋ ਮਹਿਲ ਦੇ ਅੰਦਰ ਪੋਥੀ ਪੜ ਰਹੀ ਸੀ ਉਦੋਂ ਤੱਕ ਮੇਰਾ ਜਿਉਣਾ ਮੁਸ਼ਕਲ ਹੋ ਗਿਆ ਹੈ ਹਰੀਜਨ ਬੋਲਿਆ।"

ਔਰਤ ਬੋਲੀ "ਚੁੱਪ ਚੁੱਪ ਉਹ ਤਾਂ ਰਾਣੀ ਸਾਹਿਬਾਂ ਹੈ। ਜੇ ਕਿਸੇ ਨੇ ਸੁਣ ਲਿਆ ਤੇ ਉਨ੍ਹਾਂ ਨੂੰ ਦੱਸ ਦਿੱਤਾ ਤਾਂ ਸਾਡਾ ਅਤੇ ਸਾਡੇ ਬੱਚਿਆਂ ਦਾ ਕਤਲ ਕਰਵਾ ਦੇਣਗੇ।"

"ਚੰਗਾ ਫੇਰ ਮੈਂ ਤਾਂ ਹੁਣ ਬਚਦਾ ਨਹੀਂ।"

"ਪਤੀ ਜੀ ਤੁਸੀਂ ਪ੍ਰਾਣ ਨਾ ਤਿਆਗੋ ਮੈਂ ਹੁਣੇ ਹੀ ਕੋਈ ਉਪਾਊ ਸੋਚਦੀ ਹਾਂ।" ਔਰਤ ਬੋਲੀ।

ਹਰੀਜਨ ਔਰਤ ਮਹਿਲਾਂ ਵਿਚ ਗਈ ਰਾਣੀ ਨੂੰ ਮੱਥਾ ਟੇਕਿਆ ਅਤੇ ਅਸੀਸਾਂ ਦਿੱਤੀਆਂ।

ਰਾਣੀ ਨੇ ਪੁੱਛਿਆ "ਕਿ ਹੁਣ ਤੂੰ ਠੀਕ ਹੈ ਬੁਖਾਰ ਤੋਂ।"

ਰਾਣੀ ਸਾਹਿਬਾ ਮੈਂ ਤਾਂ ਠੀਕ ਹਾਂ ਪਰ ਤੁਹਾਡਾ ਸੇਵਕ ਜੋ ਅੱਜ ਚੌਂਕੀ ਸਾਫ ਕਰਕੇ ਗਿਆ ਹੈ ਸਾਹਾਂ ਪਰ ਪਿਆ ਹੈ ਕਹਿੰਦਾ ਹੈ ਮੈਂ ਬਚਦਾ ਨਹੀਂ।

ਰਾਣੀ ਨੇ ਪੁਛਿਆ "ਕੀ ਹੋ ਗਿਆ ਹੈ ਉਹ ਹੁਣੇ ਤਾਂ ਇਥੋਂ ਠੀਕ ਠਾਕ ਗਿਆ ਹੈ।"

ਹਰੀਜਨ ਔਰਤ ਬੋਲੀ "ਰਾਣੀ ਸਾਹਿਬਾਂ ! ਗੁਸਤਾਖੀ ਮਾਫ਼ ਕਰਨੀ। ਤੁਹਾਡਾ ਸੇਵਕ ਚੌਂਕੀ ਸਾਫ਼ ਕਰਨ ਆਇਆ ਤੁਹਾਡੇ ਦਰਸ਼ਨ ਕਰ ਗਿਆ।" ਇਥੋਂ ਜਾ ਕੇ ਕਹਿੰਦਾ ਹੈ, "ਮੈਂ ਤਾਂ ਜਦੋਂ ਤੱਕ ਰਾਣੀ ਨਾਲ ਬਾਤਾਂ ਨਹੀਂ ਕਰ ਲੈਂਦਾ ਜੀਉਂਦਾ ਨਹੀਂ ਰਹਿ ਸਕਦਾ।"

ਰਾਣੀ ਸਤਵੰਤੀ ਬੋਲੀ, "ਕੋਈ ਗੱਲ ਨਹੀਂ ਮੈਂ ਉਸ ਨਾਲ ਜ਼ਰੂਰ ਗੱਲਾਂ ਕਰਾਂਗੀ। ਨੌਕਰ ਸਾਡੇ ਬੱਚਿਆਂ ਵਰਗੇ ਹੁੰਦੇ ਹਨ ਪਰ ਰਾਜਿਆਂ ਮਹਾਰਾਜਿਆਂ ਦੇ ਦਰਸ਼ਨ ਕਰਨ ਵਾਲਿਆਂ ਦਾ ਹਿਰਦਾ ਸ਼ੁਧ ਹੋਣਾ ਚਾਹੀਦਾ ਹੈ ਤਾਂ ਸੁਖ ਮਿਲਦਾ ਹੈ। ਮੈਂ ਉਸ ਨਾਲ ਬਾਤਾਂ ਜ਼ਰੂਰ ਕਰਾਂਗੀ ਪਰ ਇੱਕ ਸ਼ਰਤ ਹੈ ਕਿ ਉਹ ਇਕ ਲੰਗੋਟੀ ਵਿੱਚ ਹੋ ਕੇ ਅਤੇ ਆਪਣੇ ਸਰੀਰ ਉਤੇ ਭਿਬੂਤੀ (ਸੁਆਹ) ਮਲ ਕੇ ਹੱਥ ਵਿੱਚ ਮਾਲਾ ਫੜ ਕੇ ਇਕ ਚੁਰਸਤੇ ਵਿੱਚ ਬੈਠ ਕੇ ਰਾਮ ਰਾਮ ਦੀ ਮਾਲਾ ਫੇਰੀ ਜਾਵੇ। ਉਸ ਦੇ ਅੱਗੇ ਕੋਈ ਸਵਾਲ ਵੀ ਕਰੇ ਤਾਂ ਵੀ ਅੱਖਾਂ ਨਾ ਖੋਲ੍ਹੇ, ਰਾਮ ਰਾਮ ਹੀ ਜਪੀ ਜਾਵੇ, ਨਾ ਕੋਈ ਜਵਾਬ ਦੇਵੇ। ਉਸ ਦੇ ਅੱਗੇ ਕੋਈ ਮਾਇਆ, ਮਠਿਆਈਆਂ, ਕੱਪੜੇ, ਹੀਰੇ ਮੋਤੀ ਵੀ ਰੱਖ ਦੇਵੇ ਉਨ੍ਹਾਂ ਵੱਲ ਅੱਖ ਪੁੱਟ ਕੇ ਨਾ ਦੇਖੇ। ਇਹ ਕੁਝ ਪੈਸੇ ਲੈ ਜਾ ਇਨ੍ਹਾਂ ਪੈਸਿਆ ਦਾ ਰਾਸ਼ਨ ਖਰੀਦ ਕੇ ਉਸ ਨੂੰ ਘਿਉ ਦੀਆਂ ਪਿੰਨੀਆਂ ਬਣਾ ਦੇਵੀਂ। ਉਸ ਨੂੰ ਕਹਿਣਾ ਇਹ ਪਿੰਨੀਆਂ ਮਟਕੇ ਵਿੱਚ ਪਾ ਕੇ ਆਪਣੇ ਆਸਣ ਹੇਠ ਮਟਕਾ (ਘੜਾ) ਮਿੱਟੀ ਵਿਚ ਦੱਬ ਲਵੀਂ ਅਤੇ ਪਾਣੀ ਦਾ ਘੜਾ ਪੀਣ ਲਈ ਰੱਖਣਾ ਜਦ ਕੋਈ ਉਸ ਦੇ ਕੋਲ ਨਾ ਹੋਵੇ। ਰਾਤ ਨੂੰ ਦੋ ਪਿੰਨੀਆਂ ਖਾ ਲਿਆ ਕਰੇ ਅਤੇ ਪਾਣੀ ਪੀ ਲਿਆ ਕਰੇ ਅਤੇ ਰਾਤ ਵੇਲੇ ਹੀ ਜੰਗਲ ਪਾਣੀ ਜਾਇਆ ਕਰੇ। ਇਹ ਸਾਰਾ ਕੁਝ ਕਰਦੇ ਨਾਲ ਮੈਂ ਆ ਕੇ ਬਾਤਾ ਕਰਾਂਗੀ। ਦਿਨ ਦੇ ਸਮੇਂ ਰਾਮ ਰਾਮ ਦੀ ਮਾਲਾ ਜਪਦਾ ਰਹੇ।"

ਹਰੀਜਨ ਔਰਤ ਨੇ ਘਰ ਆ ਕੇ ਆਪਣੇ ਪਤੀ ਨੂੰ ਸਭ ਕੁਝ ਸਮਝਾ ਦਿੱਤਾ। ਬਜ਼ਾਰ ਵਿਚੋਂ ਰਾਸ਼ਨ ਲਿਆ ਕੇ ਪਿੰਨੀਆਂ ਬਣਾ ਦਿੱਤੀਆਂ। ਜਿਸ ਤਰ੍ਹਾਂ ਰਾਣੀ ਨੇ

ਆਖਿਆ ਸੀ ਹਰੀਜਨ ਨੇ ਉਸੀ ਤਰ੍ਹਾਂ ਕਰਨਾ ਸ਼ੁਰੂ ਕਰ ਦਿੱਤਾ। ਭਬੂਤੀ ਸਰੀਰ ਉਤੇ ਲਾ ਕੇ ਚੁਰਸਤੇ ਵਿਚ ਬੈਠ ਗਿਆ ਅਤੇ ਰਾਮ ਰਾਮ ਦੀ ਮਾਲਾ ਦਾ ਜਾਪ ਕਰਨ ਲੱਗ ਪਿਆ। ਜੋ ਵੀ ਚੁਰਸਤੇ ਵਿਚੋਂ ਲੰਘੇ ਹਰ ਕੋਈ ਸਾਧੂ ਸਮਝ ਕੇ ਮੱਥਾ ਟੇਕ ਕੇ ਜਾਵੇ। ਕੋਈ ਕਪੜਾ, ਕੋਈ ਪੈਸਾ, ਮਠਿਆਈਆਂ ਦੇ ਡੱਬੇ ਭੇਟਾ ਕਰੇ। ਪਰ ਉਹ ਅਡੋਲ ਬੈਠਾ ਰਾਮ ਰਾਮ ਜਪੀ ਜਾਵੇ ਕਿਸੇ ਵੱਲ ਦੇਖੇ ਵੀ ਨਾ। ਰਾਤ ਨੂੰ ਜਦੋਂ ਇਕੱਲਾ ਹੋਵੇ ਪਿੰਨੀਆਂ ਖਾ ਲਵੇ ਤੇ ਕਿਰਿਆ ਸੋਧ ਕੇ ਆਰਾਮ ਕਰ ਲਵੇ। ਕਈ ਦਿਨ ਇਸ ਤਰ੍ਹਾਂ ਚਲਦਾ ਰਿਹਾ ਤਾਂ ਲੋਕਾਂ ਵਿੱਚ ਚਰਚਾ ਸ਼ੁਰੂ ਹੋ ਗਈ ਕਿ ਚੁਰਸਤੇ ਵਿਚ ਸਾਧੂ ਬੈਠੇ ਹਨ ਜੋ ਰਾਮ ਰਾਮ ਜਪੀ ਜਾਂਦੇ ਹਨ ਸਿਰਫ ਪਾਣੀ ਪੀਂਦੇ ਹਨ ਹੋਰ ਕੁਝ ਨਹੀਂ ਖਾਂਦੇ। ਹੌਲੀ ਹੌਲੀ ਇਹ ਖਬਰ ਰਾਜ ਦਰਬਾਰ ਵਿਚ ਪਹੁੰਚ ਗਈ। ਵਜ਼ੀਰਾਂ ਅਤੇ ਅਹਿਲਕਾਰਾਂ ਨੇ ਵੀ ਦਰਸ਼ਨ ਕਰਨ ਦਾ ਮਨ ਬਣਾ ਲਿਆ। ਉਨ੍ਹਾਂ ਨੇ ਚੰਗੇ ਚੰਗੇ ਬਸਤਰ ਅਤੇ ਤੋਹਫੇ ਲਏ ਤੇ ਦਰਸ਼ਨ ਕਰਨ ਚਲ ਪਏ। ਵਜ਼ੀਰਾਂ ਤੇ ਅਹਿਲਕਾਰਾਂ ਨੇ ਦੇਖਿਆ ਕਿ ਸਾਧੂ ਨੇ ਕਿਸੇ ਚੀਜ਼ ਵੱਲ ਕੋਈ ਧਿਆਨ ਨਹੀਂ ਦਿੱਤਾ, ਰਾਮ ਰਾਮ ਦੀ ਮਾਲਾ ਵਿੱਚ ਹੀ ਮਸਤ ਹੈ। ਉਨ੍ਹਾਂ ਜਾ ਕੇ ਰਾਜੇ ਨੂੰ ਦੱਸਿਆ ਕਿ "ਚੁਰਸਤੇ ਵਿੱਚ ਸਾਧੂ ਬੈਠੇ ਹਨ, ਰਾਮ ਰਾਮ ਜਪੀ ਜਾਂਦੇ ਹਨ, ਬਹੁਤ ਤਿਆਗੀ ਹਨ ਕਿਸੇ ਚੀਜ਼ ਵੱਲ ਧਿਆਨ ਨਹੀਂ ਦਿੰਦੇ, ਨਾਂ ਹੀ ਕੁਝ ਖਾਂਦੇ ਹਨ।"

ਰਾਜੇ ਨੇ ਵੀ ਮਨ ਬਣਾ ਲਿਆ ਕਿ ਇਹੋ ਜਿਹੇ ਸਾਧੂ ਦੇ ਜ਼ਰੂਰ ਦਰਸ਼ਨ ਕਰੀਏ। ਰਾਜਾ ਹੀਰੇ ਮੋਤੀਆਂ ਦੇ ਭੇਟਾ ਲੈ ਕੇ ਦਰਸ਼ਨ ਕਰਨ ਚੱਲ ਪਿਆ। ਰਾਜੇ ਨੇ ਮੱਥਾ ਟੇਕਿਆ ਅਤੇ ਤੋਹਫੇ ਭੇਂਟ ਕੀਤੇ ਪਰ ਸਾਧੂ ਨੇ ਕੋਈ ਧਿਆਨ ਨਹੀਂ ਦਿੱਤਾ ਰਾਮ ਰਾਮ ਦੀ ਮਾਲਾ ਫੇਰੀ ਗਿਆ ਅੱਖਾਂ ਬੰਦ ਰੱਖੀਆਂ। ਰਾਜਾ ਸਾਹਿਬ ਨੇ ਆ ਕੇ ਰਾਣੀ ਕੋਲ ਗੱਲ ਕੀਤੀ ਕਿ 'ਚੁਰਸਤੇ ਵਿਚ ਸਾਧੂ ਬੈਠੇ ਹਨ ਰਾਮ ਰਾਮ ਦੀ ਮਾਲਾ ਫੇਰੀ ਜਾਂਦੇ ਹਨ, ਕਿਸੇ ਕਿਸਮ ਦਾ ਲੋਭ ਨਹੀਂ, ਪਦਾਰਥ ਅੱਗੇ ਪਏ ਹਨ, ਮਾਇਆ, ਬਸਤਰ ਆਦਿ ਕਿਸੇ ਨੂੰ ਹੱਥ ਨਹੀਂ ਲਾਉਂਦੇ, ਨਾ ਹੀ ਕੁਝ ਖਾਂਦੇ ਹਨ।'

ਰਾਣੀ ਨੂੰ ਸਭ ਕੁਝ ਮਾਲੂਮ ਹੀ ਸੀ ਉਸ ਨੇ ਰਾਜੇ ਨੂੰ ਬੇਨਤੀ ਕੀਤੀ "ਮਹਾਰਾਜ ਮੈਂ ਵੀ ਦਰਸ਼ਨ ਕਰ ਆਵਾਂ ਜੇ ਹੁਕਮ ਹੋਵੇ।" "ਜ਼ਰੂਰ ਦਰਸ਼ਨ ਕਰੋ" ਰਾਜੇ ਨੇ ਆਗਿਆ ਦੇ ਦਿੱਤੀ।

ਰਾਜੇ ਨੇ ਅਹਿਲਕਾਰਾਂ ਨੂੰ ਕਹਿ ਕੇ ਉਥੇ ਕਨਾਤਾਂ ਲਗਵਾ ਦਿੱਤੀਆਂ ਕਿਉਂਕਿ

ਰਾਣੀ ਨੇ ਵੀ ਦਰਸ਼ਨ ਕਰਨੇ ਸਨ। ਰਾਣੀ ਬੱਘੀ ਵਿਚ ਸਵਾਰ ਕੇ ਗੋਲੀਆਂ ਬਾਂਧੀਆਂ ਨਾਲ ਦਰਸ਼ਨ ਕਰਨ ਪਹੁੰਚ ਗਈ। ਬੱਘੀ ਬਾਹਰ ਖੜੀ ਕਰਕੇ ਰਾਣੀ ਉਤਰ ਕੇ ਹਰੀਜਨ ਸਾਧੂ ਦੇ ਅੱਗੇ ਜਾ ਖੜੀ ਹੋਈ ਜੋ ਰਾਮ ਰਾਮ ਜਪੀ ਜਾ ਰਿਹਾ ਸੀ ਅਤੇ ਰਾਣੀ ਉਸ ਦੇ ਅੱਗੇ ਜਾ ਕੇ ਬੋਲੀ "ਉਹ ਰੱਬ ਦੇ ਬੰਦੇ ਮੈਂ ਖੜੀ ਹਾਂ ਕਰ ਗੱਲ ਜੋ ਕਰਨੀ ਹੈ।" ਬਾਂਧੀਆਂ ਹੈਰਾਨ ਸਨ ਕਿ ਰਾਣੀ ਸਾਧੂ ਨੂੰ ਇਸ ਤਰ੍ਹਾਂ ਕਿਉਂ ਬੋਲੀ ਪਰ ਕਿਸੇ ਦੀ ਪੁੱਛਣ ਦੀ ਹਿੰਮਤ ਨਹੀਂ ਸੀ। ਰਾਣੀ ਨੇ ਫਿਰ ਕਿਹਾ "ਉਹ ਰੱਬ ਦੇ ਬੰਦੇ ਮੈਂ ਖੜੀ ਹਾਂ ਇਕੱਲੀ ਜੋ ਗੱਲ ਕਰਨੀ ਹੈ ਕਰ।"

ਸਾਧੂ ਫਿਰ ਵੀ ਨਹੀਂ ਬੋਲਿਆ। ਇਸੇ ਤਰ੍ਹਾਂ ਰਾਣੀ ਨੇ ਤੀਸਰੀ ਵਾਰ ਕਿਹਾ ਫਿਰ ਵੀ ਕੋਈ ਜਵਾਬ ਨਹੀਂ। ਚੌਥੀ ਵਾਰ ਫਿਰ ਰਾਣੀ ਬੋਲੀ "ਬੋਲਦਾ ਕਿਉਂ ਨਹੀਂ, ਬਾਤ ਕਰ ਨਹੀਂ ਤਾਂ ਹੁਣੇ ਹੀ ਫਾਂਸੀ ਤੇ ਲਟਕਾ ਦੇਵਾਂਗੀ।" ਉਸੇ ਸਮੇਂ ਹਰੀਜਨ ਮਹਾਤਮਾ ਰਾਣੀ ਦੇ ਚਰਨਾਂ ਉੱਪਰ ਡਿੱਗ ਪਿਆ ਅਤੇ ਬੇਨਤੀ ਕਰਨ ਲੱਗਾ "ਤੁਸੀਂ ਮੇਰੀ ਧਰਮ ਦੀ ਮਾਤਾ ਹੋ, ਮੇਰੇ ਗੁਰੂ ਹੋ ਜਿਨ੍ਹਾਂ ਦੇ ਉਪਦੇਸ਼ ਨਾਲ ਮੈਨੂੰ ਨੀਚ ਜਾਤ ਦੇ ਨੂੰ ਰਾਮ ਨਾਮ ਦੀ ਇਹੋ ਜਿਹੀ ਦੁਰਲੱਭ ਚੀਜ਼ ਮਿਲੀ ਹੈ ਜਿਸ ਦੇ ਪ੍ਰਤਾਪ ਨਾਲ ਰਾਜੇ ਮਹਾਰਾਜੇ, ਅਮੀਰ ਧਨਾਢ, ਵਜ਼ੀਰਾਂ ਨੇ ਸਭ ਅਮੀਰਾਂ ਗਰੀਬਾਂ ਨੇ ਮੈਨੂੰ ਨਮਸ਼ਕਾਰ ਕੀਤੀ ਹੈ। ਇਹ ਰਾਮ ਰਾਮ ਦੇ ਜਾਪ ਦੀ ਹੀ ਕ੍ਰਿਪਾ ਹੈ ਜਿਸ ਨਾਲ ਸਾਰੇ ਮੈਨੂੰ ਨੀਵੀਂ ਜਾਤ ਵਾਲੇ ਨੂੰ ਮੱਥਾ ਟੇਕਦੇ ਹਨ।

**ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥ ਰਿਦੈ ਰਾਮ ਗੋਬਿੰਦ ਗੁਨ ਸਾਰੰ ॥੧॥ ਰਹਾਉ ॥ ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ ॥ ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ ॥੧॥ ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ ॥ ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ ॥੨॥ ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ ॥ ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥** (ਅੰਗ ੧੨੯੩)

ਬੰਦਗੀ ਕਰਨ ਵਾਲਾ ਨਾਮ ਜਪਦਾ ਜਪਦਾ ਪ੍ਰਮਾਤਮਾ ਦਾ ਰੂਪ ਹੋ ਜਾਂਦਾ ਹੈ ਜਿਸ ਦੀ ਕੋਈ ਜਾਤ ਪਾਤ ਨਹੀਂ ਰਹਿੰਦੀ। ਸੰਸਾਰੀ ਜੀਵ ਮਨੁੱਖ ਪਰਮੇਸ਼ਰ ਦਾ

ਨਾਮ ਜਪ ਕੇ ਆਪਣਾ ਲੋਕ ਪ੍ਰਲੋਕ ਸਵਾਰ ਲੈਂਦਾ ਹੈ ਅਤੇ ਦੂਜਿਆਂ ਲਈ ਚਾਨਣ ਮੁਨਾਰਾ ਬਣ ਜਾਂਦਾ ਹੈ।

ਸੋ ਇਸ ਤਰ੍ਹਾਂ ਮੁਨਸ਼ੀ ਹਰਦਿੱਤ ਸਿੰਘ ਜੀ ਵੀ ਮਹਾਰਾਜੇ ਦਾ ਧੰਨਵਾਦੀ ਅਤੇ ਸ਼ੁਕਰਗੁਜਾਰ ਹੈ ਜਿਨ੍ਹਾਂ ਨੇ ਨੌਕਰੀ ਤੋਂ ਬਰਖਾਸ਼ਤ ਕਰਕੇ ਬਾਬਾ ਜੀ ਬਾਬਾ ਮਹਾਂਹਰਿਨਾਮ ਸਿੰਘ ਜੀ ਦੇ ਚਰਨਾਂ ਦੇ ਲੜ ਲਾਇਆ ਅਤੇ ਮਹਾਂਪੁਰਸ਼ਾ ਦੇ ਅੰਚਲ ਲੱਗ ਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਜਨਮ ਸਫਲ ਕਰ ਗਿਆ। ਉਨ੍ਹਾਂ ਨੂੰ ਚੰਗੇ ਭਾਗਾਂ ਨਾਲ ਸ਼ਾਖਯਾਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਦਾ ਮੌਕਾ ਮਿਲਿਆ ਅਤੇ ਦਰਸ਼ਨ ਹੋਏ।

**ਉਆ ਅਉਸਰ ਕੈ ਹਉ ਬਲਿ ਜਾਈ ॥ ਆਠ ਪਹਰ ਅਪਨਾ ਪ੍ਰਭੁ ਸਿਮਰਨੁ ਵਡਭਾਗੀ ਹਰਿ ਪਾਂਈ ॥੧॥ ਰਹਾਉ ॥ ਭਲੋ ਕਬੀਰੁ ਦਾਸੁ ਦਾਸਨ ਕੋ ਊਤਮੁ ਸੈਨੁ ਜਨੁ ਨਾਈ ॥ ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ ॥੧॥ ਜੀਉ ਪਿੰਡੁ ਤਨੁ ਧਨੁ ਸਾਧਨ ਕਾ ਇਹੁ ਮਨੁ ਸੰਤ ਰੇਨਾਈ ॥ ਸੰਤ ਪ੍ਰਤਾਪਿ ਭਰਮ ਸਭਿ ਨਾਸੇ ਨਾਨਕ ਮਿਲੇ ਗੁਸਾਈ ॥** (ਅੰਗ ੧੨੦੭)

## (29)

## ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ (ਅੰਗ ੩੧੯)

### (ਡੇਰਾ ਵੱਡੀ ਰੂੰਮੀ ਸਾਹਿਬ) ਸੇਮੇ ਨਗਰ ਦੀ ਸਾਖੀ

ਮਨੁੱਖੀ ਹੰਕਾਰ ਪ੍ਰਭਿਤਾ ਦੀ ਛੋਟੀ ਜਿਹੀ ਮੰਜਲ ਦੀ ਪੌੜੀ ਚੜ ਕੇ ਸ੍ਰਿਸ਼ਟੀ ਦੇ ਮਾਲਕ ਨੂੰ ਵੀ ਵੰਗਾਰਣ ਤੋਂ ਸੰਕੋਚ ਨਹੀਂ ਕਰਦਾ। ਇਕ ਸਮੇਂ ਤਾਂ ਹਰਨਾਖਸ਼, ਰਾਵਣ, ਕੰਸ਼, ਹਲਾਤੂ, ਹਿਟਲਰ, ਚੰਗੇਜ ਖਾਂ, ਮਾਉਜੇਤੁੰਗ ਦਾ ਰੂਪ ਧਾਰਨ ਕਰ ਲੈਂਦਾ ਹੈ ਤੇ ਪ੍ਰਮੇਸ਼ਰ ਨਾਲ ਵੀ ਵਧੀਕੀਆਂ ਕਰਦਾ ਅਤੇ ਉਸ ਦੀਆਂ ਰਹਿਮਤਾਂ ਤੋਂ ਵੀ ਮੁਨਕਰ ਹੋ ਜਾਂਦਾ ਹੈ। ਇਹੋ ਜਿਹੀ ਸੋਚ ਬਣ ਗਈ ਸੀ ਮੁਨਸ਼ੀ ਹਰਦਿੱਤ ਸਿੰਘ ਜੀ ਦੇ ਮਾਲਕ ਰਾਜਿਆਂ ਦੀ। ਜਦੋਂ ਬਾਬਾ ਨਰੈਣ ਸਿੰਘ ਜੀ ਪਟਿਆਲੇ ਗਏ ਸਨ ਤਾਂ ਉਸ ਸਮੇਂ ਮੁਨਸ਼ੀ ਜੀ ਨੇ, ਭਾਈ ਚੈਨ ਸਿੰਘ ਗ੍ਰੰਥੀ ਦੀ ਕਲਮ ਦਾ ਲਿਖਿਆ ਧੰਨ ਬਾਬਾ ਮਹਾਂਹਰਿਨਾਮ ਸਿੰਘ ਜੀ ਵੱਲੋਂ ਫੁਰਮਾਇਆ ਹੋਇਆ ਕਾਗਜ਼ ਪੇਸ਼ ਕੀਤਾ ਜਿਸ ਵਿਚ ਬਾਬਾ ਜੀ ਨੇ ਸੁਖਮਨੀ ਸਾਹਿਬ ਅਤੇ ਸੁਖਮਨੇ ਸਾਹਿਬ ਦੇ

ਸੰਪਟ ਪਾਠ ਕਰਵਾਉਣੇ ਹਨ। ਇਸ ਹੁਕਮ ਨੂੰ ਸੁਸਰੀ ਨਾ ਸਮਝਣਾ। ਬਾਬਾ ਜੀ ਵੱਲੋਂ ਹੁਕਮ ਲਗਾਇਆ ਹੋਇਆ ਸੀ।

ਰਾਜਾ ਸਾਹਿਬ ਨੇ ਇਹ ਸੁਣ ਕੇ ਕਿਹਾ "ਕਿ ਸਾਧ ਸੰਤ ਕਿਸੇ ਦਾ ਕੋਈ ਭਲਾ ਨਹੀਂ ਕਰ ਸਕਦੇ। ਜਿਸ ਨੇ ਜੋ ਵੀ ਤਕਲੀਫ ਉਠਾਉਣੀ ਹੈ ਉਹ ਭੋਗਣੀ ਪਵੇਗੀ।"

ਮੁਨਸ਼ੀ ਜੀ ਕਹਿਣ ਲੱਗੇ "ਰਾਜਾ ਸਾਹਿਬ ਤਕਲੀਫਾਂ ਤਾਂ ਸਮਾਂ ਪਾ ਕੇ ਮਿਆਦ ਪੂਰੀ ਹੋਣ ਤੇ ਦੂਰ ਹੋ ਜਾਂਦੀਆਂ ਹਨ। ਪਰ ਜੋ ਤਕਲੀਫਾ ਨਵਿਰਤ ਕਰਨੀਆਂ ਉਮਰ ਵਧਾਉਣੀ, ਘੋਰ ਕਸ਼ਟਾਂ ਤੋਂ ਬਚਾਉਣਾ ਆਦਿ ਜੋ ਬਾਬਾ ਜੀ ਨੇ ਦੂਰ ਕੀਤੀਆ ਉਹ ਆਪਣੇ ਆਪ ਵਿਚ ਵਿਚਰਨ ਵਾਲੀਆਂ ਨਹੀਂ ਸਨ। ਬਾਬਾ ਜੀ ਨੇ ਨਿਰੰਕਾਰੀ ਤਾਕਤ ਨਾਲ ਦੂਰ ਕੀਤੀਆਂ ਹਨ। ਤੁਹਾਡੇ ਅੰਦਰੋਂ ਹੰਕਾਰ ਦੀ ਬੋਅ ਆ ਰਹੀ ਹੈ।"

ਇਸ ਤੋਂ ਬਾਅਦ ਰਾਜਿਆਂ ਨੇ ਮੁਨਸ਼ੀ ਜੀ ਨੂੰ ਨਰਾਜ਼ ਹੋ ਕੇ ਨੌਕਰੀ ਤੋਂ ਕੱਢ ਦਿੱਤਾ ਅਤੇ ਉਸ ਦਾ ਘਰ, ਸਮਾਨ, ਜ਼ਮੀਨ ਵੀ ਨਿਲਾਮ ਹੋਣ ਤੋਂ ਨਹੀਂ ਬਚਾਈ। ਉਸ ਨੂੰ ਹਰ ਤਰ੍ਹਾਂ ਦੀ ਸਹਾਇਤਾ ਦੇਣ ਤੋਂ ਵੀ ਮੁਨਕਰ ਹੋ ਗਏ। ਰਾਜਿਆਂ ਨੇ ਮੁਨਸ਼ੀ ਜੀ ਨੂੰ ਨਮਕਹਰਾਮ ਨੌਕਰ ਵੀ ਕਿਹਾ। ਮੁਨਸ਼ੀ ਜੀ ਨੇ ਇਸ ਬਦਲੇ ਉਤਰ ਭੇਜਿਆ ਕਿ "ਮੈਂ ਨਮਕ ਹਰਾਮ ਨੌਕਰਾਂ ਵਿਚੋਂ ਨਹੀਂ, ਮੈਂ ਤਾਂ ਉਹ ਨੌਕਰ ਹਾਂ ਜਿਸ ਦੀ ਲਿਖਣੇ ਪੜਨੇ ਅਤੇ ਪਹਿਰਿਆਂ ਦੇ ਕਟਨੇ ਦੀ ਸੇਵਾ ਤੋਂ ਖੁਸ਼ ਹੋ ਕੇ ਬਾਬਾ ਜੀ ਮਹਾਰਾਜ ਨੇ ਮੈਨੂੰ ਕਾਰਖਾਸ ਵਿਚ ਭੇਜ ਕੇ ਅਫਸਰ ਕਾਰਖਾਸ ਨੂੰ ਤਾੜਨਾ ਕਰਕੇ ਆਪਣੇ ਮਹਾਂਪਵਿੱਤਰ ਅਤੇ ਮਹਾਂਸ਼ਕਤੀਆਂ ਨਾਲ ਭਰਪੂਰ ਪਲੰਗ (ਗੱਦੀ ਸਾਹਿਬ) ਉਪਰ ਪਾ ਕੇ ਮੇਰੀ ਅਤੇ ਮੇਰੇ ਘਰਵਾਲੀ ਦੋਨਾਂ ਦੀ ਇਕੱਠੀ ਸਰਾਂ ਕਰਵਾਕੇ, ਫਿਰ ਉਸ ਪਿੱਪਲ ਹੇਠ ਵੀ ਲਿਟਾਇਆ, ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਘੋੜਾ ਬੰਨਿਆ ਅਤੇ ਬਾਬਾ ਮਹਾਂਹਰਿਨਾਮ ਸਿੰਘ ਜੀ ਨਾਲ ਗੋਸ਼ਟ ਕੀਤੀ ਸੀ ਤੇ ਦੁਪਹਿਰ ਕੱਟੀ ਸੀ। ਇਸ ਪਿੱਪਲ ਹੇਠ ਮਹਾਂਦੇਵ, ਦਰੋਪਤੀ, ਦੇਵੀ ਦੇਵਤਿਆਂ ਨੇ ਵੀ ਭਗਤੀ ਕੀਤੀ ਸੀ। ਬਾਬਾ ਅਨੰਦ ਸਿੰਘ ਜੀ ਮਹਾਰਾਜ ਵੀ ਇਸ ਪਿੱਪਲ ਦੇ ਟਾਹਣੇ ਉਪਰ ਬੈਠ ਕੇ ਸਾਰੀ ਸਾਰੀ ਰਾਤ ਭਗਤੀ ਕਰਦੇ ਸਨ। ਇਹ ਟਾਹਣਾ ਤਖਤੇਆਣਾ ਢਾਬ ਵਿਚ ਅੱਗੇ ਤੱਕ ਜਾਂਦਾ ਸੀ। ਜੇ ਨੀਂਦ ਆਉਣੀ ਤਾਂ ਪਾਣੀ ਵਿੱਚ ਡਿੱਗ ਪੈਂਦੇ। ਇਸ ਪਿੱਪਲ ਹੇਠ ਮੁਨਸ਼ੀ ਜੀ ਅਤੇ ਉਸ ਦੇ ਘਰਵਾਲੀ ਤੋਂ ਪਹਿਰੇ ਪਵਾ ਕੇ ਹਜ਼ੂਰ

ਮਾਲਕਾ ਅਤੇ ਰਾਜਿਆਂ ਦੀਆਂ ਪਵਿੱਤਰ ਦੇਹਾਂ ਬਚਾਈਆਂ।" ਮੁਨਸ਼ੀ ਜੀ ਲਿਖਦੇ ਹਨ ਕਿ ਰਾਜਾ ਸਾਹਿਬ ਸਮਝਦੇ ਹੋਣਗੇ ਕਿ ਮੈਨੂੰ ਨੌਕਰੀ ਤੋਂ ਹਟਾ ਦਿੱਤਾ ਕਿਉਂਕਿ ਇਹ ਨਮਕਹਰਾਮ ਹੈ ਪਰ ਸ੍ਰੀ ਮਾਨ ਜੀ ਬਾਬਾ ਜੀ ਨੇ ਤਾਂ ਨਹੀਂ ਹਟਾਇਆ। ਮੈਨੂੰ ਤਾਂ ਮਾਲਕ ਬਾਬਾ ਜੀ ਨੇ ਫੁਰਮਾਇਆ ਸੀ ਕਿ ਪਹਿਰਾ ਸੁੰਨਾ (ਖਾਲੀ) ਨਹੀਂ ਛੱਡਣਾ ਅਤੇ ਸੇਵਾ ਨਹੀਂ ਛੱਡਣੀ ਇਸ ਦੇ ਵਿੱਚ ਤੇਰਾ ਵੀ ਭਲਾ ਅਤੇ ਰਾਜਿਆਂ ਦਾ ਵੀ ਭਲਾ ਹੁੰਦਾ ਰਹੇਗਾ।

ਮੁਨਸ਼ੀ ਜੀ ਨੂੰ ਬੇਸ਼ਕ ਰਾਜਿਆਂ ਵੱਲੋਂ ਨਮਕਹਰਾਮੀ ਨਾਲ ਨਿਵਾਜਿਆ ਗਿਆ ਪਰ ਹਜ਼ੂਰ ਬਾਬਾ ਜੀ ਨੇ ਉਸ ਦਾ ਲੋਕ ਪ੍ਰਲੋਕ ਵਿਚ ਸਤਿਕਾਰ ਬਣਾਇਆ। ਰਾਜਿਆ, ਮਹਾਰਾਜਿਆਂ ਨੂੰ ਸੁਖ ਮਿਲਦਾ ਰਹੇ ਤਾਂ "ਮੈਂ" ਦੀ ਸਵਾਰੀ ਕਰਦੇ ਹਨ ਜੇ ਦੁੱਖ ਮਿਲੇ ਤਾਂ "ਤੂੰ" (ਪ੍ਰਮਾਤਮਾ) ਨੂੰ ਦੋਸ਼ੀ ਕਰਾਰ ਦਿੰਦੇ ਹਨ।

ਹੰਕਾਰੀ ਮੈਂ ਦਾ ਸਵਾਰ ਹੁੰਦਾ ਹੈ ਭਗਤ ਤੂੰ ਦਾ। ਹੰਕਾਰ ਮੈਂ ਨੂੰ ਪ੍ਰਗਟ ਕਰਦਾ ਹੈ ਤੂੰ ਨਿਰੰਕਾਰ ਨੂੰ ਪ੍ਰਗਟ ਕਰਦਾ ਹੈ।

**ਸਲੋਕੁ ॥ ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ ॥**
**ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ ॥** (ਅੰਗ ੨੭੮)

## (30)

## ਮਨ ਰੇ ਹੁਕਮੁ ਮੰਨਿ ਸੁਖੁ ਹੋਇ ॥ (ਅੰਗ ੧੨੫੮)

### ਬਾਬਾ ਜੀ ਦੇ ਦਰਬਾਰ ਵਿਚ ਪਾਬੰਦੀਆਂ

ਪ੍ਰਕਿਰਤੀ ਅਸੂਲਾਂ ਉਤੇ ਪਹਿਰਾ ਦੇਂਦੀ ਹੈ। ਹਰ ਇਕ ਪ੍ਰਕਿਰਤਕ ਵਸਤੂ ਉਸ ਦੇ ਹੁਕਮ ਵਿਚ ਹੈ। ਸੂਰਜ ਦਾ ਚੜਨਾ, ਛਿਪਣਾ, ਧਰਤੀ ਦਾ ਘੁੰਮਣਾ, ਚੰਦ, ਤਾਰਿਆਂ, ਗ੍ਰਹਿ ਨਛੱਤਰਾਂ ਦਾ ਹੁਕਮ ਵਿਚ ਰਹਿਣਾ। ਪ੍ਰਮਾਤਮਾ ਨਾਲ ਮਿਲਾਪ ਕਰਨ ਵਾਲੀ ਮਨੁੱਖੀ ਜ਼ਿੰਦਗੀ (ਮਨੁੱਖਾ ਜਨਮ) ਉਸ ਮਾਲਕ ਦੇ ਅਸੂਲਾਂ ਦੀ ਉਲੰਘਨਾ ਕਰਨ ਲਈ ਤੱਤਪਰ ਰਹਿੰਦੀ ਹੈ। ਹਜ਼ੂਰ ਬਾਬਾ ਜੀ ਦੇ ਦਰਬਾਰ ਵਿਚ ਕੁਝ ਪਾਬੰਦੀਆਂ ਸਨ ਜਿਨ੍ਹਾਂ ਵਿਚੋਂ ਕਿਸੇ ਹੋਰ ਵਿਅਕਤੀ ਦੀ ਸਿਫਾਰਸ਼ ਕਰਨਾ ਵੀ ਇਕ ਪਾਬੰਦੀ ਸੀ। ਹਜ਼ੂਰ ਫੁਰਮਾਇਆ ਕਰਦੇ ਸਨ ਕਿ "ਕੋਈ ਸੇਵਕ ਕਿਸੇ ਦੀ ਸਿਫਾਰਸ਼ ਨ ਕਰੇ। ਜੋ ਵੀ ਕਿਸੇ ਦੀ ਸਿਫਾਰਸ਼ ਕਰੇਗਾ ਉਸ ਦੀ ਸੇਵਾ ਦਾ ਫਲ ਉਸ

ਨੂੰ ਮਿਲੇਗਾ ਜਿਸ ਦੀ ਉਹ ਸਿਫਾਰਸ਼ ਕਰੇਗਾ। ਸਿਫਾਰਸ਼ ਕਰਨ ਵਾਲੇ ਦੇ ਕਾਰਜ ਨਹੀਂ ਹੋਣਗੇ ਜਿਸ ਦੀ ਸ਼ਿਫਾਰਸ਼ ਕਰੇਗਾ ਉਸ ਦੇ ਕਾਰਜ ਸਿੱਧ ਹੋ ਜਾਣਗੇ।"

ਰਾਜਾ ਪਰਿਵਾਰ ਕਰਮਗੜ੍ਹ ਵਾਲਾ ਆਮ ਤੌਰ ਤੇ ਉਭਾਵਾਲ ਵਾਲਿਆਂ ਦੀ ਸਿਫਾਰਸ਼ ਕਰਦੇ ਰਹਿੰਦੇ ਸਨ। ਜਿਸ ਦੇ ਨਤੀਜੇ ਵਜੋਂ ਉਭਾਵਲ ਵਾਲੀ ਮਹਾਂਰਾਣੀ ਦੇ ਕਾਰਜ ਸੰਵਰ ਜਾਂਦੇ ਸਨ। ਹਜ਼ੂਰ ਬਾਬਾ ਜੀ ਫੁਰਮਾਉਂਦੇ ਕਿ "ਵੱਡਿਆਂ (ਚਾਚੀ ਜੀ) ਨੇ ਕਹਿ ਕਹਿ ਕੇ ਉਭਾਵਾਲ ਵਾਲਿਆਂ ਨੂੰ ਸਾਰੀ ਸੇਵਾ ਵਿਚ ਲਾ ਦਿੱਤਾ।" ਰਾਜਮਾਤਾ ਜੀ ਦੀ ਪਹਿਲੀ ਸੇਵਾ ਭੀ ਮਹਾਰਾਜ ਬਾਬਾ ਜੀ ਦੇ ਦਰਬਾਰ ਵਿਚ ਚਾਚੀ ਜੀ ਦੀ ਸਿਫਾਰਸ਼ ਨਾਲ ਮਨਜ਼ੂਰ ਕਰਵਾਈ ਸੀ। ਕਿਉਂਕਿ ਬਾਬਾ ਜੀ ਜਾਣੀ ਜਾਣ ਸਨ। ਮੁਨਸੀ ਜੀ ਨੂੰ ਫੁਰਮਾਉਂਦੇ ਸਨ ਕਿ ਚਾਚੀ ਜੀ (ਵੱਡੇ) ਗੁਰਨਾਮ ਸਿੰਘ ਦੀ ਧੀ ਪਟਰਾਨੀ ਨਾਲ ਮੇਲ ਮਿਲਾਪ ਰੱਖਣ ਸੁਖ ਪਹੁੰਚਣਗੇ।" ਦੂਜੀ ਵਾਰ ਸੇਵਾ ਵੱਡਿਆ ਨੂੰ ਮੁਨਸ਼ੀ ਜੀ ਪਾਸੋਂ ਲਿਖਵਾ ਕੇ ਮੰਗਵਾਈ ਸੀ ਜੋ ਈਸ਼ਰ ਕੌਰ ਮਸਾਹਿਬਾਨੀ ਅਤੇ ਹਜ਼ੂਰਾ ਸਿੰਘ ਨੌਕਰ ਨੇ ਦੇਣ ਨਹੀਂ ਦਿੱਤੀ। ਜੋ ਬੀਬਾ ਜੀ (ਲੜਕੀ) ਛਛਰੋਲੀ ਮੰਗੀ ਹੋਈ ਸੀ ਚੈਲ ਤੋਂ ਪਟਿਆਲੇ ਆਉਂਦਿਆਂ ਹੀ ਸਵਰਗਵਾਸ ਹੋ ਗਈ ਸੀ। ਇਸ ਬਾਰੇ ਪਹਿਲੀ ਸੇਵਾ ਵਿੱਚ ਲਿਖ ਕੇ ਭੇਜਿਆ ਸੀ ਕਿ ਬੀਬੀ ਜੀ ਉਪਰ ਮੇਹਰ ਦੀ ਨਿਗਾਹ ਰੱਖਣੀ। ਮੁਨਸ਼ੀ ਜੀ ਨੇ ਜਦੋਂ ਇਹ ਚਿੱਠੀ ਪੜ੍ਹ ਕੇ ਸੁਣਾਈ ਤਾਂ ਬਾਬਾ ਜੀ ਨੇ ਮੁਨਸ਼ੀ ਨੂੰ ਥੋੜ੍ਹਾ ਗੁੱਸੇ ਦੇ ਅੰਦਾਜ਼ ਵਿਚ ਫੁਰਮਾਇਆ "ਕਿ ਮੁਨਸ਼ੀ ਹਰਦਿੱਤ ਸਿੰਘ ਅਸੀਂ ਕਿਤਨੀ ਵਾਰ ਤੁਸਾਂ ਨੂੰ ਕਿਹਾ ਹੈ ਕਿ ਵੱਡਿਆ ਨੂੰ ਸਾਡੀ ਤਰਫੋ ਲਿੱਖ ਕੇ ਭੇਜਿਆ ਕਰੋ ਕਿ ਬਾਦਸ਼ਾਹ ਭੁਪਿੰਦਰ ਸਿੰਘ ਦੀਆਂ ਸੁਪਤਨੀਆਂ ਤਾਂ "ਵੱਡਿਉ" ਤੁਸੀਂ ਸਾਡੀ ਸੇਵਾ ਵਿੱਚ ਲਾ ਦਿੱਤੀਆਂ ਹਨ, ਪਰ ਸੁਪਤਨੀਆਂ ਬਾਬਤ ਕਿਸੇ ਵੀ ਤਰ੍ਹਾਂ ਦੀ ਸਿਫਾਰਸ਼ ਨਾ ਕਰਿਆ ਕਰੋ ਅਤੇ ਲਿੱਖ ਕੇ ਭੇਜਿਆ ਕਰੋ। ਹੁਣ ਉਨ੍ਹਾਂ ਨੂੰ ਫੇਰ ਲਿੱਖ ਕੇ ਭੇਜੋ ਕਿ ਜੋ ਹੁਣ ਤੱਕ ਜਿਨੀਆਂ ਸਿਫਾਰਸ਼ਾਂ ਲਿੱਖ ਕੇ ਭੇਜੀਆਂ ਹਨ ਉਹ ਸਾਰੀਆਂ ਬਖਸ਼ੀਆਂ ਜਾਂਦੀਆਂ ਹਨ ਪਰ ਜੋ ਅੱਗੇ ਤੋਂ ਸਿਫਾਰਸ਼ ਕਰੋਗੇ ਤਾਂ ਤੁਹਾਡੀ ਸੇਵਾ ਦਾ ਫਲ ਉਨ੍ਹਾਂ ਨੂੰ ਮਿਲ ਜਾਵੇਗਾ। ਤੁਹਾਡੇ ਕਾਰਜ ਨਹੀਂ ਬਨਣੇ ਉਨ੍ਹਾਂ ਦੇ ਬਣ ਜਾਣਗੇ।"

ਮੁਨਸ਼ੀ ਜੀ ਕਹਿਣ ਲੱਗੇ "ਬਾਬਾ ਜੀ ਮਹਾਰਾਜ ! ਪੰਡਿਤ ਸਿਰੀ ਰਾਮ ਜੀ ਜਿਸ ਤਰ੍ਹਾਂ ਲਿਖਾਉਂਦੇ ਹਨ, ਲਿੱਖ ਦਿੰਦਾ ਹਾਂ।"

ਮੁਨਸ਼ੀ ਜੀ ਨੇ ਚਾਚੀ ਜੀ ਨੂੰ ਚਿੱਠੀ ਭੇਜ ਦਿੱਤੀ ਕਿ ਹੁਣ ਕਿਸੇ ਦੀ ਵੀ ਸਿਫਾਰਸ਼ ਨਹੀਂ ਕਰਨੀ ਬਾਬਾ ਜੀ ਦਾ ਹੁਕਮ ਹੈ।

ਬੀਬਾ ਜੀ ਦੇ ਵਿਛੋੜੇ ਦਾ ਸਦਮਾ ਅਤੇ ਨਾਭੇ ਵਾਲੇ ਮੁਕੱਦਮੇ ਦੇ ਫਿਕਰ ਨਾਲ ਮਹਾਰਾਜਾ ਭੁਪਿੰਦਰ ਸਿੰਘ ਨਿਰਾਸ਼ ਰਹਿਣ ਲੱਗੇ। ਇਕ ਦਿਨ ਦਰਬਾਰ ਵਿਚੋਂ ਆ ਕੇ ਮਹਿਲਾਂ ਵਿਚ ਚੁੱਪ ਚਾਪ ਪਲੰਘ ਉਪਰ ਲੇਟ ਗਏ। ਉਨ੍ਹਾਂ ਦੀ ਪ੍ਰੇਸ਼ਾਨੀ ਨੂੰ ਦੇਖ ਕੇ ਉਭਾਵਾਲ ਵਾਲੀ ਮਹਾਰਾਣੀ ਨੇ ਵੱਡਿਆਂ ਕੋਲ ਸਾਰੇ ਹਾਲਾਤਾਂ ਦਾ ਜ਼ਿਕਰ ਕੀਤਾ। ਤਾਂ ਵੱਡਿਆਂ ਨੇ ਕਿਹਾ "ਕਿ ਮਹਾਰਾਜੇ ਦਾ ਫ਼ਿਕਰ ਮੁਕੱਦਮੇ ਬਾਰੇ ਸ੍ਰੀ ਬਾਬਾ ਜੀ ਰੂੰਮੀ ਵਾਲੇ (ਭੁੱਚੋ ਵਾਲੇ) ਦੂਰ ਕਰ ਸਕਦੇ ਹਨ। ਜੋ ਤੁਹਾਡੀ ਚਾਚੀ ਜੀ ਦੀ ਸੇਵਾ ਤੋਂ ਬਹੁਤ ਖੁਸ਼ ਹਨ। ਉਨ੍ਹਾਂ ਤੋਂ ਹਜ਼ੂਰ ਬਾਬਾ ਜੀ ਦੀ ਹਜ਼ੂਰੀ ਵਿਚ ਸਿਫਾਰਸ਼ ਕਰਾਉ।"

ਮਹਾਰਾਜੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਖੜਕੇ ਵੱਡਿਆ ਤੋਂ (ਚਾਚੀ ਜੀ) ਪਾਸੋਂ ਸਿਫਾਰਸ਼ੀ ਚਿੱਠੀ ਲਿਖਵਾਈ ਅਤੇ ਕਰਨਲ ਗੁਰਬਖਸ਼ ਸਿੰਘ ਤੇ ਮਾਂ ਜੀ (ਮਾਲਕਾਂ ਦੇ) ਦੇ ਹੱਥੀਂ ਹਜ਼ੂਰ ਬਾਬਾ ਜੀ ਬਾਬਾ ਮਹਾਂਹਰਿਨਾਮ ਸਿੰਘ ਜੀ ਪਾਸ ਭੇਜੀ ਜਿਸ ਦੀ ਅਸਲੀ ਹੀ ਨਕਲ ਹੈ: "੧ਓ ਸਤਿਗੁਰ ਪ੍ਰਸ਼ਾਦਿ॥"

ਸ੍ਰੀ ਮਾਲਕ ਬਾਬਾ ਜੀ ਦਾਸੀ ਤੁਹਾਡੇ ਪਵਿੱਤਰ ਚਰਨਾਂ ਪਰ ਮੱਥਾ ਟੇਕਦੀ ਹੈ। ਔਰ ਬੜੀ ਖੁਸ਼ੀ ਔਰ ਹਿਰਦੇ ਦੀ ਸ਼ੁਧੀ ਨਾਲ ਬੇਨਤੀ ਕਰਦੀ ਹਾਂ ਕਿ ਦਾਸੀ ਨੂੰ ਜੋ ਦਾਸੀ ਦੀ ਕਾਟੋ ਦੇ ਤਿਣਖੇ ਸਮਾਨ ਸੇਵਾ ਕੀਤੀ ਦਾ ਫਲ ਬਾਕੀ ਹੈ ਉਹ ਭਾਗ ਜੀ ਨੂੰ ਬਖਸ਼ਿਆ ਜਾਏ। ਜੋ ਨਾਭੇ ਦੇ ਮੁਕੱਦਮੇ ਵਿਚ ਭਾਗ ਜੀ ਦੀ ਜਿਤ ਰਹੇ ਜੀ।"

ਚਿੱਠੀ ਸੁਣਦੇ ਹੀ ਸ੍ਰੀ ਬਾਬਾ ਮਹਾਂ ਹਰਨਾਮ ਸਿੰਘ ਜੀ ਨੇ ਗੁੱਸੇ ਹੋ ਕਰ ਫੁਰਮਾਇਆ "ਕਿ ਦੇਖੋ ਤੀਵੀਆਂ ਦੀ ਮੱਤ, ਅਜੇ ਸੱਤ ਅੱਠ ਦਿਨ ਹੀ ਹੋਏ ਹਨ ਲਿੱਖ ਕੇ ਭੇਜੇ ਨੂੰ ਕਿ ਹੁਣ ਕਿਸੇ ਦੀ ਸਿਫਾਰਸ਼ ਨਹੀਂ ਕਰੂੰਗੀ। ਫਿਰ ਵੀ ਸਿਫਾਰਸ਼ ਕਰ ਦਿੱਤੀ। ਹੁਣ ਹੱਥ ਬੰਨ੍ਹੀ ਖੜੀ ਹੈ ਕਿ ਸਾਡੀ ਸੇਵਾ ਦਾ ਫਲ ਬਾਦਸ਼ਾਹ ਨੂੰ ਦੇ ਦਿਉ। ਕੱਲ ਨੂੰ ਕਹੂਗੀ ਸਾਧ ਨੇ ਸਾਡਾ ਕੀ ਕੰਮ ਬਣਾ ਸੁਆਰ ਦਿੱਤਾ। ਇਹ ਨਹੀਂ ਸੋਚਿਆ ਕਿ ਫਕੀਰ ਨੇ ਤਾਂ ਬੇਨਤੀ ਮੰਨਣੀ ਹੈ ਜੋ ਬਾਦਸ਼ਾਹ ਨੂੰ ਬਖਸ਼ਵਾ ਦਿੱਤਾ। ਅਸੀਂ ਤਾਂ ਕਿਹਾ ਸੀ ਕਿ ਕਿਸੇ ਦੀ ਹੁਣ ਸਿਫਾਰਸ਼ ਨਹੀਂ ਕਰਨੀ। ਫਿਰ ਸਾਡਾ ਕੀ ਕਸੂਰ ਕੱਢੂ। ਕੰਮ ਤਾਂ ਸੇਵਾ ਦੇ ਫਲ ਨੇ ਸਵਾਰਨਾ ਹੈ। ਸਾਡੀ ਮਿਹਰ

ਦੀ ਨਿਗਾਹ ਤਾਂ ਬੰਦਾ ਕਿਆ ਸਹਾ ਸਕਦਾ ਹੈ, ਖਸ਼ਖਸ਼ ਮਾਤ੍ਰ ਮਿਹਰ ਦੀ ਨਿਗਾਹ ਵੀ ਨਹੀਂ ਸਹਾਰ ਸਕਦਾ।"

ਜਦ ਕੁਝ ਦੇਰ ਬਾਅਦ ਗੁੱਸਾ ਠੰਡਾ ਹੋਇਆ ਤਾਂ ਫੁਰਮਾਇਆ "ਕਿ ਚੰਗਾ ਸਾਨੂੰ ਅੱਗੇ ਕਹਿਣਾ ਹੀ ਪਿਆ ਜਦ ਉਹ (ਚਾਚੀ ਜੀ) ਹੱਥ ਬੰਨ੍ਹੀ ਖੜੀ ਹੈ। ਸੱਦੋ ਦਲੀਪ ਕੌਰ ਰੁਕਮਣੀ ਔਰ ਧਨ ਕੌਰ ਰਾਧਕਾ ਦੀ ਮਾਤਾ ਔਰ ਭਾਈ ਕੋ; ਜੋ ਉਨ੍ਹਾਂ ਨੂੰ ਪੁਛੀਏ ਕਿਆ ਕਹਿਣ ਸੁਨਣ ਆਏ ਹੋ।"

ਕਰਨਲ ਗੁਰਬਖਸ਼ ਸਿੰਘ ਨੂੰ ਸੱਦ ਕੇ ਪੇਸ਼ ਕੀਤਾ ਗਿਆ। ਮੁਨਸ਼ੀ ਜੀ ਲਿਖਣ ਦੀ ਸੇਵਾ ਕਰ ਰਹੇ ਸਨ ਜੋ ਬਾਹਰ ਆ ਗਏ। ਵੱਡਿਆਂ ਵੱਲੋਂ ਭੇਜੀ ਹੋਈ ਚਿੱਠੀ ਪੜਨ ਅਤੇ ਸਿਫਾਰਸ਼ ਸੁਨਣ ਤੋਂ ਬਾਅਦ ਹਜ਼ੂਰ ਬਾਬਾ ਜੀ ਨੇ ਨਾਭੇ ਦੇ ਮੁਕੱਦਮੇ ਵਿਚ ਜਿੱਤ ਦਾ ਵਰਦਾਨ ਦਿੱਤਾ ਅਤੇ ਮੁਨਸ਼ੀ ਜੀ ਨੂੰ ਹੁਕਮ ਦਿੱਤਾ "ਜਾਉ ਇਨ੍ਹਾਂ ਨੂੰ ਗੱਡੀ ਚੜ੍ਹਾ ਆਉ।"

ਸੋ ਬਚਨ ਅਟੱਲ ਹੋਇਆ ਮਹਾਰਾਜੇ ਦੀ ਨਾਭੇ ਵਾਲੇ ਮੁੱਕਦਮੇ ਵਿਚ ਜਿੱਤ ਹੋਈ, ਪਰ ਹੋਈ ਸਿਫਾਰਸ਼ ਨਾਲ ਜੋ ਕਿ ਬਾਬਾ ਜੀ ਮਹਾਰਾਜ ਨੇ ਵੱਡਿਆ ਦੀ ਸੇਵਾ ਬਦਲੇ ਬਖਸ਼ੀ।

**ਸੇਵਕ ਕਉ ਨਿਕਟੀ ਹੋਇ ਦਿਖਾਵੈ ॥ ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥੧॥ ਰਹਾਉ ॥ ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ ॥ ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ ॥** (ਅੰਗ ੪੦੩)

## ( 31 )

## ਕਰਿ ਸੇਵਾ ਪਾਰਬ੍ਰਹਮ ਗੁਰ, ਭੁਖ ਰਹੈ ਨ ਕਾਈ ॥ (ਅੰਗ ੩੧੮)

### ਮਨੋਕਾਮਨਾ ਪੂਰਨ ਹੋਏ ਤਾਂ ਸੇਵਾ ਪ੍ਰਵਾਨ ਕਰਨੀ ਹੈ

ਸਵਾਮੀ ਵਿਵੇਕਾਨੰਦ ਜੀ ਨੂੰ ਕਿਸੇ ਪੁੱਛਿਆ "ਕਿ ਅੰਧ ਵਿਸ਼ਵਾਸ ਹੋਣਾ ਚਾਹੀਦਾ ਹੈ।

ਉਨ੍ਹਾਂ ਜਵਾਬ ਦਿੱਤਾ ਸੀ ਕਿ "ਅੰਧ ਵਿਸ਼ਵਾਸ਼ ਹੋਣਾ ਚਾਹੀਦਾ ਹੈ, ਪਰ ਇਹ ਕਿ ਜਿਸ ਉਪਰ ਤੁਸੀਂ ਵਿਸ਼ਵਾਸ ਕਰੋ ਉਹ ਅੰਧਾ ਨਹੀਂ ਹੋਣਾ ਚਾਹੀਦਾ।"

ਪ੍ਰਮਾਤਮਾ ਵਿਚ ਪਹਿਲਾ ਵਿਸ਼ਵਾਸ ਕਰਨਾ ਪੈਂਦਾ ਹੈ ਫਿਰ ਦਾਤ ਦੀ ਬਖਸ਼ਿਸ਼ ਮਿਲਦੀ ਹੈ –

**ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥**
**ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥** (ਅੰਗ ੨੮੫)

ਮੁਨਸ਼ੀ ਜੀ ਡੇਰਾ ਰੂੰਮੀਵਾਲਾ ਭੁਚੋ ਕਲ੍ਹਾਂ ਤੋਂ ਪਟਿਆਲਾ ਜਾਣ ਲੱਗੇ ਤਾਂ ਸੰਤ ਬਾਬਾ ਨਰੈਣ ਸਿੰਘ ਜੀ ਨੇ ਫੁਰਮਾਇਆ "ਮੁਨਸ਼ੀ ਜੀ! ਪਟਿਆਲੇ ਵਾਲੇ ਨਵੇਂ ਰਾਜਾ ਸਾਹਿਬ, ਬਾਬਾ ਜੀ ਦੇ ਦਰਬਾਰ ਵਿਚ ਪਹਿਰਾ ਕੱਟ ਜਾਣ। ਸ੍ਰੀ ਬਾਬਾ ਜੀ ਮਹਾਰਾਜ ਰੂੰਮੀ ਵਾਲਿਆਂ ਦੀ ਉਨ੍ਹਾਂ ਉਪਰ ਮੇਹਰ ਦੀ ਨਿਗਾਹ ਹੋ ਰਹੀ ਹੈ। ਸੇਵਾ ਜੋ ਵਾਪਿਸ ਭੇਜੀ ਹੈ ਇਸ ਦਾ ਖਿਆਲ ਨਹੀਂ ਕਰਨਾ। ਕਿਉਂਕਿ ਹਜ਼ੂਰ ਬਾਬਾ ਜੀ ਜੋਤੀ ਜੋਤ ਸਮਾਉਣ ਤੋਂ ਪਹਿਲਾ ਫੁਰਮਾਇਆ ਕਰਦੇ ਸੀ ਕਿ ਪਹਿਲਾ ਸਰਧਾਲੂ ਦੀ ਮਨੋਕਾਮਨਾ ਪੂਰੀ ਕਰਨੀ ਚਾਹੀਦੀ ਹੈ ਫਿਰ ਸੇਵਾ ਲੈਣ ਯੋਗ ਹੁੰਦੀ ਹੈ। ਸੇਵਾ ਉਹ ਹੀ ਫਲ ਅਤੇ ਲਾਭ ਦੇਣ ਵਾਲੀ ਹੁੰਦੀ ਹੈ ਜੋ ਮਨੋਕਾਮਨਾ ਪੂਰੀ ਹੋ ਜਾਣ ਉਤੇ ਖੁਸ਼ੀ ਨਾਲ ਸੇਵਾ ਕੀਤੀ ਜਾਵੇ। ਖੁਸ਼ੀ ਉਸ ਵੇਲੇ ਹੁੰਦੀ ਹੈ ਜਦੋਂ ਸੇਵਾਦਾਰ ਦੀ ਮਨੋਕਾਮਨਾਂ ਪੂਰੀ ਹੋ ਜਾਏ। ਸ੍ਰੀ ਰਾਜਾ ਸਾਹਿਬ ਭਾਵਨਾ ਨਾਲ ਪਹਿਰਾ ਕੱਟੇ। ਜਦੋਂ ਮਨੋਕਾਮਨਾ ਪੂਰੀ ਹੋ ਜਾਏ ਫਿਰ ਜਿਤਨੀ ਇੱਛਾ ਹੋਵੇ ਸੇਵਾ ਕਰ ਦੇਵੇ। ਸ੍ਰੀ ਰਾਜਾ ਸਾਹਿਬ ਆਪਣੇ ਭਾਈ ਸਾਹਿਬ ਮਹਾਰਾਜਾ ਭੁਪਿੰਦਰ ਸਿੰਘ ਜੀ ਨਾਲ ਬਿਕ੍ਰਮੀ 1977 ਮੱਘਰ ਮਹੀਨੇ ਬਾਬਾ ਜੀ ਮਹਾਰਾਜ ਪਾਸ ਆਏ ਸੀ ਤਾਂ ਤਿੰਨ, ਚਾਰ ਵਾਰ ਪ੍ਰਾਥਨਾ ਕੀਤੀ ਸੀ ਕਿ ਸਵਾਮੀ ਜੀ "ਮੈਨੂੰ ਸੇਵਾ ਬਖਸ਼ੋ।"

ਬਾਬਾ ਜੀ ਨੇ ਫੁਰਮਾਇਆ ਸੀ ਕਿ "ਪਹਿਲਾਂ ਇਨ੍ਹਾਂ ਉਪਰ ਜੋ ਅਸ਼ੁਭ ਤਕਲੀਫਾਂ ਆਉਣ ਵਾਲੀਆਂ ਦੂਰ ਕੀਤੀਆਂ ਜਾਣ। ਫਿਰ ਸੋਚ ਵਿਚਾਰ ਕੇ ਇਕੱਲਿਆ ਨੂੰ ਸੇਵਾ ਦੱਸਾਂਗੇ।"

ਮਾਇਆ, ਮਿਸ਼ਰੀ ਦੇ ਥਾਲ ਅਤੇ ਫੁੱਲਾਂ ਦੇ ਗੁਲਦਸਤੇ ਜੋ ਬਾਬਾ ਜੀ ਦੀ ਹਜ਼ੂਰੀ ਵਿਚ ਪੇਸ਼ ਕੀਤੇ ਸਨ ਸਭ ਵਾਪਿਸ ਕਰ ਦਿੱਤੇ ਸੀ।

ਮਹਾਰਾਜਾ ਸਾਹਿਬ ਜੀ ਲੱਖਾਂ ਦੀ ਸੇਵਾ ਟਿੱਲਾ ਸਾਹਿਬ ਅਤੇ ਤਖਤੇਆਨਾ ਤਲਾਬ ਬਨਾਉਣ ਲਈ ਤਿਆਰ ਸਨ।

ਬਾਬਾ ਨਰੈਣ ਸਿੰਘ ਜੀ ਨੇ ਫੁਰਮਾਇਆ "ਰਾਜਾ ਸਾਹਿਬ ਆਪਣੇ ਪਵਿੱਤਰ ਹਿਰਦੇ ਵਿਚ ਜਿਸ ਆਸਾ (ਇੱਛਾ) ਦੀ ਭਾਵਨਾ ਧਾਰ ਕੇ ਪਹਿਰਾ ਕੱਟੇ, ਸੱਚੇ ਪਾਤਿਸ਼ਾਹ ਮੇਹਰ ਕਰਨਗੇ। ਪਤਾ ਲੱਗਾ ਹੈ ਕਿ ਮਹਾਰਾਜਾ ਸਾਹਿਬ ਹਰਿਦੁਆਰ ਇਸਨਾਨ ਕਰਨ ਲਈ ਤਸ਼ਰੀਫ ਲੈ ਜਾ ਰਹੇ ਹੈਂ ਜੋ ਅਤੀ ਖੁਸ਼ੀ ਕੀ ਬਾਤ ਹੈ। ਪਰ ਜੇਕਰ ਰਿਖੀਕੇਸ਼ ਕਿਸੇ ਰਿਸ਼ੀ ਮੱਟਨੀ ਪਾਸ ਜਾ ਰਹੇ ਹੈਂ ਤਾਂ ਇਹ ਲਾਭ ਸ੍ਰੀ ਬਾਬਾ ਜੀ ਮਹਾਰਾਜ ਰੂੰਮੀ ਭੁਚੋਂ ਵਾਲਿਆਂ ਦੇ ਉਪਦੇਸ਼ਾ ਉਪਾਉ ਕੀਤੇ ਬਿਨਾ ਹਾਸਲ ਹੋਣਾ ਅਸੰਭਵ ਹੈ।

**ਮੁਨਸ਼ੀ ਹਰਦਿੱਤ ਸਿੰਘ ਜੀ ਬਾਬਾ ਜੀ ਦੇ ਮੁਖਾਰਬਿੰਦ ਤੋਂ ਫੁਰਮਾਏ ਕਬਿੱਤ ਲਿਖਦੇ ਹਨ।**

**ਕਬਿੱਤ** (1)

ਨਾਭਾ ਪਟਿਆਲ ਸੰਗਰੂਰਾਂ ਤੋਂ ਫਰੀਦਕੋਟ ਚਾਰੋਂ ਰਜਬੰਸੀ।
ਤਿਹਿੰਭਲੀ ਭਾਤ ਜਾਨੀਐ॥ ਤਿੰਹਿ ਚਾਰੋਂ ਹੀ ਕੇ ਮਾਹਿੰ ਅਤਿ ਧਰਮ
ਪ੍ਰਬੰਨ ਬਡੋ ਸ਼ਹਿਰ ਤੋਂ ਪਟਿਆਲਾ ਅਤਿ ਹਿੰਦ ਧਰਮਜਾਨੀਐ॥
ਆਲਾਕਾ ਸੁਰਾਜ ਹੈ ਸੁਰਾਜਾ ਮਹਾਂਰਾਜਨ ਕੋ ਰਾਜਾ ਤੋਂ ਮਹਿੰਦਰ
ਸਿੰਘ ਭਲੀ ਭਾਂਤ ਜਾਨੀਐ॥ ਤਿਨ ਕੀ ਸੋਤੁਤੀ ਮੈਂ ਕਬਿੱਤ
ਕੇ ਸੁਮਾਂਹਿ ਕਹੀ ਕਵੀ ਹਰਿਨਾਮ ਸਿੰਘ ਨਾਮ ਪਹਿਚਾਨੀਐ॥

**ਕਬਿੱਤ** (2)

ਸਵਰਗ ਵਿਖੇ ਬੈਕੰਠ ਇੰਦ੍ਰ ਭਵਨ ਹੀ ਕੇ ਭਵਨ ਜੈਸੇ, ਐਸੇ
ਭਵਨ ਤਿੰਹਿੰ ਸੁੰਦ੍ਰੀ ਪਛਾਨ ਲੈ॥ ਕਈ ਤਹਿ ਗਾਨ ਕਰੈਂ ਕਈ ਤਹਿ
ਧਿਯਾਨ ਧਰੈਂ ਕਈ ਤਹਿੰ ਗਯਾਨ ਰਹੈਂ ਚੀਤ ਮਾਹਿੰ ਭਾਨ ਲੈ॥
ਸੰਤ ਤੋਂ ਪਿਆਰਾ ਦਾਸ, ਗਾਂਧਾ ਸਿੰਘ ਸੰਤ ਰਹੈ ਕਵੀ ਤਾਰਾ ਸਿੰਘ
ਰਾਮਦਾਸ ਤੋਂ ਪਛਾਲ ਲੈ॥ ਐਸੇਵਤ ਨਾਗਰ ਉਜਾਗਰ ਰਾਗਨ
ਨਗਰ ਤੋਂ ਪਟਿਆਲਾ ਹਰਿਨਾਮ ਸਿੰਘ ਜਾਨ ਲੈ॥

## ਕਬਿੱਤ (3)

ਕਤਹਿ ਕਾਮਨੀ ਸ੍ਵਰੂਪ ਜੈਸੇ ਦਾਮਨੀ ਬਚਿਤ੍ਰ ਸੁ ਅੰਗਨੀ
ਖਲੀਫਾ ਤਹਿਂ ਭਗਤ ਹੈ॥ ਦਸਨਨ ਕੀ ਪਾਂਤ ਪੇਖ ਦਾ ਰਸ
ਤਾਂ ਜਾਤ ਕੋ ਕਲਾ ਸੁ ਧੁੰਨ ਸੁੰਨ ਹੀਏ ਬਿਸਮਾਤ ਹੈ॥ ਪੀਰ ਸੁਖ
ਪ੍ਰਸੇਂ ਤਾਹਿ ਮੁੱਖ ਕੀ ਕ੍ਰਾਂਤ ਜਾਲ ਪੇਖ ਮੀਰ ਸ੍ਰੱਤ ਨਹਿ ਰੁਚਰ
ਸੁਗਤ ਹੈਂ॥ ਮਹਿੰਦਰ ਸਿੰਘ ਰਾਜਾ ਕੋ ਚੁਰਾਇਆ ਚਿਤ ਚੰਚਲਾ
ਹਰਿਨਾਮ ਸਿੰਘ ਨਾਰੀ ਐਸੀ ਸੁੰਦ੍ਰ ਸੁਹਾਤ ਹੈਂ॥

### ਦੋਹਰਾ

ਦ੍ਰਿਗ ਖੋਲਤ ਜਬ ਕਾਮਨੀ ਸਾਸਿ ਦਨੇਸ਼ ਹੋਇ ਸੀਤ।
ਔਰ ਕੀ ਗਨਕੋ ਗਨੈਂ ਬਰਨਾਂ ਹਰੇਤੀ ਚੀਂਤ॥

### ਦੋਹਰਾ

ਦ੍ਰਿਗ ਮੁੰਦ੍ਰਤ ਅਵਲਾ ਜਬੈ ਇਹ ਪਾਂਚੋਂ ਪਸਤਾਨ॥
ਸਸਿ ਦਨੇਸ਼ ਰਿਖ ਦੇਵ ਸਭ ਔਰ ਜੋ ਹੈਂ ਬਰਨਾਨਾ॥

### ਅਰਜ਼

ਉਪਰ ਲਿਖੇ ਕਬਿੱਤ ਦੋਹਿਰੇ ਮੁਨਸ਼ੀ ਜੀ ਨੇ ਲਿੱਖ ਦਿੱਤੇ ਸਨ ਪਰ ਉਹ ਅਰਜ਼ ਕਰਦੇ ਹਨ ਕਿ ਇਨ੍ਹਾਂ ਕਬਿੱਤ, ਦੋਹਿਰਿਆਂ ਦੀ ਤਹਿਰੀਰ (ਮਤਲਬ) ਵਿਚ ਜੋ ਖਾਸ਼ੀਅਤ ਅਤੇ ਅਸਰ ਹੈ ਉਸ ਦਾ ਹਾਲ ਪੰਡਤ ਸ੍ਰੀ ਰਾਮ ਸਿੰਘ ਜੀ ਅਤੇ ਸਰਦਾਰ ਹਰਚੰਦ ਸਿੰਘ ਬੀਬੀ ਕੇ ਨੂੰ ਮਾਲੂਮ ਸੀ। ਉਹ ਇਤਨੀ ਅਰਜ਼ ਕਰਦੇ ਹਨ ਕਿ "ਅਲਬਤਾ ਇਤਨਾ ਅਰਜ਼ ਕਰ ਦੇਣਾ ਜ਼ਰੂਰੀ ਅਤੇ ਮਨ ਸਮਝਾ ਹੈ ਕਿ ਹਜ਼ੂਰ ਮਾਲਕੋਂ ਕੀ ਸੇਵਾ ਨੇ ਰਿਆਸਤ ਪਟਿਆਲਾ ਕੋ ਤੋਂ ਨੁਕਸਾਨ ਪਹੁੰਚਨੇ ਸੇ ਬਚਾਨਾ ਹੀ ਥਾ।" ਇਸ ਦੇ ਨਾਲ ਹੀ ਨਾਭਾ, ਸੰਗਰੂਰ, ਫਰੀਦਕੋਟ ਨੂੰ ਵੀ ਬਚਾ ਲਿਆ ਸੀ। ਕਿਉਂਕਿ ਹਜ਼ੂਰ ਮਾਲਕਾਂ ਦੇ ਸੇਵਾ ਵਿਚ ਲਗ ਜਾਣ ਦੇ ਕਾਰਨ ਉਨ੍ਹਾਂ ਤੋਂ ਖੁਸ਼ ਹੋ ਕੇ ਰਿਆਸਤ ਪਟਿਆਲਾ ਨੂੰ ਬਚਾਉਣਾ ਹੀ ਸੀ ਪਰ ਨਾਲ ਹੀ "ਪੱਟ ਪਊ ਪਟਿਆਲੇ" ਵਾਲੇ ਸਾਰੇ ਛੰਦ ਉਪਰ

ਸਿਆਹੀ ਫਿਰਵਾਉਣ ਕਾਰਨ ਦੂਜੀਆਂ ਹੋਰ ਤਿੰਨ ਰਿਆਸਤਾ ਵੀ ਬਚ ਗਈਆਂ।

ਹਜ਼ੂਰ ਬਾਬਾ ਜੀ ਮਹਾਰਾਜ ਨੇ ਫੁਰਮਾਇਆ "ਕਿ ਇਨ੍ਹਾਂ ਉਪਰ ਸਿਆਹੀ ਫਿਰਵਾਨੇ ਦਾ ਮਤਲਬ ਸੀ, ਕਿ ਜੋ ਜੋ ਕੁਝ ਹਮਾਰੇ ਹੁਕਮ ਸੇ ਦਫਤਰ ਮੇ ਲਿਖਾ ਜਾਤਾ ਹੈ ਉਸ ਉਪਰ ਬੈਕੁੰਠ ਨੇ ਮਹਾਂਵਿਸ਼ਨੂੰ ਭਗਵਾਨ ਕੇ ਦਫਤਰ ਮੇ ਦਰਜ ਹੋ ਜਾਤਾ ਹੈ। ਜਬ ਉਹ ਹੁਕਮ ਐਥੇ ਮ੍ਰਿਤਲੋਕ ਔਰ ਹਮਾਰੇ ਦਫਤਰ ਮੇ ਮਿਟ ਜਾਂ ਮਨਸੂਖ ਹੋ ਗਿਆ ਤੋਂ ਬੈਕੁੰਠ ਮੇ ਮਹਾਂ ਵਿਸ਼ਨੂੰ ਭਗਵਾਨ ਕੇ ਦਫਤਰ ਮੇ ਭੀ ਲਿਖਾ ਹੁਆ ਮਿਟ ਗਿਆ।" ਕਰਮਗੜ੍ਹ ਵਾਲਿਆਂ ਦੇ ਸ਼ੁਧ ਹਿਰਦੇ ਨਾਲ, ਨੇਕ ਅਤੇ ਸ਼ੁਭ ਖਿਆਲਾ ਨਾਲ ਸੇਵਾ ਵਿਚ ਲੱਗ ਜਾਣ ਅਤੇ ਆਪਣੇ ਨਾਲ ਮਹਾਂਰਾਣੀਆਂ ਨੂੰ ਉਪਦੇਸ਼ ਕਰਕੇ ਬਾਬਾ ਜੀ ਦੀ ਸੇਵਾ ਵਿਚ ਲਗਾ ਦੇਣ ਨਾਲ ਇਹ ਉਪਰ ਲਿਖਿਆ ਹੋਇਆ ਫਲ ਅਤੇ ਲਾਭ ਹਾਸਲ ਹੋਇਆ।

**ਗਉੜੀ ਮਹਲਾ ੫ ॥ ਜਾ ਕਾ ਮੀਤੁ ਸਾਜਨੁ ਹੈ ਸਮੀਆ ॥ ਤਿਸੁ ਜਨ ਕਉ ਕਹੁ ਕਾ ਕੀ ਕਮੀਆ ॥੧॥ ਜਾ ਕੀ ਪ੍ਰੀਤਿ ਗੋਬਿੰਦ ਸਿਉ ਲਾਗੀ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੀ ॥੧॥ ਰਹਾਉ ॥ ਜਾ ਕਉ ਰਸੁ ਹਰਿ ਰਸੁ ਹੈ ਆਇਓ ॥ ਸੋ ਅਨ ਰਸ ਨਾਹੀ ਲਪਟਾਇਓ ॥੨॥ ਜਾ ਕਾ ਕਹਿਆ ਦਰਗਹ ਚਲੈ ॥ ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥੩॥ ਜਾ ਕਾ ਸਭੁ ਕਿਛੁ ਤਾ ਕਾ ਹੋਇ ॥ ਨਾਨਕ ਤਾ ਕਉ ਸਦਾ ਸੁਖੁ ਹੋਇ ॥੪॥** (ਅੰਗ ੧੮੬)

(32)

## ਮਹਾਂਪੁਰਖਾਂ ਦੀ ਰਸਨਾ ਤੋਂ ਨਿਕਲੇ ਹੋਏ ਬੋਲ ਪਾਰਸ਼ ਹੁੰਦੇ ਨੇ

ਅਵਤਾਰੀ ਮਹਾਂਪੁਰਸ਼ਾਂ ਦੇ ਬੋਲ ਪ੍ਰਮਾਤਮਾ ਦੀ ਬਾਣੀ, ਪ੍ਰਮਾਤਮਾ ਦੇ ਬੋਲ ਹੁੰਦੇ ਹਨ। ਜੋ ਪ੍ਰਮਾਤਮਾ ਨਾਲ ਮਿਲਾਪ ਤੋਂ ਬਾਅਦ ਚੁੱਪ ਕਰ ਜਾਂਦੇ ਹਨ ਉਹ ਸੰਤ ਸ੍ਰੇਣੀ ਦੇ ਮਹਾਂਪੁਰਸ਼ ਹੁੰਦੇ ਹਨ। ਜੋ ਮਨੁੱਖਤਾ ਲਈ ਪ੍ਰਭੂ ਦੇ ਬੋਲਾਂ ਨੂੰ ਬਾਣੀ ਰਾਹੀਂ ਪ੍ਰਗਟ ਕਰ ਦੇਣ ਉਹ ਮਹਾਂਪੁਰਖ ਅਵਤਾਰ ਸ਼੍ਰੇਣੀ ਵਿਚ ਆਉਂਦੇ ਹਨ ਜਿਵੇਂ ਗੁਰੂ ਨਾਨਕ ਦੇਵ ਜੀ, ਹਜ਼ਰਤ ਮਹੁੰਮਦ ਸਾਹਿਬ, ਈਸਾ ਮਸੀਹ ਜੀ ਸ਼੍ਰੋਮਣੀ ਭਗਤ ਕਬੀਰ ਜੀ, ਰਵੀਦਾਸ ਜੀ, ਫਰੀਦ ਜੀ। ਇਸ ਸ਼੍ਰੇਣੀ ਦੇ ਭਗਤ

ਪ੍ਰਮਾਤਮਾ ਹੀ ਹੋਏ ਹੁੰਦੇ ਹਨ ਜਿਵੇਂ ਬੂੰਦ ਸਾਗਰ ਵਿਚ ਮਿਲ ਕੇ ਸਾਗਰ ਹੋ ਜਾਂਦੀ ਹੈ। ਸੱਚੇ ਸੁੱਚੇ ਰਾਜਿਆਂ, ਮਹਾਰਾਜਿਆਂ, ਰਾਜਨੀਤਿਕਾਂ ਦੇ ਬੋਲ ਸਮਾਜਕ ਜੀਵ ਲਈ ਪਾਰਸ ਹੁੰਦੇ ਹਨ। ਸੰਤ ਮਹਾਂਪੁਰਸ਼ਾਂ ਦੇ ਬਚਨ ਲੋਕ ਪਰਲੋਕ ਦੀਆਂ ਤਕਦੀਰਾਂ ਲਿਖਦੇ ਹਨ। ਦੁਨਿਆਵੀਂ ਮਨੁੱਖ ਇਨ੍ਹਾਂ ਦੇ ਦਰਸਾਏ ਮਾਰਗ ਉਤੇ ਚਲ ਕੇ ਆਪਣੀ ਜ਼ਿੰਦਗੀ ਨੂੰ ਸਫਲ ਮੰਜ਼ਿਲ ਵੱਲ ਲੈ ਜਾਂਦਾ ਹੈ। ਹੁਕਮਰਾਨ ਆਪਣੇ ਰਾਜਭਾਗ ਦੇ ਅੰਦਰ ਆਰਥਿਕ ਲੋੜਾਂ ਦੀ ਪੂਰਤੀ ਲਈ ਆਪਣੀ ਪਰਜ਼ਾ ਦੇ ਦਾਤੇ ਮੰਨੇ ਜਾਂਦੇ ਹਨ।

ਇਕ ਰਿਆਸਤ ਦਾ ਰਾਜਾ ਜੰਗਲ ਵਿਚ ਸ਼ਿਕਾਰ ਖੇਡਦਾ ਆਪਣੇ ਅਹਿਲਕਾਰਾਂ, ਨੌਕਰਾਂ ਤੋਂ ਦੂਰ ਨਿਕਲ ਗਿਆ। ਉਸ ਨੂੰ ਬਹੁਤ ਪਿਆਸ ਲੱਗੀ ਤਾਂ ਉਸਨੇ ਆਪਣਾ ਘੋੜਾ ਦੂਰ ਦਿਖਾਈ ਦਿੰਦੇ ਇਕ ਪਿੰਡ ਵੱਲ ਮੋੜਿਆ। ਸਾਹਮਣੇ ਇਕ ਘਰ ਦਾ ਦਰਵਾਜ਼ਾ ਖੁੱਲ੍ਹਾ ਹੋਇਆ ਦੇਖ ਕੇ ਰਾਜਾ ਘੋੜੇ ਉਪਰੋਂ ਉਤਰ ਕੇ ਦਰਵਾਜ਼ੇ ਕੋਲ ਜਾ ਖੜਾ ਹੋਇਆ। ਅੰਦਰੋਂ ਇਕ ਬੁੱਢੀ ਮਾਤਾ ਨੇ ਦੇਖਿਆ ਕਿ ਕੋਈ ਮੁਸਾਫਿਰ ਮੇਰੇ ਦਰਵਾਜ਼ੇ ਤੇ ਖੜਾ ਹੈ। ਉਹ ਰਾਜੇ ਕੋਲ ਪਹੁੰਚੀ ਅਤੇ ਪੁੱਛਣ ਲੱਗੀ "ਪੁੱਤਰ ਕੀ ਦੇਖ ਰਹੇ ਹੋ।"

ਮਹਾਰਾਜੇ ਨੇ ਕਿਹਾ "ਮਾਤਾ, ਪਿਆਸ ਬਹੁਤ ਲੱਗੀ ਹੈ ਠੰਡਾ ਪਾਣੀ ਮਿਲ ਜਾਉਗਾ।"ਮਾਤਾ ਗਿਲਾਸ ਸਾਫ ਕਰਕੇ ਘੜੇ ਵਿਚੋਂ ਠੰਡਾ ਪਾਣੀ ਲੈ ਆਈ। ਪਿਆਸ ਨਾਲ ਵਿਆਕੁਲ ਹੋਏ ਬਾਦਸ਼ਾਹ ਦਾ ਹਿਰਦਾ ਮਾਈ ਨੂੰ ਅਸੀਸਾਂ ਦੇਣ ਲੱਗਾ। ਇਤਨੇ ਵਿਚ ਹੀ ਮਹਾਰਾਜੇ ਦੇ ਅਹਿਲਕਾਰ ਅਤੇ ਨੌਕਰ ਵੀ ਭਾਲ ਕਰਦੇ ਹੋਏ ਪਹੁੰਚ ਗਏ ਤੇ ਸਭ ਨੇ ਵਾਰੀ ਵਾਰੀ ਮਹਾਰਾਜੇ ਨੂੰ ਮੱਥਾ ਟੇਕਿਆ। ਇਹ ਦੇਖ ਕੇ ਮਾਈ ਜੀ ਨੇ ਇਕ ਨੌਕਰ ਨੂੰ ਪੁੱਛਿਆ "ਇਹ ਤੁਹਾਡਾ ਅਫਸਰ ਹੈ ਤੁਸੀਂ ਵਾਰੀ ਵਾਰੀ ਇਸ ਨੂੰ ਮੱਥਾ ਟੇਕਿਆ ਏ ?"

ਨੌਕਰ ਨੇ ਕਿਹਾ "ਮਾਤਾ ਜੀ ਇਹ ਮਹਾਰਾਜਾ ਹੈ।" ਮਾਈ ਨੇ ਸੁਣਿਆ ਹੋਇਆ ਸੀ ਕਿ ਰਾਜੇ ਮਹਾਰਾਜੇ ਪਾਰਸ ਹੁੰਦੇ ਹਨ। ਉਹ ਝੱਟ ਅੰਦਰ ਆਪਣੇ ਘਰ ਗਈ ਅਤੇ ਲੋਹੇ ਦੀ ਭਾਲ ਕਰਨ ਲੱਗੀ। ਜਦ ਉਸ ਨੂੰ ਹੋਰ ਕੁਝ ਨਾ ਮਿਲਿਆ ਤਾਂ ਆਪਣਾ ਰੋਟੀ ਪਕਾਉਣ ਵਾਲਾ ਤਵਾ ਲੋਹੇ ਦਾ ਚੁੱਕ ਲਿਆਈ। ਮਹਾਰਾਜੇ ਦੇ ਕਪੜਿਆਂ (ਪੁਸ਼ਾਕ) ਨਾਲ ਰਗੜ ਕੇ ਤਵਾ ਅੰਦਰ ਲੈ ਗਈ। ਮਹਾਰਾਜਾ ਬਹੁਤ

ਤੀਖਣ ਬੁੱਧੀ ਦਾ ਮਾਲਕ ਸੀ ਉਹ ਉਸੇ ਸਮੇਂ ਹੀ ਸਮਝ ਗਿਆ ਕਿ ਮਾਤਾ ਨੇ ਤਵਾ ਮੇਰੇ ਕਪੜਿਆ ਨਾਲ ਕਿਸ ਮਤਲਬ ਲਈ ਰਗੜਿਆ ਹੈ। ਮਾਤਾ ਨੇ ਤਵਾ ਦੇਖਿਆ ਤਾਂ ਉਹ ਤਾਂ ਲੋਹੇ ਤੋਂ ਸੋਨਾ ਨਾ ਬਣਿਆ ਉਹ ਮਨ ਵਿੱਚ ਸੋਚਣ ਲੱਗੀ ਕਿ ਇਹ ਮਹਾਰਾਜਾ ਨਹੀਂ ਹੈ। ਮਹਾਰਾਜੇ ਨੇ ਅਹਿਲਕਾਰ ਨੂੰ ਹੁਕਮ ਦਿੱਤਾ "ਕਿ ਮਾਤਾ ਜੀ ਨੂੰ ਬਲਾਉ।"

ਮਾਈ ਨੂੰ ਬੁਲਾਇਆ ਗਿਆ ਤਾਂ ਮਹਾਰਾਜੇ ਨੇ ਮਾਈ ਨੂੰ ਕਿਹਾ "ਮਾਤਾ ਜੀ, ਤੁਸੀਂ ਮੇਰੇ ਕਪੜਿਆਂ ਨਾਲ ਤਵਾ ਕਿਉਂ ਰਗੜਿਆ ਹੈ।"

ਮਾਈ ਨੇ ਜਵਾਬ ਦਿੱਤਾ "ਮਹਾਰਾਜਾ ਸਾਹਿਬ ਮੇਰੇ ਤੋਂ ਗਲਤੀ ਹੋ ਗਈ ਹੈ ਮੈਨੂੰ ਮਾਫ ਕਰ ਦਿਉ। ਮੈਂ ਤਾਂ ਸੁਣਿਆ ਸੀ ਕਿ ਰਾਜੇ ਮਹਾਰਾਜੇ ਪਾਰਸ ਹੁੰਦੇ ਹਨ। ਮੇਰੇ ਕੋਲ ਇਹ ਤਵਾ ਹੀ ਸੀ ਜੋ ਮੈਂ ਚਾਹੁੰਦੀ ਸੀ ਸੋਨੇ ਦਾ ਬਣ ਜਾਏ ਅਤੇ ਮੈਂ ਇਸ ਨੂੰ ਥੋੜ੍ਹਾ ਥੋੜ੍ਹਾ ਕਰਕੇ ਵੇਚ ਵੇਚ ਕੇ ਗੁਜ਼ਾਰਾ ਕਰਦੀ ਰਹਾਂਗੀ। ਮੇਰਾ ਬੁਢਾਪਾ ਕਟਣਾ ਅਸਾਨ ਹੋ ਜਾਏਗਾ। ਪਰ ਇਹ ਤਾਂ ਲੋਹੇ ਦਾ ਹੀ ਹੈ ਸੋਨੇ ਦਾ ਨਹੀਂ ਬਣਿਆ ਜਾਂ ਫਿਰ ਤੁਸੀਂ ਮਹਾਰਾਜੇ ਨਹੀਂ।"

"ਮਾਤਾ ਜੀ ਰਾਜਿਆਂ ਦੇ ਸਰੀਰ ਪਾਰਸ ਨਹੀਂ ਹੋਇਆ ਕਰਦੇ ਉਨ੍ਹਾਂ ਦੇ (ਬੋਲ) ਹੁਕਮ ਪਾਰਸ ਹੁੰਦੇ ਹਨ। ਹੁਣ ਅਸੀਂ ਆਪਣੇ ਬੋਲਾਂ ਨਾਲ ਤੁਹਾਨੂੰ ਮਾਇਆ (ਦੋਲਤ)" ਬਖਸ਼ਾਂਗੇ ਤਾਂ ਕਿ ਤੁਹਾਡਾ ਬੁਢਾਪਾ ਸੁਖ ਸ਼ਾਂਤੀ ਨਾਲ ਬੀਤ ਜਾਏ" ਮਹਾਰਾਜਾ ਨੇ ਉਸੀ ਸਮੇਂ ਪਿੰਡ ਦੇ ਨੰਬਰਦਾਰਾਂ ਨੂੰ ਬੁਲਾ ਕੇ ਹੁਕਮ ਕੀਤੇ "ਕਿ ਮਾਈ ਜੀ ਨੂੰ ਜਿਤਨੇ ਪੈਸਿਆਂ ਦੀ ਲੋੜ ਹੋਵੇ ਖਜ਼ਾਨੇ ਵਿਚੋਂ ਲਿਆ ਕੇ ਦੇ ਦਿਆ ਕਰੋ ਤਾਂ ਕਿ ਇਸ ਨੂੰ ਬੁਢਾਪੇ ਵਿਚ ਕੋਈ ਤਕਲੀਫ ਨਾ ਮਹਿਸੂਸ ਹੋਵੇ।

ਮੁਨਸ਼ੀ ਹਰਦਿੱਤ ਸਿੰਘ ਜੀ ਦੇ ਕੰਮ ਅਤੇ ਵਿਵਹਾਰ ਨਾਲ ਰਾਜਾ ਰਣਬੀਰ ਸਿੰਘ ਕਾਫੀ ਪ੍ਰਭਾਵਿਤ ਸਨ ਉਨ੍ਹਾਂ ਨੇ ਮੁਨਸ਼ੀ ਜੀ ਨੂੰ ਨੌਂਕਰੀ ਦੇਣ ਦਾ ਵਾਇਦਾ ਕਰ ਲਿਆ ਸੀ ਕਿਉਂਕਿ ਰਿਆਸਤ ਸੰਗਰੂਰ ਤੋਂ ਮੁਨਸ਼ੀ ਜੀ ਨੂੰ ਨੈਬ ਤਹਿਸੀਲਦਾਰ ਨੌਂਕਰੀ ਲਈ ਸੱਦਾ ਪੱਤਰ ਆਇਆ ਸੀ। ਇਹ ਰਾਜਾ ਰਣਬੀਰ ਸਿੰਘ ਤੋਂ ਨੌਂਕਰੀ ਦੀ ਉਡੀਕ ਵਿੱਚ ਰਹੇ। ਪਰ ਅਚਾਨਕ ਹੀ ਰਾਜਾ ਰਣਬੀਰ ਸਿੰਘ ਦੀ ਮੌਤ ਹੋ ਗਈ। ਜਿਸ ਕਰਕੇ ਉਨ੍ਹਾਂ ਦੇ ਬੋਲ ਉਨ੍ਹਾਂ ਦੀ ਰਾਖ ਨਾਲ ਹੀ ਮਿੱਟੀ ਹੋ ਗਏ। ਫਿਰ ਮੁਨਸ਼ੀ ਜੀ ਬਾਬਾ ਜੀ ਮਹਾਰਾਜ ਰੂੰਮੀ ਵਾਲਿਆ ਦੀ ਸ਼ਰਨ ਵਿਚ ਭੁਚੋ ਕਲ੍ਹਾਂ ਆ

ਗਏ। ਸੇਵਾ ਵਿਚ ਆ ਜਾਣ ਤੋਂ ਬਾਅਦ ਰਾਣੀ ਕਰਮਗੜ੍ਹ ਵਾਲੇ ਵੀ ਸੇਵਾ ਵਿਚ ਆਉਣ ਲੱਗ ਗਏ। ਫਿਰ ਵਜ਼ੀਰ ਸ਼ਮਸ਼ੇਰ ਸਿੰਘ ਜੀ ਬਾਬਾ ਜੀ ਦੇ ਫੁਰਮਾਉਣ ਨਾਲ ਦੇਹਰਾਦੂਨ ਤੋਂ ਪਟਿਆਲੇ ਆਉਣ ਜਾਣ ਲੱਗ ਪਏ।

ਵਜ਼ੀਰ ਸਾਹਿਬ ਨੇ ਇਕ ਦਿਨ ਮੇਰੇ ਤੋਂ (ਮੁਨਸ਼ੀ ਜੀ) ਪੁੱਛਿਆ ਕਿ "ਬਾਬਾ ਜੀ ਭੁਚੋਂ ਵਾਲਿਆਂ ਨਵਾਂ ਮੰਦਰ ਪੁਆਇਆ ਹੈ ਉਸ ਦੀ ਚੱਠ ਉਪਰ ਕਿੰਨਾ ਖਰਚ ਆਵੇਗਾ। ਮੈਂ ਸੁਣਿਆ ਹੈ ਕਿ ਬਾਬਾ ਜੀ ਮਹਾਰਾਜ ਚੱਠ ਕਰਕੇ ਹੀ ਮੰਦਰ ਵਿਚ ਆਉਣਗੇ।"

ਜਦ ਵੀ ਕੋਈ ਆਉਂਦਾ ਤਾਂ ਪੁੱਛਦਾ ਕਿ ਮੰਦਰ ਤਿਆਰ ਹੋਏ ਨੂੰ ਕਾਫੀ ਦੇਰ ਹੋ ਗਈ ਹੈ ਹਜ਼ੂਰ ਬਾਬਾ ਜੀ ਨਵੇਂ ਮੰਦਰ ਵਿੱਚ ਕਿਉਂ ਨਹੀਂ ਜਾਂਦੇ। ਬਾਬਾ ਜੀ ਵੀ ਫੁਰਮਾਉਂਦੇ ਸਨ ਕਿ ਭਾਈ ਚੱਠ ਕਰਕੇ ਹੀ ਜਾਵਾਂਗੇ। ਪਰ ਉਨ੍ਹਾਂ ਦੀਆਂ ਰਮਜਾਂ ਨੂੰ ਕੌਣ ਜਾਣ ਸਕਦਾ ਸੀ। ਮੰਦਰ ਦੇ ਤਿਆਰ ਹੋਣ ਤੋਂ ਕੁਝ ਸਮਾਂ ਪਹਿਲਾਂ ਹੀ ਬਾਬਾ ਜੀ ਨੇ ਟਿੱਲਾ ਸਾਹਿਬ ਵਾਲੀ ਕੋਠੀ ਦੇ ਉਸ ਪਾਸੇ ਵਾਲੇ ਦਰਵਾਜ਼ੇ ਵਿਚੋਂ ਵੀ ਬਾਹਰ ਆਉਣਾ ਬੰਦ ਕਰ ਦਿੱਤਾ ਸੀ ਜੋ ਮੰਦਰ ਵੱਲ ਨੂੰ ਖੁੱਲ੍ਹਦਾ ਸੀ। ਮੰਦਰ (ਗੱਦੀ ਸਾਹਿਬ) ਤਿਆਰ ਹੋਏ ਨੂੰ ਡੇਢ ਸਾਲ ਹੋ ਗਿਆ ਸੀ ਪਰ ਬਾਬਾ ਜੀ ਮੰਦਰ ਵਿਚ ਨਹੀਂ ਬਿਰਾਜੇ। ਇਕ ਦਿਨ ਤੁੰਗਵਾਲੀ ਪਿੰਡ ਦੇ ਭਾਈ ਗੁਲਾਬ ਸਿੰਘ ਨੇ ਬੇਨਤੀ ਕਰ ਦਿੱਤੀ ਕਿ "ਮਹਾਰਾਜ ! ਮੰਦਰ ਬਣੇ ਨੂੰ ਡੇਢ ਸਾਲ ਹੋ ਗਿਆ ਹੈ ਪਰ ਤੁਸੀਂ ਉਸ ਵਿੱਚ ਨਹੀਂ ਗਏ।"

ਹਜ਼ੂਰ ਬਾਬਾ ਜੀ ਨੇ ਇਕ ਅਸੱਤਿਸੰਗੀ ਰਾਜਾ ਦੇ ਖਾਲੀ ਦਾ ਖਾਲੀ ਰਹਿ ਜਾਣ ਦੀ ਅਤੇ ਸੱਤਸੰਗੀ ਵਜ਼ੀਰ ਨੂੰ ਸਵਰਗ ਵਿੱਚ ਮਕਾਨ ਮਿਲ ਜਾਣ ਵਾਲੀ ਸ਼ਾਖੀ ਸੁਣਾ ਕੇ ਐਸਾ ਫੁਰਮਾਇਆ "ਕਿ ਅਸੀਂ ਉਜਾੜ ਦੇ ਰਹਿਣ ਵਾਲਿਆਂ ਨੇ ਮੰਦਰ ਵਿਚ ਜਾ ਕੇ ਕੀ ਲੈਣਾ ਹੈ। ਸੁੱਖ ਪਾਉਣਾ ਹੈ। ਜਿਸ ਨੇ ਮੰਦਰ ਪੁਆਇਆ ਹੈ ਉਸ ਸਤਿਸੰਗੀ ਵਜ਼ੀਰ ਦਾ ਏਸੇ ਤਰ੍ਹਾਂ ਸਵਰਗ ਵਿੱਚ ਮੰਦਰ ਪੈ ਗਿਆ ਹੈ।"

ਬਾਬਾ ਜੀ ਦੇ ਇਸ ਤਰ੍ਹਾਂ ਫੁਰਮਾਣ ਨਾਲ ਮੁਨਸ਼ੀ ਜੀ ਨੂੰ ਬਹੁਤ ਖੁਸ਼ੀ ਹੋਈ ਕਿ ਹਜ਼ੂਰ ਮਾਲਕਾਂ ਰਾਘੋ ਮਾਜਰੇ ਵਾਲਿਆਂ ਨੇ ਇਹ ਸੇਵਾ ਕਰਵਾਈ ਸੀ।

**ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥** (ਅੰਗ ੨੬)

ਬਾਬਾ ਜੀ ਮਹਾਰਾਜ ਨੇ ਫੁਰਮਾਇਆ "ਇਹ ਤਕੜੀ ਸੇਵਾ ਭੀ ਕਿਸੀ ਐਸੇ

ਪਵਿਤ੍ਰ ਅਸਥਾਨ ਟਿੱਲੇ ਜਾਂ ਢਾਬ ਤਖਤੇਆਣਾ ਬਗੈਰਾ ਪਰ ਲਗਾਏਗੇਂ ਔਰ ਹਰਿਮੰਦਰ ਬਣਾਏਂਗੇ, ਜੋ ਲੋਕ ਪ੍ਰਲੋਕ ਮੇ ਅਤੀ ਸੁੱਖ ਦਾ ਕਾਰਨ ਹੋਵੇਗੀ।"

ਚੱਠ ਕੀ ਕਰਨੀ ਸੀ ਇਹ ਤਾਂ ਪੁੱਛਣ ਵਾਲਿਆਂ ਲਈ ਇਕ ਜਵਾਬ ਸੀ। ਅਸਲੀ ਗੱਲ ਤਾਂ ਯਾਨੀ ਮਰਹਿਮਤ ਤਾਂ ਸਵਰਗ ਵਿਚ ਮੰਦਰ ਪੈ ਜਾਣ ਵਾਲੀ ਸੀ।

ਹੁਣ ਮੁਨਸ਼ੀ ਜੀ ਨੂੰ ਚਿੰਤਾ ਹੋ ਗਈ ਕਿ ਹਜ਼ੂਰ ਬਾਬਾ ਜੀ ਟਿੱਲਾ ਸਾਹਿਬ, ਹਰਿਮੰਦਰ, ਤਲਾਬ ਤਖਤੇਆਣਾ ਦੀ ਸੇਵਾ ਰਾਘੋਮਾਜਰੇ ਵਾਲਿਆਂ ਨੂੰ ਲਾਉਣਗੇ ਤਾਂ ਸ੍ਰੀਮਾਨ ਵਜ਼ੀਰ ਸਾਹਿਬ ਨਰਾਜ਼ ਹੋ ਜਾਣਗੇ ਅਤੇ ਕਹਿਣਗੇ ਕਿ "ਮੁਨਸ਼ੀ ਜੀ ਤੁਸੀਂ ਝੂਠ ਬੋਲਿਆ ਹੈ ਕਿ ਬਾਬਾ ਜੀ ਚੱਠ ਕਰਕੇ ਮੰਦਰ ਵਿਚ ਜਾਣਗੇ। ਇਹ ਨਹੀਂ ਦੱਸਿਆ ਕਿ ਲੋਕ ਪ੍ਰਲੋਕ ਸੁਖੀ ਹੋ ਜਾਵੇਗਾ।"

**ਪਉੜੀ ॥ ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥**
**ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥** (ਅੰਗ ੩੧੪)

**ਅਸੀਸਾਂ**

**ਬਾਬਾ ਖੇਮ ਸਿੰਘ ਜੀ**

**ਪ੍ਰਕਾਸ਼ਕ**

**ਬਾਬਾ ਸੁਖਦੇਵ ਸਿੰਘ ਜੀ**

*ਮੌਜੂਦਾ ਮਹਾਂਪੁਰਸ਼*

ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾਂ, ਬਠਿੰਡਾ।
ਫੋਨ : 0164-2741811, 09216513139